Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa

Punjab Mail USA

REALTYONEGROUP
FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 765, 31 Aug. to 06 Sept., 2023, Ph: 916-320-9444, E-mail: punjabmailusa@yahoo.com, Web: punjabmailusa.com

## ਬਾਇਡਨ ਪ੍ਰਸ਼ਾਸਨ ਵੱਲੋਂ ਸੰਸਦ ਕੋਲੋਂ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ 'ਚ ਸੁਧਾਰ ਦੀ ਵਕਾਲਤ



- ਸਥਾਈ ਵੀਜ਼ਾ ਪ੍ਰੋਗਰਾਮ ਨੂੰ ਵੀ ਦੋ ਦਹਾਕਿਆਂ ਤੋਂ ਵੱਧ ਸਮੇਂ 'ਚ ਨਹੀਂ ਕੀਤਾ ਗਿਆ ਅਪਡੇਟ
- ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਹੀ ਬਾਇਡਨ ਨੇ ਪੇਸ਼ ਕੀਤਾ ਸੀ ਇਮੀਗ੍ਰੇਸ਼ਨ ਸੁਧਾਰ ਕਾਨੂੰਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਸੰਸਦ ਨੂੰ ਬਹੁਤ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਅਪਡੇਟ ਕਰਨ ਲਈ ਕਿਹਾ ਹੈ। ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵ੍ਹਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਆਪਣੀ ਰੋਜ਼ਾਨਾ ਨਿਊਜ਼ ਕਾਨਫਰੰਸ ਵਿਚ ਕਿਹਾ ਕਿ "ਜਿਵੇਂ ਕਿ ਅਸੀਂ ਪਹਿਲਾਂ ਵੀ ਕਈ ਵਾਰ ਕਿਹਾ ਹੈ, ਇਹ ਇੱਕ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਹੈ।" ਅਸੀਂ ਸੰਸਦ ਨੂੰ ਆਪਣੀ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਅਪਡੇਟ ਕਰਨ ਲਈ ਕਿਹਾ ਹੈ। ਅਸੀਂ ਇਸ ਬਾਰੇ ਬਹੁਤ ਸਪੱਸ਼ਟ ਹਾਂ। ਇਨ੍ਹਾਂ ਵਿਚ ਅਸਥਾਈ ਵੀਜ਼ਾ ਪ੍ਰੋਗਰਾਮ ਸ਼ਾਮਲ ਹੈ, ਜਿਸ ਨੂੰ ਦੋ ਦਹਾਕਿਆਂ ਤੋਂ ਵੱਧ ਸਮੇਂ ਵਿਚ ਅਪਡੇਟ ਨਹੀਂ ਕੀਤਾ ਗਿਆ ਹੈ।"

ਮੌਜੂਦਾ ਨਿਯਮਾਂ ਦੇ ਤਹਿਤ ਕੁਝ ਅਸਥਾਈ ਵੀਜ਼ਿਆਂ 'ਤੇ ਕੰਮ ਕਰਨ ਵਾਲੇ ਕਾਮਿਆਂ ਕੋਲ ਨਵਾਂ ਰੁਜ਼ਗਾਰ ਲੱਭਣ, ਵੱਖਰਾ ਵੀਜ਼ਾ ਵਰਗੀਕਰਣ ਅਪਣਾਉਣ ਜਾਂ ਅਮਰੀਕਾ ਛੱਡਣ ਦੀ ਤਿਆਰੀ ਕਰਨ ਲਈ ਆਮ ਤੌਰ 'ਤੇ 60 ਦਿਨ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਲਈ ਸੰਸਦ ਨੂੰ ਆਪਣਾ ਕੰਮ ਕਰਨ ਅਤੇ ਕਾਨੂੰਨ ਪਾਸ ਕਰਨ ਦੀ ਲੋੜ ਹੈ। ਉਸ ਨੂੰ ਸਾਡੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਅਪਡੇਟ ਕਰਨ ਦੀ ਲੋੜ ਹੈ, ਤਾਂ ਜੋ ਉਹ 21ਵੀਂ ਸਦੀ ਦੀ ਆਰਥਿਕਤਾ

■ ਬਾਕੀ ਖਬਰ ਸਫਾ 16 'ਤੇ

## ਕੈਲੇਫ਼ੋਰਨੀਆ ਸਟੇਟ ਅਸੈਂਬਲੀ ਵੱਲੋਂ ਜਾਤ ਵਿਤਕਰਾ ਵਿਰੋਧੀ ਬਿਲ ਪਾਸ



- ਬਿਲ 'ਚ ਜਾਤ ਸੰਬੰਧੀ ਵਿਤਕਰੇ ਨੂੰ ਦੂਰ ਕਰਨ ਅਤੇ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਦੀ ਰਾਖੀ ਕਰਨ ਦੀ ਕਹੀ ਹੈ ਗੱਲ

**ਵਾਸ਼ਿੰਗਟਨ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ 'ਚ 'ਕੈਲੇਫ਼ੋਰਨੀਆ ਸਟੇਟ ਅਸੈਂਬਲੀ' ਨੇ ਜਾਤ ਵਿਤਕਰਾ ਵਿਰੋਧੀ ਇਕ ਬਿਲ ਪਾਸ ਕੀਤਾ ਹੈ, ਜਿਸ 'ਚ ਜਾਤ ਸਬੰਧੀ ਵਿਤਕਰੇ ਨੂੰ ਦੂਰ ਕਰਨ ਅਤੇ ਸੂਬੇ 'ਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਦੀ ਰਾਖੀ ਕਰਨ ਦੀ ਗੱਲ ਕੀਤੀ ਗਈ ਹੈ। ਬਿਲ ਦੇ ਹੱਕ 'ਚ 50 ਅਤੇ ਵਿਰੋਧ 'ਚ 3 ਵੋਟਾਂ ਪਈਆਂ। ਅਸੈਂਬਲੀ 'ਚ ਸੋਮਵਾਰ ਨੂੰ ਇਹ ਬਿਲ ਪਾਸ ਕੀਤਾ ਗਿਆ, ਜਿਸ ਤੋਂ ਬਾਅਦ ਇਸ ਨੂੰ ਸੂਬੇ ਦੇ ਗਵਰਨਰ ਗੈਵਿਨ ਨਿਊਸਮ ਕੋਲ ਹਸਤਾਖ਼ਰ ਲਈ ਭੇਜਿਆ ਗਿਆ। ਗਵਰਨਰ ਦੇ ਹਸਤਾਖ਼ਰ ਤੋਂ ਬਾਅਦ ਇਹ ਬਿਲ ਕਾਨੂੰਨ ਬਣ ਜਾਵੇਗਾ ਅਤੇ ਇਸ ਦੇ ਨਾਲ ਕੈਲੇਫ਼ੋਰਨੀਆ ਅਮਰੀਕਾ ਪਹਿਲਾ ਅਜਿਹਾ ਸੂਬਾ ਬਣ ਜਾਵੇਗਾ, ਜਿਸ ਨੇ ਵਿਤਕਰੇ ਵਿਰੋਧੀ ਕਾਨੂੰਨਾਂ 'ਚ ਜਾਤ ਨੂੰ ਸੁਰੱਖਿਅਤ ਸ਼੍ਰੇਣੀ ਦੇ ਰੂਪ 'ਚ ਸ਼ਾਮਲ ਕੀਤਾ ਹੈ। ਇਸ ਬਿਲ ਦਾ ਮਕਸਦ ਜਾਤ ਸਬੰਧੀ ਵਿਤਕਰੇ ਨੂੰ ਦੂਰ ਕਰਨਾ ਅਤੇ ਸੂਬੇ 'ਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਦੀ ਰਾਖੀ ਕਰਨਾ ਹੈ। ਇਸ ਬਿਲ ਨੂੰ ਸੂਬੇ ਦੀ ਸੈਨੇਟਰ ਆਇਸ਼ਾ ਵਹਾਬ ਨੇ ਪੇਸ਼ ਕੀਤਾ ਸੀ ਅਤੇ ਇਸ ਨੂੰ ਦੇਸ਼ ਦੇ ਕਈ ਜਾਤ ਸਮਾਨਤਾ ਨਾਗਰਿਕ ਅਧਿਕਾਰ ਕਾਰਕੁਨਾਂ ਅਤੇ ਜਥੇਬੰਦੀਆਂ ਦੀ ਹਮਾਇਤ ਮਿਲੀ। ਵਹਾਬ ਨੇ ਇਹ ਬਿਲ ਪਾਸ ਕੀਤੇ ਜਾਣ 'ਤੇ ਅਸੈਂਬਲੀ ਦਾ ਧੰਨਵਾਦ ਕੀਤਾ। ਬਿਲ ਦੇ ਹੱਕ 'ਚ ਵੋਟ ਦੇਣ ਵਾਲੇ ਭਾਰਤੀ-ਅਮਰੀਕੀਆਂ 'ਚ ਵਿਧਾਇਕ

■ ਬਾਕੀ ਖਬਰ ਸਫਾ 16 'ਤੇ

## ਜੀ 20 ਸੰਮੇਲਨ 'ਚ ਹਿੱਸਾ ਲੈਣਗੇ 25 ਆਲਮੀ ਆਗੂ

- ਰੂਸੀ ਤੇ ਯੂਕਰੇਨੀ ਰਾਸ਼ਟਰਪਤੀ ਰਹਿਣਗੇ ਗ਼ੈਰਹਾਜ਼ਰ

**ਨਵੀਂ ਦਿੱਲੀ, (ਪੰਜਾਬ ਮੇਲ)-** ਇੱਥੇ ਅਗਲੇ ਮਹੀਨੇ ਹੋਣ ਵਾਲੇ ਜੀ 20 ਸੰਮੇਲਨ 'ਚ ਘੱਟੋ-ਘੱਟ 25 ਮੁਲਕਾਂ ਦੇ ਆਗੂ ਹਿੱਸਾ ਲੈਣਗੇ, ਜਦਕਿ ਰੂਸ ਅਤੇ ਯੂਕਰੇਨ ਦੇ ਰਾਸ਼ਟਰਪਤੀ ਸ਼ਾਮਲ ਨਹੀਂ ਹੋਣਗੇ। ਜੀ 20 ਮੈਂਬਰ ਮੁਲਕਾਂ ਵਿਚੋਂ 18 ਆਗੂ ਇਸ ਸਮਾਗਮ ਵਿਚ ਸ਼ਿਰਕਤ ਕਰਨਗੇ। ਇਸ ਸਮੂਹ 'ਚੋਂ ਗੈਰ-ਹਾਜ਼ਰ ਰਹਿਣ ਵਾਲੇ ਆਗੂਆਂ 'ਚ ਪੂਤਿਨ ਅਤੇ ਮੈਕਸੀਕੋ ਦੇ ਰਾਸ਼ਟਰਪਤੀ ਸ਼ਾਮਲ ਹਨ। ਸੂਤਰਾਂ ਮੁਤਾਬਕ ਹੁਣ ਤੱਕ ਸਾਊਦੀ ਅਰਬ, ਦੱਖਣੀ ਅਫ਼ਰੀਕਾ, ਤੁਰਕੀ, ਮੈਕਸੀਕੋ, ਜਪਾਨ, ਇਟਲੀ, ਜਰਮਨੀ, ਇੰਡੋਨੇਸ਼ੀਆ, ਬ੍ਰਾਜ਼ੀਲ ਅਤੇ ਅਰਜਨਟੀਨਾ ਵੱਲੋਂ ਹਾਜ਼ਰੀ ਸਬੰਧੀ ਪੁਸ਼ਟੀ ਨਹੀਂ ਕੀਤੀ ਗਈ ਹੈ। ਇਨ੍ਹਾਂ ਮੁਲਕਾਂ ਵਿਚ ਕਾਰਜਸ਼ੀਲ ਭਾਰਤੀ ਮਿਸ਼ਨਾਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੈਕਸੀਕੋ ਨੂੰ ਛੱਡਕੇ ਇਹ ਮੁਲਕ ਸੰਮੇਲਨ ਵਿਚ ਹਿੱਸਾ ਲੈਣਗੇ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀ ਆਪਣੇ ਦੌਰੇ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਸੂਤਰਾਂ ਮੁਤਾਬਕ ਆਰਥਿਕ ਮੰਦੀ ਕਾਰਨ ਚੀਨ ਇਸ ਸਮਾਗਮ ਵਿਚ ਸ਼ਿਰਕਤ ਕਰੇਗਾ। ਇਸ ਤੋਂ ਇਲਾਵਾ ਕੁੱਲ 9 ਅਬਜ਼ਰਬਰ ਮੁਲਕ ਸੰਮੇਲਨ ਵਿਚ ਸ਼ਿਰਕਤ ਕਰਨਗੇ, ਖਾਸ ਤੌਰ 'ਤੇ ਉਹ, ਜਿਨ੍ਹਾਂ ਨੂੰ ਭਾਰਤ ਵੱਲੋਂ ਸੱਦਾ ਦਿੱਤਾ ਗਿਆ ਹੈ। ਘੱਟੋ-ਘੱਟ ਦਸ ਕੌਮਾਂਤਰੀ ਸੰਸਥਾਵਾਂ ਦੇ ਮੁਖੀ ਵੀ ਇਸ ਸੰਮੇਲਨ ਵਿਚ ਹਿੱਸਾ ਲੈਣਗੇ, ਜਿਨ੍ਹਾਂ ਵਿਚ ਸੰਯੁਕਤ ਰਾਸ਼ਟਰ, ਡਬਲਯੂ.ਟੀ.ਓ., ਏਸ਼ੀਅਨ, ਵਿਸ਼ਵ ਬੈਂਕ, ਬਰਿਕਸ ਤੇ ਐੱਸ.ਸੀ.ਓ. ਸ਼ਾਮਲ ਹਨ।

## ਟਰੰਪ ਰਾਸ਼ਟਰਪਤੀ ਬਣੇ ਤਾਂ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਹੋਣਗੇ ਉਪ ਰਾਸ਼ਟਰਪਤੀ!



- ਰਾਮਾਸਵਾਮੀ ਵੱਲੋਂ ਚਰਚਾ 'ਚ ਉਠਾਏ ਮੁੱਦਿਆਂ ਨੂੰ ਲੋਕਾਂ ਨੇ ਸਭ ਤੋਂ ਵੱਧ ਪਸੰਦ ਕੀਤਾ
- ਟਰੰਪ ਵੀ ਕਈ ਵਾਰ ਕਰ ਚੁੱਕੇ ਨੇ ਤਾਰੀਫ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਰਿਪਬਲਿਕਨ ਪਾਰਟੀ 'ਚ ਹੋਈ ਬਹਿਸ ਦੌਰਾਨ ਸਾਰਿਆਂ ਦੀ ਜ਼ੁਬਾਨ 'ਤੇ ਇਕ ਹੀ ਨਾਂ ਸੀ ਵਿਵੇਕ ਰਾਮਾਸਵਾਮੀ। ਹੁਣ ਡੋਨਾਲਡ ਟਰੰਪ ਦੇ ਸਮਰਥਕ ਵੀ ਉਸ ਦੀ ਤਾਰੀਫ਼ ਕਰ ਰਹੇ ਹਨ। ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਦੇ ਬਾਰੇ 'ਚ ਜ਼ਿਆਦਾਤਰ ਰਿਪਬਲਿਕਨਾਂ ਦਾ ਮੰਨਣਾ ਹੈ ਕਿ ਟਰੰਪ ਦੀ ਗੈਰ-ਮੌਜੂਦਗੀ 'ਚ ਵਿਵੇਕ ਰਾਮਾਸਵਾਮੀ ਤੋਂ ਬਿਹਤਰ ਕੰਮ ਕੋਈ ਹੋਰ ਨਹੀਂ ਕਰ ਸਕਦਾ ਅਤੇ ਉਹ ਬਾਕੀ ਉਮੀਦਵਾਰਾਂ ਨਾਲੋਂ ਵੱਖਰਾ ਅਤੇ ਵਧੀਆ ਉਮੀਦਵਾਰ ਹੈ। ਉਹ ਪਹਿਲਾਂ ਹੀ ਬਹਿਸਾਂ ਦੌਰਾਨ ਆਪਣੇ ਵਿਰੋਧੀਆਂ ਨੂੰ ਪਛਾੜ ਚੁੱਕਾ ਹੈ। ਇੱਥੋਂ ਤੱਕ ਕਿ ਫਲੋਰਿਡਾ ਦੇ ਗਵਰਨਰ ਰੌਨ ਡੀਸੈਂਟਿਸ ਵਰਗੇ ਰਾਜਨੀਤਿਕ ਆਗੂ ਵੀ ਵਿਵੇਕ ਰਾਮਾਸਵਾਮੀ ਦੇ ਮੁਕਾਬਲੇ ਵਿਚ ਫਿੱਕੇ ਪੈ ਗਏ ਹਨ। ਖ਼ੁਦ ਡੋਨਾਲਡ ਟਰੰਪ ਵੀ ਕਈ ਵਾਰ ਉਨ੍ਹਾਂ ਦੀ ਤਾਰੀਫ ਕਰ ਚੁੱਕੇ ਹਨ।

ਹੁਣ ਟਰੰਪ ਦੇ ਸਮਰਥਕ ਵੀ ਰਾਮਾਸਵਾਮੀ ਨੂੰ ਟਰੰਪ ਦੇ ਚੱਲ ਰਹੇ ਸਾਥੀ ਲਈ ਸਹੀ ਫਿੱਟ ਮੰਨ ਰਹੇ ਹਨ। ਜਿਵੇਂ ਕਿ ਰਿਪਬਲਿਕਨ ਪਾਰਟੀ ਦੀ 2024 ਦੇ ਰਾਸ਼ਟਰਪਤੀ ਨਾਮਜ਼ਦਗੀ ਦੀ ਦੌੜ ਸ਼ੁਰੂ ਹੋ ਰਹੀ ਹੈ, ਰਾਸ਼ਟਰਪਤੀ-ਟੀਮ ਦੇ ਪਾਰਟੀ ਮੈਂਬਰਾਂ ਦਾ ਮੰਨਣਾ ਹੈ ਕਿ ਕਾਰੋਬਾਰੀ ਵਿਵੇਕ ਰਾਮਾਸਵਾਮੀ

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ 'ਚ ਭਿਆਨਕ ਸੜਕ ਹਾਦਸੇ ਦੌਰਾਨ ਪੰਜਾਬੀ ਵਿਅਕਤੀ ਦੀ ਮੌਤ

**ਵਾਸ਼ਿੰਗਟਨ, (ਪੰਜਾਬ ਮੇਲ)-** ਇਥੇ 2 ਟਰਾਲਿਆਂ ਵਿਚਕਾਰ ਵਾਪਰੇ ਭਿਆਨਕ ਹਾਦਸੇ 'ਚ 42 ਸਾਲਾ ਬਲਵਿੰਦਰ ਸਿੰਘ ਦੀ ਦਰਦਨਾਕ ਮੌਤ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਉਸ ਦਾ ਪਿਛਲਾ ਪਿੰਡ ਸਵਾਜਪੁਰ ਸੀ ਅਤੇ ਉਹ ਕੈਲੀਫੋਰਨੀਆ ਵਿਖੇ ਰਹਿ ਰਿਹਾ ਸੀ।

ਇਥੇ ਜ਼ਿਕਰਯੋਗ ਹੈ ਕਿ ਉਸ ਦੀ ਪਤਨੀ, 15 ਸਾਲਾ ਪੁੱਤਰ ਅਤੇ 13 ਸਾਲਾ ਪੁੱਤਰੀ ਵੀ ਉਸੇ ਵਕਤ ਦਿੱਲੀ ਤੋਂ ਕੈਲੀਫੋਰਨੀਆ ਬਲਵਿੰਦਰ ਸਿੰਘ ਪਾਸ ਆ ਰਹੇ ਸਨ। ਇਹ ਪਰਿਵਾਰ 7 ਸਾਲਾਂ ਬਾਅਦ ਇਕੱਠਾ ਹੋਣਾ ਸੀ। ਬਲਵਿੰਦਰ ਸਿੰਘ ਦੇ ਪਿਤਾ ਜੰਗ ਸਿੰਘ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੂੰ ਜਹਾਜ਼ ਚੜ੍ਹਨ ਤੱਕ ਵੀ ਬਲਵਿੰਦਰ ਸਿੰਘ ਦੇ ਜਹਾਨੋਂ ਤੁਰ ਜਾਣ ਬਾਰੇ ਕੋਈ ਖ਼ਬਰ ਨਹੀਂ ਸੀ।



ਵਾਪਰੇ ਹਾਦਸੇ ਦਾ ਦ੍ਰਿਸ਼ (ਇਨਸੈੱਟ) ਬਲਵਿੰਦਰ ਸਿੰਘ ਦੀ ਪੁਰਾਣੀ ਤਸਵੀਰ।

## ਪੰਜਾਬ ਸਰਕਾਰ ਨਾਲ ਖਿੱਚੋਤਾਣ ਦਰਮਿਆਨ ਰਾਜਪਾਲ ਦੇ ਸੁਰ ਅਚਾਨਕ ਪਏ ਨਰਮ!




- ਆਖਰੀ ਸਮੇਂ ਰਾਜਪਾਲ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸੂਬੇ 'ਚ ਰਾਸ਼ਟਰਪਤੀ ਰਾਜ ਲਾਉਣ ਦੀ ਸਿਫ਼ਾਰਸ਼ ਕਰਨ ਬਾਰੇ ਦੇ ਦਿੱਤੀ ਸੀ ਚਿਤਾਵਨੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨਾਲ ਖਿੱਚੋਤਾਣ ਦਰਮਿਆਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਸੁਰ ਹੁਣ ਅਚਾਨਕ ਨਰਮ ਪੈ ਗਏ ਜਾਪਦੇ ਹਨ। ਆਖ਼ਰੀ ਸਮੇਂ ਰਾਜਪਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਸੂਬੇ 'ਚ ਰਾਸ਼ਟਰਪਤੀ ਰਾਜ ਲਾਉਣ ਦੀ ਸਿਫ਼ਾਰਸ਼ ਕਰਨ ਬਾਰੇ ਚਿਤਾਵਨੀ ਦੇ ਦਿੱਤੀ ਸੀ। ਦੂਸਰੇ ਦਿਨ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਨੂੰ ਮੋੜਵਾਂ ਜਵਾਬ ਦੇ ਦਿੱਤਾ ਸੀ। ਅਹਿਮ ਸੂਤਰ ਦੱਸਦੇ ਹਨ ਕਿ ਅੰਦਰੋਂ-ਅੰਦਰੀਂ ਕੇਂਦਰ ਸਰਕਾਰ ਨੇ ਦਖ਼ਲ ਦਿੱਤਾ ਹੈ, ਜਿਸ ਮਗਰੋਂ ਰਾਜਪਾਲ ਥੋੜ੍ਹੇ ਨਰਮ ਰੌਂਅ 'ਚ ਆ ਗਏ ਹਨ।

ਸੂਤਰਾਂ ਅਨੁਸਾਰ ਭਾਰਤ ਸਰਕਾਰ ਸਤੰਬਰ ਦੇ ਪਹਿਲੇ ਹਫ਼ਤੇ ਜੀ-20 ਸੰਮੇਲਨ ਮੌਕੇ ਪੁੱਜਣ ਵਾਲੀਆਂ ਕੌਮਾਂਤਰੀ ਹਸਤੀਆਂ ਦੇ ਮੱਦੇਨਜ਼ਰ ਗੈਰ ਭਾਜਪਾਈ ਸ਼ਾਸਨ ਵਾਲੇ ਸੂਬਿਆਂ ਨਾਲ ਇਨ੍ਹਾਂ ਦਿਨਾਂ 'ਚ ਕੋਈ ਟਕਰਾਅ ਨਹੀਂ ਚਾਹੁੰਦੀ। ਅਹਿਮ ਸੂਤਰ ਅੰਦਾਜ਼ੇ ਲਗਾ ਰਹੇ ਹਨ ਕਿ ਰਾਜਪਾਲ ਨੂੰ ਕੇਂਦਰ ਤਰਫ਼ੋਂ ਕੋਈ ਨਾ ਕੋਈ ਹਦਾਇਤ ਜ਼ਰੂਰ ਮਿਲੀ ਹੋਵੇਗੀ, ਜਿਸ ਕਰਕੇ ਰਾਜਪਾਲ ਚੰਡੀਗੜ੍ਹ 'ਚ ਪੰਜਾਬ ਦੀ ਤਾਰੀਫ਼ ਕਰਦੇ ਨਜ਼ਰ ਆਏ। ਰਾਜਪਾਲ ਨੇ ਚੰਡੀਗੜ੍ਹ 'ਚ ਪੰਜਾਬ ਦੇ ਯੋਗਦਾਨ ਦੀ ਸ਼ਲਾਘਾ ਕਰਨ ਦੇ ਨਾਲ-ਨਾਲ ਖੇਡਾਂ 'ਚ ਵੀ ਪੰਜਾਬ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਇੱਥੇ ਖੇਡ ਦਿਵਸ ਮੌਕੇ ਆਪਣੇ ਭਾਸ਼ਣ ਵਿਚ ਕਿਹਾ ਕਿ ਪੰਜਾਬ ਦਾ ਕੋਈ ਮੁਕਾਬਲਾ ਨਹੀਂ ਅਤੇ ਹਰ ਦ੍ਰਿਸ਼ਟੀ ਤੋਂ ਪੰਜਾਬ ਦੇਸ਼ 'ਚੋਂ ਨੰਬਰ 'ਵਨ' ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਦੇ ਆਖ਼ਰੀ ਪੱਤਰ ਦਾ ਜਵਾਬ ਦੇਣ ਲਈ ਕੀਤੀ ਪ੍ਰੈੱਸ ਕਾਨਫ਼ਰੰਸ 'ਚ ਕਈ ਹੱਲੇ ਬੋਲੇ ਸਨ।

ਰਾਜਪਾਲ ਜੋ ਆਮ ਤੌਰ 'ਤੇ ਮੁੱਖ ਮੰਤਰੀ ਨੂੰ ਜਵਾਬ ਦੇਣ ਤੋਂ ਖੁੰਝਦੇ ਨਹੀਂ ਸਨ, ਹੁਣ ਉਹ ਥੋੜ੍ਹੇ ਬਦਲੇ-ਬਦਲੇ ਨਜ਼ਰ ਆ ਰਹੇ ਹਨ। ਚੇਤੇ ਰਹੇ ਕਿ ਜਦੋਂ ਰਾਜਪਾਲ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ 'ਤੇ ਗਏ ਸਨ, ਤਾਂ ਉਨ੍ਹਾਂ ਨਾਲ ਮੁੱਖ ਮੰਤਰੀ ਵੀ ਇੱਕ ਦਫ਼ਾ ਇੱਕੋ ਹੈਲੀਕਾਪਟਰ 'ਚ ਗਏ ਸਨ। ਉਸ ਮਗਰੋਂ ਕਦੇ ਵੀ ਰਾਜਪਾਲ ਤੇ ਪੰਜਾਬ ਸਰਕਾਰ ਦਰਮਿਆਨ ਸਬੰਧ ਬਹੁਤੇ ਸੁਖਾਵੇਂ ਨਹੀਂ ਰਹੇ ਹਨ। ਤਲਖ਼ੀ ਇੱਥੋਂ ਤੱਕ ਵਧ ਗਈ ਕਿ ਰਾਜਪਾਲ ਨੇ ਰਾਸ਼ਟਰਪਤੀ ਰਾਜ ਦੀ ਸਿਫ਼ਾਰਸ਼ ਕਰਨ ਦੀ ਚਿਤਾਵਨੀ ਦੇ ਦਿੱਤੀ ਸੀ।

APCA
AMERICAN PETROLEUM AND CONVENIENCE
STORE ASSOCIATION





DEAL REACHED ON SB 553
APCA Thanks Members for Their Advocacy

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ

# SB-553 ਬਿੱਲ ਦੇ ਅਸੈਂਬਲੀ ’ਚ ਪੇਸ਼ ਹੋਣ ਤੋਂ ਪਹਿਲਾਂ ਕਰਵਾਈ ਗਈ ਸੋਧ


## APCA ਨੇ ਮੈਂਬਰਾਂ ਵੱਲੋਂ ਦਿਖਾਈ ਗਈ ਏਕਤਾ ਲਈ ਕੀਤਾ ਧੰਨਵਾਦ




APCA leaderships meeting with Governor’s office.




APCA leadership meeting with Chris Holden, Chair Appropriations Committee.




APCA leadership meeting with Senator Dave Cortese.

ਸਟੋਰਾਂ ਵਾਲਿਆਂ ਨਾਲ ਸੰਬੰਧਤ SB-553 ਬਿੱਲ ਵਿਚ ਜੋ ਤਰੁੱਟੀਆਂ ਸੀ, ਉਸ ਵਿਚ APCA ਵੱਲੋਂ ਸੋਧ ਕਰਵਾ ਲਈ ਗਈ ਹੈ। APCA ਦੀ ਲੀਡਰਸ਼ਿਪ ਨੇ ਵਿਉਂਤ ਦੁਆਰਾ ਸਟੋਰ ਮਾਲਕਾਂ ਦੀ ਚਿੰਤਾ ਨੂੰ ਖਤਮ ਕਰ ਦਿੱਤਾ ਹੈ।

ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਬਿੱਲ ਵਿਚ ਦੁਕਾਨਦਾਰੀ ਦੇ ਸੰਬੰਧ ਵਿਚ ਕੋਈ ਖਾਸ ਭਾਸ਼ਾ ਸ਼ਾਮਲ ਨਹੀਂ ਹੋਣੀ ਚਾਹੀਦੀ, ਜਿਸ ਨਾਲ ਚੋਰਾਂ ਅਤੇ ਲੁਟੇਰਿਆਂ ਨੂੰ ਉਤਸ਼ਾਹਤ ਮਿਲ ਸਕੇ।

APCA ਨੇ ਸੈਨੇਟਰ ਕੋਰਟੀਜ਼ ਅਤੇ ਹੋਰ ਲੀਡਰਾਂ ਨੂੰ ਦੱਸਦਿਆਂ ਕਿਹਾ ਕਿ Cal-OSHA ਪਹਿਲਾਂ ਹੀ ਇੱਕ ਜਨਰਲ ਇੰਡਸਟਰੀ ਵਰਕਪਲੇਸ ਵਾਇਲੈਂਸ ਰੈਗੂਲੇਸ਼ਨ ’ਤੇ ਕੰਮ ਕਰ ਰਿਹਾ ਹੈ। ਪ੍ਰਸਤਾਵਿਤ ਬਿੱਲ ਨਾਲ ਸਟੋਰ ਮਾਲਕਾਂ ’ਤੇ ਵਾਧੂ ਦਾ ਭਾਰ ਪੈ ਸਕਦਾ ਸੀ।

ਅਸੀਂ ਆਗੂਆਂ ਨੂੰ ਸਮਝਾਇਆ ਕਿ ਇਸ ਬਿੱਲ ਵਿਚ ਅਜਿਹੀ ਕੋਈ ਭਾਸ਼ਾ ਸ਼ਾਮਲ ਨਹੀਂ ਹੋਣੀ ਚਾਹੀਦੀ, ਜੋ Cal-OSHA ਦੁਆਰਾ ਆਮ ਨਿਯਮਾਂ ਵਿਚ ਕਵਰ ਕੀਤੀ ਜਾਵੇਗੀ।

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨੀਅੰਸ ਸਟੋਰ ਐਸੋਸੀਏਸ਼ਨ ਨੂੰ ਇਹ ਚਿੰਤਾ ਸੀ ਕਿ ਇਸ ਬਿੱਲ ਦੀ ਭਾਸ਼ਾ ਅਪਰਾਧੀਆਂ ਨੂੰ ਸਟੋਰਾਂ ਵਿਚ ਲੁੱਟ-ਖੋਹ ਅਤੇ ਚੋਰੀ ਕਰਨ ਦੀ ਖੁੱਲ੍ਹ ਦੇ ਸਕਦੀ ਸੀ। ਰਿਟੇਲਰਾਂ ਨੂੰ ਹਰ ਰੋਜ਼ ਚੋਰੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੌਜੂਦਾ ਸੋਧ ਬਿੱਲ ਵਿਚ ਸਟੋਰ ਮਾਲਕਾਂ ਦੇ ਨੁਕਸਾਨ ਦੀ ਰੋਕਥਾਮ ਦਾ ਕੋਈ ਜ਼ਿਕਰ ਨਹੀਂ ਸੀ। ਪ੍ਰਚੂਨ ਵਿਕਰੇਤਾਵਾਂ ਨੂੰ ਆਪਣੀ, ਕਾਰੋਬਾਰਾਂ ਅਤੇ ਕਰਮਚਾਰੀਆਂ ਦੀ ਰੱਖਿਆ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਕੈਲੀਫੋਰਨੀਆ ਦੇ ਗਵਰਨਰ ਦਫ਼ਤਰ ਵਿਚ ਸੈਨੇਟਰ ਕੋਰਟੀਜ਼ ਅਤੇ ਐਪਰੋਪ੍ਰੀਏਸ਼ਨ ਕਮੇਟੀ ਦੇ ਚੇਅਰਪਰਸਨ ਕ੍ਰਿਸ ਹੋਲਡਨ ਨਾਲ ਹੋਈ ਮੀਟਿੰਗ ਤੋਂ ਬਾਅਦ APCA ਨੇ SB-553 ਬਿੱਲ ’ਚ ਬਦਲਾਅ ਕਰਨ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਬਿੱਲ ਦੀ ਭਾਸ਼ਾ ਬਦਲ ਦਿੱਤੀ ਗਈ ਹੈ, ਜੋ Cal-OSHA ਅਨੁਸਾਰ ਹੈ। APCA ਪਹਿਲਾਂ ਹੀ Cal-OSHA ਦੇ ਹੱਕ ਵਿਚ ਸੀ।

ਬੋਰਡ ਦੇ ਚੇਅਰਮੈਨ ਬੌਬ ਔਜਲਾ ਨੇ ਕਿਹਾ ਕਿ ਇਹ ਏ.ਪੀ.ਸੀ.ਏ. ਦੇ ਮੈਂਬਰਾਂ ਦੀ ਜਿੱਤ ਹੈ। ਇਹ ਸੋਧਾਂ ਬਿਲਕੁਲ ਉਹੀ ਹਨ, ਜਿਸਦੀ ਅਸੀਂ ਪਹਿਲੇ ਦਿਨ ਤੋਂ ਵਕਾਲਤ ਕਰ ਰਹੇ ਹਾਂ।”

APCA ਸੈਨੇਟਰ ਕੋਰਟੀਜ਼, ਵਿਧਾਇਕਾਂ, ਭਾਈਵਾਲਾਂ, ਵਪਾਰਕ ਸਮੂਹਾਂ ਅਤੇ ਆਪਣੇ ਚੈਪਟਰ ਦੇ ਆਗੂਆਂ ਨਾਲ ਲਗਾਤਾਰ ਜੱਦੋ-ਜਹਿਦ ਕਰ ਰਿਹਾ ਸੀ। ਔਜਲਾ ਨੇ ਕਿਹਾ, “ਵਿਧਾਨਕ ਪ੍ਰਕਿਰਿਆ ਲਈ ਮਜ਼ਬੂਤ ਲੀਡਰਸ਼ਿਪ, ਪੇਸ਼ੇਵਰ ਪਹੁੰਚ ਯਤਨਾਂ, ਰਣਨੀਤਕ ਵਕਾਲਤ ਅਤੇ ਯੋਜਨਾਬੰਦੀ, ਗੱਠਜੋੜ ਅਤੇ ਹੋਰ ਬਹੁਤ ਕੁਝ ਦੀ ਲੋੜ ਹੁੰਦੀ ਹੈ।”

ਇਸ ਦੌਰਾਨ ਅਸੈਂਬਲੀ ਮੈਂਬਰ ਜਸਮੀਤ ਬੈਂਸ ਨੇ ਕਿਹਾ, “ਵਿਧਾਨਕ ਪ੍ਰਕਿਰਿਆ ਬਣਾਉਣ ਤੋਂ ਪਹਿਲਾਂ ਅਤੇ ਨਵਾਂ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਵੱਖ-ਵੱਖ ਦ੍ਰਿਸ਼ਟੀਕੋਣਾਂ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੈਂਬਲੀ ਲਈ ਚੁਣੀ ਗਈ ਪਹਿਲੀ ਸਿੱਖ ਹੋਣ ਦੇ ਨਾਤੇ, ਮੈਂ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹਾਂ ਕਿ ਸਾਡੀਆਂ ਆਵਾਜ਼ਾਂ ਅਤੇ ਤਰਜੀਹਾਂ ਨੂੰ ਸੁਣਿਆ ਜਾਵੇ। ਸੈਨੇਟਰ ਕੋਰਟੀਜ਼ ਅਤੇ ਏ.ਪੀ.ਸੀ.ਏ. ਦੇ ਆਗੂਆਂ ਦੀ ਧੰਨਵਾਦੀ ਹਾਂ, ਜੋ ਇਨ੍ਹਾਂ ਸੋਧਾਂ ਨੂੰ ਲਾਗੂ ਕਰਨ ਲਈ ਇਕੱਠੇ ਹੋਏ ਹਨ। ਇਹ ਸਾਡੇ ਰਾਜ ਅਤੇ ਸਾਡੇ ਦੇਸ਼ ਵਿਚ ਸੱਤਾ ਦੇ ਹਾਲਾਂ ਵਿਚ ਨਵੀਂ ਅਤੇ ਵਿਭਿੰਨ ਆਵਾਜ਼ਾਂ ਨੂੰ ਚੁਣਨ ਦੇ ਪ੍ਰਭਾਵ ਦਾ ਪ੍ਰਮਾਣ ਹੈ।”

ਅਸੀਂ ਜਾਣਦੇ ਹਾਂ ਕਿ ਰਾਜ ਭਰ ਵਿਚ ਵਿਰੋਧ ਪ੍ਰਦਰਸ਼ਨ ਅਤੇ ਹੋਰ ਕੋਸ਼ਿਸ਼ਾਂ ਹੋ ਰਹੀਆਂ ਹਨ। ਅਸੀਂ ਤੁਹਾਨੂੰ ਸਾਰਿਆਂ ਨੂੰ APCA ਦਾ ਹਿੱਸਾ ਬਣਨ ਲਈ ਸੱਦਾ ਦਿੰਦੇ ਹਾਂ। ਅਸੀਂ ਇਕੱਠੇ ਮਜ਼ਬੂਤ ਹਾਂ ਅਤੇ ਏਕਤਾ ਸਾਡੀ ਤਾਕਤ ਹੈ। ਅਸੀਂ APCA ਦੇ ਮੈਂਬਰਾਂ ਨੂੰ ਸੂਚਿਤ ਕਰਦੇ ਹਾਂ ਕਿ ਜੋ ਉਹ ਚਾਹੁੰਦੇ ਸਨ, ਉਹ ਟੀਚਾ ਪੂਰਾ ਹੋ ਗਿਆ ਹੈ ਤੇ ਉਹ ਹੁਣ ਇਸ ਬਿੱਲ ਦਾ ਵਿਰੋਧ ਨਹੀਂ ਕਰਨਗੇ। ਅਸੀਂ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇਸ ਬਿੱਲ ਨੂੰ ਸਾਡੇ ਧਿਆਨ ਵਿਚ ਲਿਆਂਦਾ।

ਜ਼ਿਕਰਯੋਗ ਹੈ ਕਿ ਅਸੈਂਬਲੀ ਮੈਂਬਰ ਜਸਮੀਤ ਬੈਂਸ ਨੇ ਇਸ ਬਿੱਲ ਨੂੰ ਦਰੁੱਸਤ ਕਰਾਉਣ ਲਈ APCA ਨਾਲ ਮਿਲ ਕੇ ਕੰਮ ਕੀਤਾ। APCA ਵੱਲੋਂ ਬੌਬੀ ਸਿੰਘ ਐਲਨ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ ਹੈ। ਇਸ ਦੇ ਨਾਲ ਹੀ APCA ਦੇ ਡਾਇਰੈਕਟ ਕੇਵਲ ਕ੍ਰਿਸ਼ਨ ਵੱਲੋਂ ਸਲਾਹੁਣਯੋਗ ਭੂਮਿਕਾ ਨਿਭਾਈ ਗਈ ਹੈ। APCA ਦੇ ਸਮੂਹ ਮੈਂਬਰਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਹ ਪੂਰੀ ਟੀਮ ਦੀ ਕੋਸ਼ਿਸ਼ ਸੀ, ਜਿਸ ਕਰਕੇ ਇਹ ਜਿੱਤ ਹਾਸਲ ਹੋਈ ਹੈ।

**APCA ਰਾਜ ਭਰ ਵਿਚ ਲਗਭਗ 2,000 ਮੈਂਬਰਾਂ ਦੀ ਨੁਮਾਇੰਦਗੀ ਕਰਦਾ ਹੈ, ਜਿਸ ਵਿਚ ਅਨੇਕ ਸੁਤੰਤਰ ਮਾਲਕੀ ਵਾਲੇ ਗੈਸ ਸਟੇਸ਼ਨ, ਕੰਨਵੀਨੀਅੰਸ ਸਟੋਰ ਅਤੇ ਲੀਕਰ ਸਟੋਰ ਸ਼ਾਮਲ ਹਨ। ਇਨ੍ਹਾਂ ਦੇ ਬਹੁਤੇ ਮੈਂਬਰ ਘੱਟ-ਗਿਣਤੀ ਦੀ ਮਲਕੀਅਤ ਵਾਲੇ ਕਾਰੋਬਾਰ ਹਨ, ਜੋ ਸਥਾਨਕ ਅਰਥਚਾਰਿਆਂ ਨੂੰ ਉੱਚਾ ਚੁੱਕਣ ’ਚ ਮਦਦ ਕਰਨ ਲਈ ਨੌਕਰੀਆਂ ਅਤੇ ਮਜ਼ਬੂਤ ਟੈਕਸ ਅਧਾਰ ਪ੍ਰਦਾਨ ਕਰਦੇ ਹਨ।**

Copyright @ Punjab Mail USA

**APCA Leadership :** Bob Aujla, Sanjiv Patel, Tom Saberi, Jag Kapoor, Joe Johal, Sukhi Sandhu, Andy Chhikara, Khushvinder Singh, Paul Hayer, Rocky Malhi, Money Samra, Bobbie Singh-Allen, Kewal Krishan and many more.


KAISER PERMANENTE
ELK GROVE
MULTI CULTURAL
festival
ਐਲਕ ਗਰੋਵ
ਮਲਟੀ
ਕਲਚਰਲ
ਮੇਲਾ
ਦਾਖਲਾ ਮੁਫਤ
Saturday, September 9
10am-5pm
District56
8230 Civic Center Drive, Elk Grove, CA, 95757
Travel the globe without leaving
Elk Grove at the 11th annual
Elk Grove Multicultural Festival
MUSIC • DANCE • FOOD • ART • ACTIVITIES • AND MORE!
elkgrovecity.org/mcf
ELK GROVE
COSUMNES
Elk Grove DIVERSITY & INCLUSION COMMISSION
EXPLORE ELK GROVE
abc10 WE STAND FOR YOU.
KISS 107.9 '90s & 2000s
V101.1

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਕਾਮਯਾਬੀ ਨਾਲ ਹੋਈ ਸੰਪੰਨ







**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਤੰਦੂਰੀ ਗਰਿੱਲ ਐਂਡ ਸਵਿਟ ਸ਼ਾਪ, ਸੈਕਰਾਮੈਂਟੋ ਵਿਖੇ ਹੋਈ, ਜਿਸ ਦੌਰਾਨ ਭਾਰੀ ਗਿਣਤੀ ਵਿਚ ਸਾਹਿਤਕਾਰਾਂ ਨੇ ਹਿੱਸਾ ਲਿਆ। ਪੂਰਾ ਹਾਲ ਖਚਾਖਚ ਭਰਿਆ ਹੋਇਆ ਸੀ। ਇਸ ਦੌਰਾਨ ਸਮਾਗਮ ਦੀ ਸ਼ੁਰੂਆਤ ਵਿਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀਆਂ ਦੇ ਕੇ ਕੀਤੀ ਗਈ, ਜਿਨ੍ਹਾਂ ਵਿਚ ਦੇਸਰਾਜ ਕਾਲੀ ਅਤੇ ਜਗਸੀਰ ਵਯੋਗੀ ਸ਼ਾਮਲ ਸਨ। ਇਸ ਦੇ ਨਾਲ ਹੀ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ ਬਲਿਹਾਰ ਲਹਿਲ ਦੀ ਮਾਤਾ ਦੇ ਅਕਾਲ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ।





ਇਸ ਮੀਟਿੰਗ ਦੌਰਾਨ ਸਾਹਿਤ ਸਭਾ ਦੀ ਸਾਲਾਨਾ ਕਾਨਫਰੰਸ ਬਾਰੇ ਸਮੂਹ ਮੈਂਬਰਾਂ ਤੋਂ ਵਿਚਾਰ ਲਏ ਗਏ। ਬਹੁਤੇ ਮੈਂਬਰਾਂ ਦਾ ਵਿਚਾਰ ਸੀ ਕਿ ਕਾਨਫਰੰਸ ਮਾਰਚ 2024 ਵਿਚ ਹੋਣੀ ਚਾਹੀਦੀ ਹੈ। ਇਸ ਬਾਰੇ ਪ੍ਰਬੰਧਕੀ ਕਮੇਟੀ ਜਲਦ ਹੀ ਫੈਸਲਾ ਲੈ ਕੇ ਤਰੀਕ ਦਾ ਐਲਾਨ ਕਰੇਗੀ। ਕਵੀ ਸੰਮੇਲਨ ਵਿਚ ਜਿਨ੍ਹਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਉਨ੍ਹਾਂ ਵਿਚ ਦਿਲ ਨਿੱਜਰ ਪ੍ਰਧਾਨ, ਗੁਰਜਤਿੰਦਰ ਸਿੰਘ ਰੰਧਾਵਾ, ਜੋਤੀ ਸਿੰਘ, ਰਾਠੇਸ਼ਵਰ ਸਿੰਘ ਸੂਰਾਪੁਰੀ, ਜੀਵਨ ਰੱਤੂ, ਮੇਜਰ ਭੁਪਿੰਦਰ ਦਲੇਰ, ਮਨਜੀਤ ਕੌਰ ਸੇਖੋਂ, ਮੱਖਣ ਲੁਹਾਰ, ਫਕੀਰ ਸਿੰਘ ਮੱਲੀ, ਭਾਗ ਸਿੰਘ ਸਿੱਧੂ, ਅਜੈਬ ਚੀਮਾ, ਗੁਰਦੀਪ ਕੌਰ, ਰਮਨਜੀਤ ਕੌਰ, ਹਰਜਿੰਦਰ ਮੱਟੂ, ਹਰਜੀਤ ਸਿੰਘ, ਬਲਜੀਤ ਸੋਹੀ, ਗੁਰਮੀਤ ਬਾਸੀ, ਮਨਜੀਤ ਸਿੰਘ ਰੱਲ੍ਹ, ਤਰਲੋਕ ਸਿੰਘ, ਬਿੱਕਰ ਸਿੰਘ ਮਾਨ, ਜਸਪਿੰਦਰ ਪਾਲ ਸਿੰਘ ਵਿਰਕ, ਮਕਸੂਦ ਤੇ ਹਰਨੇਕ ਸਿੰਘ ਸ਼ਾਮਲ ਸਨ।

ਮੰਚ ਸੰਚਾਲਨ ਪੰਜਾਬੀ ਸਭਾ ਦੇ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਦੌਰਾਨ ਪਾਕਿਸਤਾਨ ਤੋਂ ਵਾਪਸ ਆਏ ਸਭਾ ਦੇ ਮੈਂਬਰ ਮਕਸੂਦ ਸਾਹਿਬ ਉਥੋਂ ਦੇ ਗੁਰਦੁਆਰਾ ਸਾਹਿਬ ਤੋਂ ਸਾਹਿਤ ਸਭਾ ਲਈ ਵਿਸ਼ੇਸ਼ ਸਿਰੋਪਾਓ ਲੈ ਕੇ ਆਏ, ਜੋ ਕਿ ਉਨ੍ਹਾਂ ਨੇ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਭੇਂਟ ਕੀਤਾ, ਜਿਸ ਦੇ ਲਈ ਸਮੂਹ ਮੈਂਬਰਾਂ ਨੇ ਪਾਕਿਸਤਾਨ ਗੁਰਦੁਆਰਾ ਸਾਹਿਬ ਕਮੇਟੀ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬਰਿੰਦਰ ਸਿੰਘ ਸੰਧੂ, ਜਗਰੂਪ ਸਿੰਘ ਮਾਂਗਟ, ਬਲਜੀਤ ਸੋਹੀ, ਸੁਖਚੈਨ ਸਿੰਘ, ਅਮਨਪ੍ਰੀਤ ਸਿੰਘ ਸਿੱਧੂ, ਮਨਪ੍ਰੀਤ ਸਿੰਘ, ਪ੍ਰੀਤਮ ਕੌਰ ਭਾਟੀਆ ਵੀ ਹਾਜ਼ਰ ਸਨ।

Copyright @ Punjab Mail USA

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਦੇ ਸਹਿਯੋਗ ਨਾਲ



## SHAHEED BABA DEEP SINGH SPORTS ACADEMY SACRAMENTO PRESENTS

# INTERNATIONAL KABADDI CUP 2023



## Sunday, October Ist, 2023

**Sikh Temple, 7676 Bradshaw Road, Sacramento, 95829**

# ਇੰਟਰਨੈਸ਼ਨਲ ਕਬੱਡੀ ਕੱਪ 2023

## 1 ਅਕਤੂਬਰ 2023, ਦਿਨ ਐਤਵਾਰ ਨੂੰ

ਜਿਸ ਵਿਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ

ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾਂ ਹੈ।



ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀਆਂ ਗਰਾਊਂਡਾਂ ਵਿਚ

ਸ਼ਰਤਾਂ ਤੇ ਨਿਯਮ: ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

ਸਕਿਓਰਿਟੀ ਅਤੇ ਪੁਲਿਸ ਦਾ ਖਾਸ ਪ੍ਰਬੰਧ ਹੈ।

ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ





Designed By Punjab Mail USA

**Contact for More Info:**

| Pargat Sandhu | Randhir Nijjar | Happy Bariana |
|---|---|---|
| 209-810-5667 | 916-416-9527 | 916-240-4110 |



GAKHAL GROUP
UNITED SPORTS CLUB CALIFORNIA, AMERICA
DEDICATED TO
Late. Nashib Singh Gakhal
Late. Major Singh Bains
Late. Puran Singh
16TH WORLD KABADDI CUP 17 SEPTEIMBER 2023, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Amolak Singh Gakhal
Chief Patron, United Sports Club
Sponsor of 1st Prize
Sponsor of 2nd Prize
Sponsor of 3rd Prize
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Diamond Sponsor
Diamond Sponsor
Asian Food Center, Canada
Diamond Sponsor
Jaswant Dass Gill, Canada
Diamond Sponsor
Kashmir Singh Dhoot
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAHEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
Surinder Singh Atwal
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
ਵਿਸ਼ੇਸ਼ ਸਨਮਾਨ
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Palwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanna Coach Advisor
ਵਿਸ਼ੇਸ਼ ਸਨਮਾਨ
GUEST OF HONOUR
Our Diamond Sponsors
All Kabaddi Lovers are openly Invited
PTC PUNJABI
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America/Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabddi will apply, United Sports Club has reserve the right for last decisions.

# ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਹੋਣ ਵਾਲੇ ਸਮਾਗਮਾਂ ਸਬੰਧੀ ਸਬ ਕਮੇਟੀ ਦੀ ਹੋਈ ਇਕੱਤਰਤਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਸਬ-ਕਮੇਟੀ ਦੀ ਇਕੱਤਰਤਾ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਸ. ਸ਼ੇਰ ਸਿੰਘ ਮੰਡਵਾਲਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਮੈਂਬਰ ਸ. ਕੇਵਲ ਸਿੰਘ ਬਾਦਲ, ਸ. ਹਰਵਿੰਦਰ ਸਿੰਘ ਖਾਲਸਾ, ਓ.ਐੱਸ.ਡੀ. ਸ. ਸਤਬੀਰ ਸਿੰਘ ਧਾਮੀ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ



ਸਿੰਘ ਕਾਹਲਵਾਂ ਸ਼ਾਮਲ ਹੋਏ। ਇਕੱਤਰਤਾ 'ਚ 21 ਫ਼ਰਵਰੀ 2024 ਨੂੰ ਜੈਤੋ ਦੇ ਮੋਰਚੇ ਦੀ ਮਨਾਈ ਜਾ ਰਹੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸਮਾਗਮਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 21 ਫ਼ਰਵਰੀ 2024 ਨੂੰ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਦਾ ਮੁੱਖ ਸਮਾਗਮ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੈਤੋ ਵਿਖੇ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੈਤੋ ਵਿਖੇ 12 ਸਤੰਬਰ 2023 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਹੋਵੇਗੀ।

## ਪੰਜਾਬ ਸਰਕਾਰ ਸੂਬੇ 'ਚ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਕੱਸਣ ਲੱਗੀ ਸ਼ਿਕੰਜਾ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਖਣਨ ਵਿਭਾਗ ਨੇ ਨਾਜਾਇਜ਼ ਖਣਨ ਕਰਨ ਵਾਲਿਆਂ ਖਿਲਾਫ਼ ਸ਼ਿਕੰਜਾ ਕੱਸਦਿਆਂ ਦੋ ਦਿਨਾਂ 'ਚ ਤਿੰਨ ਕੇਸ ਦਰਜ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਖਣਨ ਅਤੇ ਭੂ-ਵਿਗਿਆਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਵਿਭਾਗ ਨੇ ਗੈਰ-ਕਾਨੂੰਨੀ ਮਾਈਨਿੰਗ ਖਿਲਾਫ਼ ਸਖਤ ਨੀਤੀ ਅਪਣਾਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਧਨਾਨਸੂ ਲੁਧਿਆਣਾ ਵਿਖੇ ਕੀਤੀ ਛਾਪੇਮਾਰੀ ਦੌਰਾਨ ਨਾਜਾਇਜ਼ ਮਾਈਨਿੰਗ ਗਤੀਵਿਧੀਆਂ ਬਾਰੇ ਪਤਾ ਲੱਗਾ।

## ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਤੋਂ ਧਾਰਾ 302 ਹਟਾਉਣਾ ਮੰਦਭਾਗਾ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਦਿੱਲੀ 'ਚ 1984 ਸਿੱਖ ਕਤਲੇਆਮ



ਦੇ ਦੋਸ਼ੀ ਕਾਂਗਰਸ ਆਗੂ ਸੱਜਣ ਕੁਮਾਰ ਵਿਰੁੱਧ ਜਨਕਪੁਰੀ ਤੇ ਵਿਕਾਸਪੁਰੀ ਮਾਮਲੇ ਵਿਚ ਚੱਲ ਰਹੇ ਕੇਸ 'ਚੋਂ 302 ਧਾਰਾ ਹਟਾਉਣੀ ਮੰਦਭਾਗੀ ਹੈ। ਪਿਛਲੇ 38 ਸਾਲਾਂ ਤੋਂ ਇਨਸਾਫ਼ ਦੀ ਮੰਗ ਕਰ ਰਹੇ ਪੀੜਤਾਂ ਨੂੰ ਇਸ ਨਾਲ ਮਾਨਸਿਕ ਸੱਟ ਵੱਜੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਾਰੀ ਇੱਕ ਬਿਆਨ ਵਿਚ ਕੀਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਮਨੁੱਖੀ ਇਤਿਹਾਸ ਵਿਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ 4 ਦਹਾਕਿਆਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਪੀੜਤਾਂ ਨੂੰ ਨਿਆਂ ਨਹੀਂ ਦਿੱਤਾ ਜਾ ਰਿਹਾ।

ਉਨ੍ਹਾਂ ਕਿਹਾ ਕਿ ਕਾਂਗਰਸ ਆਗੂ ਸੱਜਣ ਕੁਮਾਰ ਸਾਫ਼ ਤੌਰ 'ਤੇ ਦਿੱਲੀ ਸਿੱਖ ਕਤੇਲਆਮ ਦਾ ਦੋਸ਼ੀ ਹੈ, ਜੋ ਪਹਿਲਾਂ ਹੀ ਇੱਕ ਕੇਸ ਵਿਚ ਕੈਦ ਕੱਟ ਰਿਹਾ ਹੈ। ਭਾਵੇਂ ਕਿ ਜਨਕਪੁਰੀ ਤੇ ਵਿਕਾਸਪੁਰੀ ਮਾਮਲੇ ਵਿਚ ਕਈ ਧਾਰਾਵਾਂ ਤਹਿਤ ਅਦਾਲਤ ਵੱਲੋਂ ਦੋਸ਼ ਆਇਦ ਕਰਨਾ ਸਵਾਗਤਯੋਗ ਹੈ ਪਰ ਧਾਰਾ 302 ਹਟਾਉਣੀ ਠੀਕ ਨਹੀਂ ਹੈ, ਕਿਉਂਕਿ ਇਹ ਮਾਮਲਾ ਸਿੱਖਾਂ ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਹਰ ਕੇਸ ਵਿਚ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਜੋ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਵਿਸ਼ੇਸ਼ ਜਾਂਚ ਟੀਮ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਦੋਸ਼ੀ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਯਤਨ ਕਰੇ ਅਤੇ ਜਨਕਪੁਰੀ ਤੇ ਵਿਕਾਸਪੁਰੀ ਕੇਸ ਦੇ ਮਾਮਲੇ 'ਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਹਟਾਈ ਗਈ ਧਾਰਾ 302 ਨੂੰ ਮੁੜ ਸ਼ਾਮਲ ਕਰਵਾਉਣ ਲਈ ਕਾਰਵਾਈ ਕਰੇ।

### ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦਾ ਅਕਾਲ ਚਲਾਣਾ ਦੁਖਦਾਈ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਜਿਥੇ ਵੱਖ-ਵੱਖ ਗੁਰਦੁਆਰਾ ਸਾਹਿਬਾਨ 'ਚ ਕਥਾਵਾਚਕ ਦੀਆਂ ਸੇਵਾਵਾਂ ਨਿਭਾਈਆਂ, ਉਥੇ ਲੰਬਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਬਾਣੀ ਬਾਣੇ ਨਾਲ ਜੋੜਿਆ ਅਤੇ ਗੁਰੂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਗਿਆਨੀ ਜਗਤਾਰ ਸਿੰਘ ਸਿਧਾਂਤਕ ਪੁਰਸ਼ ਸਨ, ਜਿਨ੍ਹਾਂ ਨੇ ਸਿੱਖੀ ਦੀਆਂ ਕਦਰਾਂ-ਕੀਮਤਾਂ ਨੂੰ ਦੁਨੀਆਂ ਵਿਚ ਫੈਲਾਉਣ ਲਈ ਹਮੇਸ਼ਾਂ ਸੰਜੀਦਾ ਪਹੁੰਚ ਅਪਨਾਈ।

## ਸੁਖਬੀਰ ਬਾਦਲ ਵੱਲੋਂ ਐਲਾਨ: ਸ਼੍ਰੋਮਣੀ ਅਕਾਲੀ ਦਲ ਹਰਿਆਣਾ ਗੁਰਦੁਆਰਾ ਚੋਣਾਂ ਲੜੇਗਾ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੇਗਾ ਤੇ ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਆਧੁਨਿਕ ਮਹੰਤਾਂ ਦੇ ਕਬਜ਼ੇ 'ਚੋਂ ਛੁਡਵਾਉਣ। ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਾਰਟੀ ਆਪਣੇ ਚੋਣ ਨਿਸ਼ਾਨ 'ਤੇ ਇਹ ਚੋਣਾਂ ਲੜੇਗੀ।



ਉਨ੍ਹਾਂ ਕਿਹਾ ਕਿ ਸਾਡਾ ਸਾਰਾ ਧਿਆਨ ਹਰਿਆਣਾ 'ਚ ਸਿੱਖਾਂ ਨੂੰ ਆਪਣੀ ਗੁਰਦੁਆਰਾ ਕਮੇਟੀ ਦੇਣ ਦਾ ਅਧਿਕਾਰ ਦੇਣਾ ਹੈ ਤੇ ਮੌਜੂਦਾ ਕਮੇਟੀ ਨੂੰ ਮੌਜੂਦਾ ਪ੍ਰਬੰਧਕਾਂ ਤੋਂ ਮੁਕਤ ਕਰਵਾਉਣਾ ਹੈ, ਜੋ ਸਾਰੇ ਸਿਧਾਂਤਾਂ ਤੇ ਨਿਯਮਾਂ ਦੇ ਖਿਲਾਫ਼ ਅਧਿਕਾਰਤ ਮੀਟਿੰਗਾਂ ਵਿਚ ਗਾਲ੍ਹ ਮੰਦੇ 'ਤੇ ਉਤਰ ਆਉਂਦੇ ਹਨ। ਉਨ੍ਹਾਂ ਨੇ ਹਰਿਆਣਾ ਵਿਚ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਆਪਣੀਆਂ ਵੋਟਾਂ ਬਣਵਾਉਣ ਤਾਂ ਜੋ ਸੂਬੇ ਵਿਚ ਆਉਂਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਪੰਥ ਦਾ ਮਾਣ-ਸਤਿਕਾਰ ਬਹਾਲ ਕੀਤਾ ਜਾ ਸਕੇ।

## ਡੀ.ਜੀ.ਪੀ. ਪੰਜਾਬ ਵੱਲੋਂ ਫੀਲਡ ਅਫਸਰਾਂ ਨੂੰ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਲਈ ਵੱਡੇ ਪੱਧਰ 'ਤੇ ਕਾਰਵਾਈ ਕਰਨ ਦੇ ਹੁਕਮ

**ਚੰਡੀਗੜ੍ਹ, (ਪੰਜਾਬ ਮੇਲ)-** ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਸਾਰੇ ਫੀਲਡ ਅਫ਼ਸਰਾਂ ਨੂੰ ਨਸ਼ੇ ਦੀ ਸਪਲਾਈ ਨੂੰ ਤੋੜਨ ਲਈ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬੇ ਵਿਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ ਪੱਖੀ ਰਣਨੀਤੀ, ਪੁਲਿਸ ਇੰਨਫੋਰਸਮੈਂਟ, ਨਸ਼ਾ ਛੁਡਾਊ ਅਤੇ ਪੁਨਰਵਾਸ ਨੂੰ ਲਾਗੂ ਕੀਤਾ ਜਾਵੇਗਾ।

ਨਸ਼ਿਆਂ ਵਿਰੁੱਧ ਅਤਿ-ਆਧੁਨਿਕ ਰਣਨੀਤੀ ਤਿਆਰ ਕਰਨ ਲਈ ਡੀ.ਜੀ.ਪੀ. ਸੂਬੇ ਦੇ



ਸਾਰੇ ਅੱਠ ਰੇਂਜ ਆਈ.ਜੀਜ਼/ਡੀ.ਆਈ.ਜੀਜ਼, 28 ਸੀ.ਪੀਜ਼/ਐੱਸ.ਐੱਸ.ਪੀਜ਼, 117 ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀ.ਐੱਸ.ਪੀਜ਼) ਅਤੇ 410 ਤੋਂ ਵੱਧ ਸਟੇਸ਼ਨ ਹਾਊਸ ਅਫ਼ਸਰਾਂ (ਐੱਸ.ਐੱਚ.ਓਜ਼) ਨਾਲ ਵੀਡੀਓ ਕਾਨਫਰੰਸ ਰਾਹੀਂ ਸੂਬਾ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।



# ਹੜ੍ਹ ਪੀੜਤਾਂ ਲਈ ਸੇਵਾ ਕਾਰਜ ਨਿਭਾ ਰਹੇ ਡਾ. ਓਬਰਾਏ ਨੇ ਚੁੱਕੀ ਪੀਣ ਵਾਲੇ ਪਾਣੀ ਦੀ ਸੇਵਾ




ਪਿੰਡ ਦੁਬਲੀ ਦੇ ਗੁਰਦੁਆਰਾ ਸਾਹਿਬ ਵਿਖੇ ਤੋੜੇ ਭਰ ਰਹੀ ਸੰਗਤ ਨੂੰ ਪਾਣੀ ਦੀਆਂ ਪੇਟੀਆਂ ਦਿੰਦੇ ਹੋਏ ਖਜ਼ਾਨਚੀ ਡਾਕਟਰ ਇੰਦਰਪ੍ਰੀਤ ਸਿੰਘ ਧਾਮੀ ਅਤੇ ਪ੍ਰਿੰਸੀਪਲ ਜਗਮੋਹਨ ਸਿੰਘ ਭੱਲਾ। (ਸੱਜੇ) ਘੜੁੰਮ ਵਿਖੇ ਪਾਣੀ ਦੀਆਂ ਪੇਟੀਆਂ ਦਿੰਦੇ ਹੋਏ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਅਤੇ ਹੋਰ।

■ **ਪ੍ਰਭਾਵਿਤ ਲੋਕਾਂ ਲਈ ਭੇਜਿਆ ਵੱਡੀ ਮਾਤਰਾ 'ਚ ਪੀਣ ਵਾਲਾ ਪਾਣੀ**



ਡਾ. ਐੱਸ.ਪੀ. ਸਿੰਘ ਓਬਰਾਏ।

ਹਰੀਕੇ-ਤਰਨਤਾਰਨ, (ਪੰਜਾਬ ਮੇਲ)- ਹਰ ਔਖੀ ਘੜੀ ਵੇਲੇ ਲੋੜਵੰਦਾਂ ਲਈ ਸਭ ਤੋਂ ਮੋਹਰੀ ਹੋ ਕੇ ਨਿਸ਼ਕਾਮ ਸੇਵਾ ਕਾਰਜ ਨਿਭਾਉਣ ਵਾਲੇ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲੋੜੀਂਦੇ ਸਮਾਨ ਦੇ ਨਾਲ-ਨਾਲ ਹੁਣ ਪੀਣ ਵਾਲੇ ਪਾਣੀ ਦੀ ਸੇਵਾ ਵੀ ਵੱਡੇ ਪੱਧਰ 'ਤੇ ਨਿਭਾਈ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਅੰਦਰ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ 12 ਹਜ਼ਾਰ ਪਾਣੀ ਦੀਆਂ ਬੋਤਲਾਂ ਸੇਵਾ ਲਈ ਭੇਜੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਘੜੁੰਮ ਵਿਖੇ ਟੁੱਟੇ ਬੰਨ੍ਹ ਨੂੰ ਬੰਨਣ ਦਾ ਕਾਰਜ ਚੱਲ ਰਿਹਾ ਹੈ, ਜਿੱਥੇ ਵੱਡੀ ਗਿਣਤੀ ਵਿਚ ਸੰਗਤ ਸੇਵਾ ਲਈ ਪਹੁੰਚ ਰਹੀ ਹੈ, ਸੋ ਭਾਰੀ ਸੰਗਤ ਦੇ ਚਲਦਿਆਂ ਪੀਣ ਵਾਲਾ ਸਾਫ਼ ਪਾਣੀ ਨਾ ਮਿਲਣ ਦੀਆਂ ਮੁਸ਼ਕਿਲਾਂ ਸਬੰਧੀ ਖ਼ਬਰਾਂ ਆ ਰਹੀਆਂ ਸਨ, ਸੋ ਇਸ ਸੇਵਾ ਦੀ ਪੂਰਤੀ ਲਈ ਭਾਰੀ ਗਿਣਤੀ ਵਿਚ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਭੇਜੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਤਰਨਤਾਰਨ ਜ਼ਿਲ੍ਹੇ ਵਿਚ ਹੜ੍ਹ ਆਉਣ ਦੇ ਪਹਿਲੇ ਦਿਨ ਤੋਂ ਟਰੱਸਟ ਵੱਲੋਂ ਲਗਾਤਾਰ ਰਾਹਤ ਸੇਵਾਵਾਂ ਨਿਭਾਈਆ ਜਾ ਰਹੀਆਂ ਹਨ। ਅਸੀਂ ਜਿਵੇਂ ਜ਼ਮੀਨੀ ਪੱਧਰ 'ਤੇ ਲੋੜਾਂ ਮਹਿਸੂਸ ਕਰ ਰਹੇ ਹਾਂ, ਉਸੇ ਅਨੁਸਾਰ ਸੇਵਾਵਾਂ ਨਿਭਾ ਰਹੇ ਹਾਂ। ਟਰੱਸਟ ਵੱਲੋਂ ਪਸ਼ੂਆਂ ਲਈ ਮੱਕੀ ਦਾ ਆਚਾਰ, ਪਸ਼ੂਆਂ ਦੀਆਂ ਦਵਾਈਆਂ ਅਤੇ ਹੋਰ ਰਾਹਤ ਸਮੱਗਰੀ ਹੜ੍ਹ ਪੀੜਤਾਂ ਦੀ ਸਹਾਇਤਾ ਵਿਚ ਭੇਜੀ ਗਈ ਹੈ। ਉਨ੍ਹਾਂ ਦੱਸਿਆ ਕਿ ਅਗਾਂਹ ਵੀ ਜਿਸ ਤਰ੍ਹਾਂ ਦੀ ਮੰਗ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਆਵੇਗੀ ਟਰੱਸਟ ਉਸ ਮੰਗ ਨੂੰ ਪੂਰਾ ਕਰਨ ਵਿਚ ਆਪਣਾ ਪੂਰਾ ਯੋਗਦਾਨ ਪਾਵੇਗਾ।

ਇਸ ਸਬੰਧੀ ਗੱਲਬਾਤ ਕਰਦਿਆਂ ਟਰੱਸਟ ਦੀ ਤਰਨਤਾਰਨ ਇਕਾਈ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਅਤੇ ਖਜ਼ਾਨਚੀ ਡਾਕਟਰ ਇੰਦਰਪ੍ਰੀਤ ਸਿੰਘ ਧਾਮੀ ਨੇ ਦੱਸਿਆ ਕਿ ਸਾਡੇ ਵੇਖਣ ਵਿਚ ਆਇਆ ਸੀ ਕਿ ਜਿੱਥੇ-ਜਿੱਥੇ ਸੰਗਤ ਵੱਲੋਂ ਬੰਨ੍ਹ ਨੂੰ ਬੰਨਣ ਲਈ ਮਿੱਟੀ ਦੇ ਤੋੜੇ ਭਰੇ ਜਾ ਰਹੇ ਹਨ, ਓਥੇ ਪੀਣ ਵਾਲੇ ਸਾਫ ਪਾਣੀ ਦੀ ਭਾਰੀ ਕਮੀ ਸੀ। ਜਿਸ ਉਪਰੰਤ ਸਾਡੇ ਵੱਲੋਂ ਡਾਕਟਰ ਓਬਰਾਏ ਕੋਲੋਂ ਪੀਣ ਵਾਲੇ ਪਾਣੀ ਦੀ ਮੰਗ ਕੀਤੀ ਸੀ। ਉਨ੍ਹਾਂ ਵੱਲੋਂ ਫ਼ਿਰਾਖਦਿਲੀ ਵਿਖਾਉਂਦਿਆ ਇੱਕ ਲੀਟਰ ਵਾਲੀਆਂ 12 ਹਜ਼ਾਰ ਬੋਤਲਾਂ ਹੜ੍ਹ ਪ੍ਰਭਾਵਿਤਾਂ ਲਈ ਭੇਜਿਆ ਹਨ, ਜੋ ਅੱਜ ਘੜੁੰਮ ਬੰਨ ਉੱਪਰ, ਹਰੀਕੇ ਜਾਣਾ ਮੰਡੀ, ਸਭਰਾ ਦਾਣਾ ਮੰਡੀ, ਪਿੰਡ ਦੁਬਲੀ ਵਿਖੇ ਪਾਣੀ ਪੁੱਜਦਾ ਕਰਵਾਇਆ ਗਿਆ ਹੈ। ਸਾਨੂੰ ਡਾਕਟਰ ਓਬਰਾਏ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਭਵਿੱਖ ਵਿਚ ਵੀ ਜੇ ਕੋਈ ਲੋੜ ਪੈਂਦੀ ਹੈ, ਤਾਂ ਟਰੱਸਟ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਰੱਤਾ ਗੁੱਦਾ ਨੇ ਡਾਕਟਰ ਓਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਤੋਂ ਹਰੀਕੇ ਹੈੱਡ ਤੋਂ ਪਾਣੀ ਛੱਡਣ ਕਾਰਨ ਸਾਡੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਪ੍ਰਭਾਵਿਤ ਹੋਏ ਹਨ, ਪਹਿਲੇ ਦਿਨ ਤੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਨਿਰੰਤਰ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਡਾ. ਓਬਰਾਏ ਦੇ ਇਸ ਵਿਲੱਖਣ ਸੇਵਾ ਕਾਰਜ ਲਈ ਅਸੀਂ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਜੇ ਭਵਿੱਖ ਵਿਚ ਲੋੜ ਪੈਣ 'ਤੇ ਸਾਡੀ ਇਮਦਾਦ ਕਰਨਗੇ। ਇਸ ਮੌਕੇ ਵਾਈਸ ਪ੍ਰਧਾਨ ਵਿਸ਼ਾਲ ਸੂਦ, ਸਤਨਾਮ ਸਿੰਘ, ਭੋਲਾ ਅਰੋੜਾ, ਪ੍ਰਿੰਸੀਪਲ ਜਗਮੋਹਨ ਸਿੰਘ ਭੱਲਾ ਕਿਰਪਾਲ ਸਿੰਘ ਰੰਧਾਵਾ, ਮਾਸਟਰ ਗੁਰਵਿੰਦਰ ਸਿੰਘ ਬਰਵਾਲਾ, ਗੁਰਵਿੰਦਰ ਸਿੰਘ ਕਾਲੇਕੇ, ਜਰਮਨਜੀਤ ਸਿੰਘ ਪਨਗੋਟਾ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਬਟਾਲਾ 'ਚ ਡਾਇਲਿਸਿਸ ਸੈਂਟਰ ਸਥਾਪਿਤ

■ **ਡਾ. ਐੱਸ.ਪੀ. ਸਿੰਘ ਓਬਰਾਏ, ਡਾ. ਰਾਜ ਬਹਾਦਰ, ਜਸਟਿਸ ਬੇਦੀ ਨੇ ਸਾਂਝੇ ਤੌਰ 'ਤੇ ਕੀਤਾ ਉਦਘਾਟਨ**

■ **ਪੰਜਾਬ ਅੰਦਰ ਲੱਗਭਗ ਹਰੇਕ 25 ਕਿਲੋਮੀਟਰ ਮਗਰ ਡਾਇਲਿਸਿਸ ਦੀ ਸਹੂਲਤ ਦੇ ਰਹੇ ਹਾਂ : ਡਾ. ਐੱਸ.ਪੀ. ਓਬਰਾਏ**

■ **ਡਾ.ਓਬਰਾਏ ਵੱਲੋਂ ਕੀਤੇ ਜਾ ਰਹੇ ਮਿਸਾਲੀ ਸੇਵਾ ਕਾਰਜ ਸ਼ਲਾਘਾਯੋਗ : ਡਾ. ਰਾਜ ਬਹਾਦਰ, ਜਸਟਿਸ ਬੇਦੀ**



ਸਰਬੱਤ ਦਾ ਭਲਾ ਟਰੱਸਟ ਵੱਲੋਂ ਖੋਲ੍ਹੇ ਗਏ ਡਾਇਲਿਸਿਸ ਸੈਂਟਰ ਦਾ ਉਦਘਾਟਨ ਕਰਨ ਮੌਕੇ ਡਾ. ਐੱਸ.ਪੀ. ਸਿੰਘ ਓਬਰਾਏ, ਡਾ. ਰਾਜ ਬਹਾਦਰ, ਸੇਵਾਮੁਕਤ ਜਸਟਿਸ ਐੱਮ.ਐੱਮ.ਐੱਸ. ਬੇਦੀ ਨਾਲ ਡਾ. ਸਤਨਾਮ ਸਿੰਘ ਨਿੱਜਰ ਤੇ ਹੋਰ।

ਬਟਾਲਾ, (ਪੰਜਾਬ ਮੇਲ)- ਪੂਰੀ ਦੁਨੀਆਂ ਅੰਦਰ ਰੱਬ ਦੇ ਫ਼ਰਿਸ਼ਤੇ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ.ਐੱਸ.ਪੀ. ਸਿੰਘ ਓਬਰਾਏ ਵੱਲੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੀ ਮਦਦ ਲਈ ਆਰੰਭੇ ਗਏ ਮਿਸ਼ਨ ਤਹਿਤ ਹੁਣ ਬਟਾਲਾ ਦੇ ਨਾਮਵਰ ਇੰਡੋ-ਯੂ.ਐੱਸ. ਮੈਡੀਸਿਟੀ ਹਸਪਤਾਲ ਵਿਖੇ ਆਪਣਾ ਨਵਾਂ ਡਾਇਲਿਸਿਸ ਸੈਂਟਰ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਡਾ. ਐੱਸ.ਪੀ. ਸਿੰਘ ਓਬਰਾਏ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਦੇ ਸਾਬਕਾ ਵਾਈਸ ਚਾਂਸਲਰ ਡਾ. ਰਾਜ ਬਹਾਦਰ ਅਤੇ ਸੇਵਾਮੁਕਤ ਜਸਟਿਸ ਐੱਮ.ਐੱਮ.ਐੱਸ. ਬੇਦੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਡਾ. ਰਾਜ ਬਹਾਦਰ ਨੇ ਕਿਹਾ ਕਿ ਡਾ. ਓਬਰਾਏ ਵੱਲੋਂ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਸਦਕਾ ਲੋੜਵੰਦ ਮਰੀਜ਼ਾਂ ਨੂੰ ਬਹੁਤ ਵੱਡੀ ਸਹੂਲਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਸਿਹਤ ਨਾਲ ਸੰਬੰਧਤ ਚਲਾਈਆਂ ਜਾ ਰਹੀਆਂ ਵੱਖ-ਵੱਖ ਲਾਹੇਵੰਦ ਸਕੀਮਾਂ ਰਾਹੀਂ ਹਜ਼ਾਰਾਂ ਹੀ ਲੋਕ ਰੋਜ਼ਾਨਾ ਫਾਇਦਾ ਉਠਾ ਰਹੇ ਹਨ।

ਇਸੇ ਦੌਰਾਨ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵਕ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਟਰੱਸਟ ਦੇ ਟਰੱਸਟੀ ਅਤੇ ਇੰਡੋ-ਯੂ.ਐੱਸ. ਮੈਡੀਸਿਟੀ ਹਸਪਤਾਲ ਬਟਾਲਾ ਦੇ ਸੰਚਾਲਕ ਡਾ. ਸਤਨਾਮ ਸਿੰਘ ਨਿੱਜਰ ਦੇ ਸਹਿਯੋਗ ਸਦਕਾ ਖੋਲ੍ਹੇ ਗਏ ਇਸ ਡਾਇਲਿਸਿਸ ਸੈਂਟਰ ਵਿਚ ਤਿੰਨ ਯੂਨਿਟ ਸਥਾਪਿਤ ਕੀਤੇ ਗਏ ਹਨ, ਜਿਸ ਦੀ ਬਦੌਲਤ ਇਸ ਖੇਤਰ ਦੇ ਗੁਰਦੇ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਨੂੰ ਕੇਵਲ ਨਾਂ-ਮਾਤਰ ਰੇਟਾਂ 'ਤੇ ਡਾਇਲਿਸਿਸ ਦੀ ਸਹੂਲਤ ਮਿਲ ਸਕੇਗੀ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿਚ ਲੋੜਵੰਦ ਮਰੀਜ਼ਾਂ ਲਈ ਡਾਇਲਿਸਿਸ ਕਿੱਟਾਂ ਵੀ ਟਰੱਸਟ ਵੱਲੋਂ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਪੰਜਾਬ ਸਮੇਤ ਹਰਿਆਣਾ, ਹਿਮਾਚਲ, ਚੰਡੀਗੜ੍ਹ, ਦਿੱਲੀ, ਰਾਜਸਥਾਨ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕੇਰਲਾ ਅਤੇ ਉੱਤਰ ਪ੍ਰਦੇਸ਼ ਸੂਬੇ ਦੇ ਵੱਖ-ਵੱਖ ਖੇਤਰਾਂ ਦੇ 100 ਦੇ ਕਰੀਬ ਸਰਕਾਰੀ ਅਤੇ ਗੈਰ ਸਰਕਾਰੀ ਹਸਪਤਾਲਾਂ ਅੰਦਰ 242 ਦੇ ਕਰੀਬ ਡਾਇਲਿਸਿਸ ਯੂਨਿਟ ਸਥਾਪਿਤ ਕੀਤੇ ਜਾ ਚੁੱਕੇ ਹਨ। ਅੱਜ ਪੰਜਾਬ 'ਚ ਲੱਗਭਗ ਹਰੇਕ 25 ਕਿਲੋਮੀਟਰ ਬਾਅਦ ਟਰੱਸਟ ਵੱਲੋਂ ਡਾਇਲਿਸਿਸ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਡਾਇਲਿਸਿਸ ਦੇ ਰੇਟ ਵੀ ਨਾ-ਮਾਤਰ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਡਾਇਲਿਸਿਸ ਯੂਨਿਟਾਂ 'ਤੇ ਕਈ ਜਗ੍ਹਾ ਬਿਲਕੁਲ ਮੁਫ਼ਤ ਜਦਕਿ ਕੁਝ ਥਾਵਾਂ 'ਤੇ ਸਿਰਫ਼ 100 ਰੁਪਏ ਤੋਂ ਲੈ ਕੇ 750 ਰੁਪਏ ਵਿਚ ਹੀ ਡਾਇਲਿਸਿਸ ਕੀਤੇ ਜਾਂਦੇ ਹਨ। ਜਦਕਿ ਟਰੱਸਟ ਵੱਲੋਂ ਹੁਣ ਤੱਕ ਕਰੀਬ ਡੇਢ ਲੱਖ ਤੋਂ ਵਧੇਰੇ ਡਾਇਲਿਸਿਸ ਕਿੱਟਾਂ ਵੀ ਮੁਫ਼ਤ ਵੰਡੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਟਰੱਸਟ ਦੇ ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ, ਨਵਜੀਤ ਸਿੰਘ ਘਈ, ਡਾ. ਸੰਜੀਵ ਭੱਲਾ, ਡਾ. ਰਾਜੀਵ ਟੰਡਨ, ਡਾ. ਕ੍ਰਿਸ਼ਨ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਮੌਜੂਦ ਸਨ।







# ਸ਼੍ਰੋਮਣੀ ਕਮੇਟੀ ਨੇ ਯਾਰੀਆਂ-2 ਫਿਲਮ 'ਚ ਸਿੱਖ ਵਿਰੋਧੀ ਦ੍ਰਿਸ਼ ਨੂੰ ਲੈ ਕੇ ਕਾਨੂੰਨੀ ਕਾਰਵਾਈ ਆਰੰਭੀ

■ **ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਫਿਲਮ ਜਾਰੀ ਨਹੀਂ ਹੋਣ ਦਿੱਤੀ ਜਾਵੇਗੀ : ਐਡਵੋਕੇਟ ਧਾਮੀ**

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਭਾਵਨਾਵਾਂ ਵਿਰੁੱਧ ਫਿਲਮਾਂਕਣ ਨੂੰ ਲੈ ਕੇ 'ਯਾਰੀਆਂ-2' ਫਿਲਮ ਖ਼ਿਲਾਫ਼ ਸਖ਼ਤ ਕਾਰਵਾਈ ਆਰੰਭ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਕਾਨੂੰਨੀ ਕਾਰਵਾਈ ਅਮਲ 'ਚ ਲਿਆਉਣ ਦੇ ਆਦੇਸ਼ ਦਿੱਤੇ ਹਨ। ਬੀਤੇ ਦਿਨੀਂ ਇਹ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਨਾਲ-ਨਾਲ ਆਈ.ਟੀ. ਮੰਤਰਾਲੇ ਅਤੇ ਕੇਂਦਰੀ ਫਿਲਮ ਸੈਂਸਰ ਬੋਰਡ ਪਾਸੋਂ ਇਸ ਫਿਲਮ 'ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਜਤਾਇਆ ਹੈ ਕਿ 27 ਅਗਸਤ ਨੂੰ ਟੀ-ਸੀਰੀਜ਼ ਕੰਪਨੀ ਦੇ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤੇ ਗਏ ਇਸ ਫਿਲਮ ਦੇ ਇਕ ਗੀਤ ਵਿਚ ਸਿਰੋਂ ਮੋਨੇ ਅਤੇ ਕਲੀਨਸ਼ੇਵ ਅਦਾਕਾਰ ਨੂੰ ਸਿੱਖ ਕਕਾਰ (ਗਾਤਰਾ, ਕਿਰਪਾਨ) ਪਹਿਨਾ ਕੇ ਫਿਲਮਾਂਕਣ ਦਰਸਾਇਆ ਗਿਆ ਹੈ। ਇਸ ਨਾਲ ਦੇਸ਼-ਦੁਨੀਆਂ ਅੰਦਰ ਵਸਦੀ ਸਿੱਖ ਕੌਮ ਦੀਆਂ ਭਾਵਨਾਵਾਂ ਭੜਕੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਤੇ ਕਰੜਾ ਰੁਖ਼ ਅਖ਼ਤਿਆਰ ਕਰਦਿਆਂ ਕਾਨੂੰਨੀ ਕਾਰਵਾਈ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਲਈ ਸ਼ਿਕਾਇਤ ਵੀ ਭੇਜੀ ਗਈ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਸਾਫ਼ ਤੌਰ 'ਤੇ ਕਿਹਾ ਹੈ ਕਿ ਕਿਸੇ ਵੀ ਫਿਲਮ ਵਿਚ ਸਿੱਖ ਕਕਾਰਾਂ ਅਤੇ ਸਿੱਖ ਸਿਧਾਂਤਾਂ ਦੀ ਤੌਹੀਨ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਬੰਧਤ ਫਿਲਮ ਵਿਚ ਸਿੱਖ ਕਕਾਰ ਕਿਰਪਾਨ ਅਤੇ ਗਾਤਰੇ ਨੂੰ ਸਿੱਖ ਸਿਧਾਂਤਾਂ ਅਤੇ ਮਰਿਯਾਦਾ ਵਿਰੁੱਧ ਪੇਸ਼ ਕਰਕੇ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਅਤੇ ਅਦਾਕਾਰ ਨੇ ਠੀਕ ਨਹੀਂ ਕੀਤਾ। ਇਸ ਦੇ ਨਾਲ ਹੀ ਟੀ-ਸੀਰੀਜ਼ ਕੰਪਨੀ ਵੱਲੋਂ ਇਹ ਸਿੱਖ ਵਿਰੋਧੀ ਦ੍ਰਿਸ਼ ਆਪਣੇ ਚੈਨਲ 'ਤੇ ਜਨਤਕ ਕਰਨ ਦੀ ਅਵੱਗਿਆ ਕੀਤੀ ਹੈ। ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸ਼੍ਰੋਮਣੀ ਕਮੇਟੀ ਇਸ ਫਿਲਮ ਨੂੰ ਕਿਸੇ ਵੀ ਕੀਮਤ 'ਤੇ ਰੀਲੀਜ਼ ਨਹੀਂ ਹੋਣ ਦੇਵੇਗੀ। ਐਡਵੋਕੇਟ ਧਾਮੀ ਨੇ ਕਿਹਾ ਕਿ ਅਜਿਹੇ ਲੋਕ ਜਾਣਬੁੱਝ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਂਦੇ ਹਨ। ਉਨ੍ਹਾਂ ਆਖਿਆ ਕਿ ਪੂਰੇ ਦੇਸ਼ ਅੰਦਰ ਸਿੱਖ ਮਰਿਯਾਦਾ ਅਤੇ ਰਹਿਣੀ ਬਾਰੇ ਸਭ ਨੂੰ ਪਤਾ ਹੋਣ ਦੇ ਬਾਵਜੂਦ ਵੀ ਅਜਿਹੀਆਂ ਹਰਕਤਾਂ ਕਰਕੇ ਸਿੱਖਾਂ ਨੂੰ ਚਿੜਾਇਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਇਸ ਫਿਲਮ ਨੂੰ ਲੈ ਕੇ ਗੰਭੀਰ ਹੈ ਅਤੇ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

EXPO
FURNITURE
Gallery




7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਬਰੈਂਪਟਨ ਵਿਖੇ ਲਗਾਏ ਗਏ ਗੁਰਮਤਿ ਕੈਂਪ










**ਬਰੈਂਪਟਨ, (ਰਾਜ ਗੋਗਨਾ/ ਪੰਜਾਬ ਮੇਲ)-** ਓਨਟਾਰੀਓ ਦੇ ਸ਼ਹਿਰ ਬਰੈਂਪਟਨ ਦੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਵਿਖੇ ਗੁਰਦੁਆਰਾ ਸਾਹਿਬ ਅਤੇ ਅਕਾਲ ਸਿੱਖ ਅਕੈਡਮੀ ਵੱਲੋਂ ਗਰਮੀਆਂ ਦੀਆਂ ਛੁੱਟੀਆ ਦੇ ਚੱਲਦਿਆਂ ਬੱਚਿਆਂ ਲਈ ਗੁਰਮਤਿ ਕੈਂਪ ਲਗਾਏ ਗਏ। ਇਹ ਕੈਂਪ 7 ਅਗਸਤ ਤੋਂ ਸ਼ੁਰੂ ਹੋ ਕੇ 25 ਅਗਸਤ ਤੱਕ ਤਿੰਨ ਹਫਤਿਆਂ ਲਈ ਚੱਲੇ ਅਤੇ ਇਨ੍ਹਾਂ ਕੈਂਪਾਂ ਵਿਚ 120 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਕੈਂਪਾਂ ਵਿਚ ਗੁਰਬਾਣੀ ਉਚਾਰਨ ਤੇ ਵਿਆਖਿਆ, ਕੀਰਤਨ, ਪੰਜਾਬੀ ਭਾਸ਼ਾ ਅਤੇ ਗੁਰਮੁੱਖੀ ਅਤੇ ਸਿੱਖ ਇਤਿਹਾਸ ਬਾਬਤ ਜਾਣਕਾਰੀ ਬੱਚਿਆਂ ਨੂੰ ਦਿੱਤੀ ਗਈ। ਇਸ ਕੈਂਪ ਵਿਚ ਸ਼ਾਮਲ ਬੱਚਿਆਂ ਨੂੰ 27 ਅਗਸਤ, ਦਿਨ ਐਤਵਾਰ ਵਾਲੇ ਦਿਨ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਨੂੰ ਇਸ ਮੌਕੇ ਸਿੱਖ ਇਤਿਹਾਸ, ਗੁਰੂ ਸਾਹਿਬਾਨ ਅਤੇ ਹੋਰ ਸਿੱਖ ਯੋਧਿਆਂ ਦੇ ਨਾਮ ਜ਼ੁਬਾਨੀ ਯਾਦ ਸਨ। ਇਨ੍ਹਾਂ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਨ੍ਹਾਂ ਕੈਂਪਾਂ ਤੋਂ ਬਾਅਦ ਬੱਚਿਆਂ ਵਿਚ ਕਾਫੀ ਬਦਲਾਅ ਅਤੇ ਪੰਜਾਬੀ ਭਾਸ਼ਾ ਪ੍ਰਤੀ ਦਿਲਚਸਪੀ ਮਹਿਸੂਸ ਕੀਤੀ। ਇਸ ਮੌਕੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸਰਬੱਤ ਦੇ ਭਲੇ ਲਈ ਸਮਾਜਿਕ ਗਤੀਵਿਧੀਆਂ ਵਿਚ ਸ਼ਾਮਲ ਹੋਣ ਬਾਬਤ ਵੀ ਜਾਗਰੂਕ ਕੀਤਾ ਗਿਆ। ਗੁਰੂ ਨਾਨਕ ਮਿਸ਼ਨ ਸੈਂਟਰ ਬਰੈਂਪਟਨ ਦੀ ਸਮੂਹ ਪ੍ਰਬੰਧਕ ਕਮੇਟੀ ਜਿਸ ਵਿਚ ਪ੍ਰਧਾਨ ਗੁਰਦੇਵ ਸਿੰਘ ਬੱਲ, ਬਲਕਰਨ ਸਿੰਘ ਗਿੱਲ, ਲਖਵਿੰਦਰ ਸਿੰਘ ਧਾਲੀਵਾਲ, ਮਨੋਹਰ ਸਿੰਘ ਬੱਲ ਅਤੇ ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਨੇ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ









**ਐਲਸਬਰਾਂਟੇ, (ਪ੍ਰਮਿੰਦਰ ਸਿੰਘ ਪ੍ਰਵਾਨਾ/ਪੰਜਾਬ ਮੇਲ)-** ਬੀਤੇ ਦਿਨੀਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ-ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰ ਸਾਹਿਬ ਸਕੱਤਰ ਰਵਿੰਦਰ ਸਿੰਘ ਰੰਧਾਵਾ ਵੱਲੋਂ ਕਵੀਆਂ ਦੀ ਜਾਣ-ਪਛਾਣ ਕਰਵਾਉਂਦਿਆਂ ਮੰਚ ਸੰਚਾਲਨ ਲਈ ਪ੍ਰਵਾਨਾ ਨੂੰ ਸੱਦਾ ਦਿੱਤਾ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ।

ਧਾਰਮਿਕ ਕਵੀ ਦਰਬਾਰ ਵਿਚ ਤ੍ਰਿਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਭਾਈ ਗੁਰਦਿੱਤ ਸਿੰਘ ਐਲਸਬਰਾਂਟੇ, ਪ੍ਰਮਿੰਦਰ ਸਿੰਘ 'ਪ੍ਰਵਾਨਾ', ਬੀਬੀ ਬਲਵਿੰਦਰ ਕੌਰ ਆਦਿ ਕਵੀਆਂ ਨੇ ਗੁਰਮਤ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਦੀਆਂ ਕਵਿਤਾਵਾਂ ਨਾਲ ਨਿਹਾਲ ਕੀਤਾ। ਗੁਰੂ ਘਰ ਦੀ ਅਪਾਰ ਬਖਸ਼ਿਸ਼ ਸਿਰੋਪਾਓ ਨਾਲ ਹਾਜ਼ਰ ਕਵੀਆਂ ਦਾ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਸਕੱਤਰ ਰਵਿੰਦਰ ਸਿੰਘ ਰੰਧਾਵਾ ਵੱਲੋਂ ਕਵੀਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ। ਨਵੰਬਰ ਅਤੇ ਦਸੰਬਰ 'ਚ ਫਿਰ ਕਵੀ ਦਰਬਾਰ ਸਜਾਉਣ ਦੀ ਤਾਕੀਦ ਵੀ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕੁਲਵੰਤ ਸਿੰਘ ਦਾ ਕਵੀ ਦਰਬਾਰ ਸਫਲ ਬਣਾਉਣ ਵਿਚ ਭਰਪੂਰ ਯੋਗਦਾਨ ਰਿਹਾ।

# ਫਲੋਰਿਡਾ 'ਚ ਨਸਲੀ ਹਮਲੇ 'ਚ ਤਿੰਨ ਸਿਆਹਫਾਮਾਂ ਦੀ ਗੋਲੀ ਮਾਰ ਕੇ ਹੱਤਿਆ

**ਫਲੋਰਿਡਾ, (ਪੰਜਾਬ ਮੇਲ)-** ਫਲੋਰਿਡਾ ਦੇ ਜੈਕਸਨਵਿਲੇ 'ਚ ਡਾਲਰ ਜਨਰਲ ਸਟੋਰ ਵਿਚ ਇਕ ਗੋਰੇ ਨੇ ਗੋਲੀਆਂ ਮਾਰ ਕੇ ਤਿੰਨ ਸਿਆਹਫਾਮ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਹਾਲਾਂਕਿ ਸ਼ੂਟਰ ਨੇ ਮਗਰੋਂ ਖੁਦ ਨੂੰ ਵੀ ਗੋਲੀ ਮਾਰ ਲਈ। ਸਥਾਨਕ ਸ਼ੈਰਿਫ ਟੀ.ਕੇ. ਵਾਟਰਜ਼ ਨੇ ਇਸ ਨੂੰ 'ਨਸਲੀ ਹਮਲਾ' ਕਰਾਰ ਦਿੱਤਾ ਹੈ।

ਵਾਟਰਜ਼ ਨੇ ਕਿਹਾ ਕਿ ਹਮਲਾਵਰ, ਜਿਸ ਦੀ ਉਮਰ 20 ਸਾਲ ਦੇ ਕਰੀਬ ਸੀ, 'ਸਿਆਹਫਾਮ ਲੋਕਾਂ ਨੂੰ ਨਫ਼ਰਤ' ਕਰਦਾ ਸੀ ਤੇ ਉਸ ਨੇ ਹਮਲੇ ਲਈ ਗਲੌਕ


**■ ਹਮਲਾਵਰ ਨੇ ਖੁਦ ਨੂੰ ਵੀ ਮਾਰੀ ਗੋਲੀ**

ਹੈਂਡਗੰਨ ਤੇ ਏਆਰ-15 ਸੈਮੀ-ਆਟੋਮੈਟਿਕ ਰਾਈਫਲ ਦੀ ਵਰਤੋਂ ਕੀਤੀ। ਇਨ੍ਹਾਂ ਹਥਿਆਰਾਂ ਵਿਚੋਂ ਇਕ 'ਤੇ ਪੇਂਟ ਨਾਲ ਸਵਾਸਤਿਕ ਦਾ ਨਿਸ਼ਾਨ ਸੀ। ਹਮਲਾਵਰ ਵੱਲੋਂ ਪਿੱਛੇ ਛੱਡੀ ਇਕ ਲਿਖਤ ਤੋਂ ਤਫ਼ਤੀਸ਼ਕਾਰਾਂ ਨੂੰ ਲੱਗਦਾ ਹੈ ਕਿ ਇਹ ਹਮਲਾ ਅਜਿਹੇ ਮੌਕੇ ਕੀਤਾ ਗਿਆ ਕਿਉਂਕਿ ਜਦੋਂ ਜੈਕਸਨਵਿਲੇ ਵਿਚ ਪੰਜ ਸਾਲ ਪਹਿਲਾਂ ਵੀਡੀਓ ਗੇਮ ਟੂਰਨਾਮੈਂਟ ਦੌਰਾਨ ਇਕ ਬੰਦੂਕਧਾਰੀ ਨੇ ਦੋ ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਮਗਰੋਂ ਖੁਦ ਨੂੰ ਗੋਲੀ ਮਾਰ ਲਈ ਸੀ। ਗੋਲੀਬਾਰੀ ਦੀ ਸੱਜਰੀ ਘਟਨਾ ਸ਼ਨਿੱਚਰਵਾਰ ਬਾਅਦ ਦੁਪਹਿਰ ਦੋ ਵਜੇ ਦੇ ਕਰੀਬ ਐਡਵਰਡ ਵਾਟਰਜ਼ ਯੂਨੀਵਰਸਿਟੀ ਨੇੜਲੇ ਡਾਲਰ ਜਨਰਲ ਸਟੋਰ ਵਿਚ ਹੋਈ। ਵਾਟਰਜ਼ ਨੇ ਕਿਹਾ ਕਿ ਹਮਲੇ ਤੋਂ ਪਹਿਲਾਂ ਸ਼ੂਟਰ ਨੇ ਆਪਣੇ ਪਿਤਾ ਨੂੰ ਸੁਨੇਹਾ ਭੇਜਿਆ ਸੀ ਕਿ ਉਹ ਉਸ ਦਾ ਕੰਪਿਊਟਰ ਚੈੱਕ ਕਰਨ। ਪਿਤਾ ਨੇ ਜਦੋਂ ਕੰਪਿਊਟਰ ਖੋਲ੍ਹਿਆ ਤਾਂ ਉਥੇ ਕੁਝ ਲਿਖਤਾਂ ਸਨ, ਜਿਸ ਨੂੰ ਪੜ੍ਹ ਕੇ ਪਰਿਵਾਰ ਨੇ ਫੌਰੀ 911 ਨੂੰ ਸੂਚਿਤ ਕੀਤਾ, ਪਰ ਗੋਲੀਬਾਰੀ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ।


## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319





# ਸਾਕਰ 'ਚ ਕੈਨੇਡਾ ਦੀ ਅਕਾਲ ਕਲੱਬ ਤੇ ਵਾਲੀਬਾਲ 'ਚ ਸਿਆਟਲ ਚੈਂਪੀਅਨ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਪੰਜਾਬ ਸਾਕਰ ਕਲੱਬ ਵੱਲੋਂ 26-27 ਅਗਸਤ ਨੂੰ ਸਾਕਰ ਤੇ ਵਾਲੀਬਾਲ ਟੂਰਨਾਮੈਂਟ ਸੀਟੇਕ ਵਿਚ ਕਰਵਾਇਆ ਗਿਆ, ਜਿਸ ਵਿਚ ਅਕਾਲ ਸਾਕਰ ਕਲੱਬ ਦੀ ਟੀਮ ਚੈਂਪੀਅਨਸ਼ਿਪ ਜਿੱਤੀ ਅਤੇ ਵਾਲੀਬਾਲ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਚੈਂਪੀਅਨਸ਼ਿਪ ਜਿੱਤਣ ਵਿਚ ਸਫਲ ਰਹੀ। 50 ਸਾਲ ਤੋਂ ਉਪਰ ਦੀ ਪੰਜਾਬ ਸਾਕਰ ਕਲੱਬ ਸਿਆਟਲ ਨੂੰ



**ਸਾਕਰ 'ਚ ਅਕਾਲ ਕਲੱਬ ਚੈਂਪੀਅਨ ਤੇ ਟਾਈਗਰ ਕਲੱਬ ਕੈਨੇਡਾ ਦੂਜੇ ਦਰਜੇ 'ਤੇ ਰਿਹਾ, ਜਿਨ੍ਹਾਂ ਨੂੰ ਮੈਡਲ ਜਸਬੀਰ ਸਿੰਘ ਰੰਧਾਵਾ ਤੇ ਬਲਿਹਾਰ ਸਿੰਘ ਕੂੰਨਰ ਨੇ ਵੰਡੇ।**

1-4 ਗੋਲਾਂ ਨਾਲ ਹਰਾ ਕੇ ਕੈਨੇਡਾ ਦੀ ਸਾਕਰ ਟੀਮ ਚੈਂਪੀਅਨ ਰਹੀ। ਮੈਚ ਬਹੁਤ ਹੀ ਦਿਲਚਸਪ ਰਿਹਾ। ਦੋਨਾਂ ਟੀਮਾਂ 'ਚ ਤਜ਼ਰਬੇਕਾਰ ਖਿਡਾਰੀ ਖੇਡੇ। ਦਰਸ਼ਕਾਂ ਨੇ ਤਾੜੀਆਂ ਮਾਰ ਕੇ ਸੁਆਗਤ ਕੀਤਾ। ਵਾਲੀਬਾਲ ਦਾ ਸਖਤ ਮੁਕਾਬਲਾ ਦੇਖਣ ਨੂੰ ਮਿਲਿਆ। ਅਖੀਰ ਵਿਚ ਸਾਬਕਾ ਪ੍ਰਧਾਨ ਜਸਬੀਰ ਸਿੰਘ ਰੰਧਾਵਾ ਤੇ ਬਲਿਹਾਰ ਸਿੰਘ ਕੂੰਨਰ ਨੇ ਜੇਤੂਆਂ ਨੂੰ ਇਨਾਮ ਵੰਡੇ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਮੈਂਬਰ ਹੁੰਮਹੁਮਾ ਕੇ ਪਹੁੰਚੇ, ਜਿਨ੍ਹਾਂ ਨੇ ਖ਼ੂਬ ਆਨੰਦ ਮਾਣਿਆ। ਮਾਹੌਲ ਸ਼ਾਂਤਮਈ ਰਿਹਾ। ਕਈ ਸਾਲਾਂ ਬਾਅਦ ਸਿਆਟਲ ਵਿਚ ਟੂਰਨਾਮੈਂਟ ਵੇਖਣ ਨੂੰ ਮਿਲਿਆ। ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ।

# 9/11 ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਦੀ ਮੌਤ ਦੀ ਸਜ਼ਾ ਹੋ ਸਕਦੀ ਹੈ ਮੁਆਫ਼!

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- 11 ਸਤੰਬਰ, 2001 ਨੂੰ ਨਿਊਯਾਰਕ 'ਤੇ ਹੋਏ ਅੱਤਵਾਦੀ ਹਮਲੇ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਹਮਲੇ ਵਿਚ ਕਰੀਬ 3000 ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ। ਇਸ ਹਮਲੇ ਕਾਰਨ ਅਮਰੀਕਾ ਨੂੰ ਇਸ ਦੇ ਸਦਮੇ ਤੋਂ ਉਭਰਨ ਲਈ ਕਈ ਸਾਲ ਵੀ ਲੱਗ ਗਏ ਸਨ। ਹੁਣ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਦੀ ਮੌਤ ਦੀ ਸਜ਼ਾ ਮੁਆਫ਼ ਹੋ ਸਕਦੀ ਹੈ। ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਇਸ ਨੂੰ ਲੈ ਕੇ ਕਾਫੀ ਗੁੱਸੇ 'ਚ ਹਨ।

ਬਹੁਤ ਸਾਰੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਇਸ ਮਾਮਲੇ 'ਚ ਬਚਾਅ ਪੱਖ ਅਤੇ ਸਰਕਾਰੀ ਪੱਖ ਵਿਚਾਲੇ ਸਮਝੌਤਾ ਹੋ ਗਿਆ ਹੈ। ਨਤੀਜੇ ਵਜੋਂ ਜੇਕਰ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ, ਖਾਲਿਦ ਸ਼ੇਖ ਮੁਹੰਮਦ

**■ ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ 'ਚ ਰੋਸ**

ਅਤੇ ਹੋਰ ਚਾਰ ਦੋਸ਼ੀ ਆਪਣਾ ਗੁਨਾਹ ਕਬੂਲ ਕਰਦੇ ਹਨ, ਤਾਂ ਉਨ੍ਹਾਂ ਨੂੰ ਬਦਲੇ ਵਿਚ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ। ਹਮਲੇ ਵਿਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਵਾਲਾ ਇੱਕ ਪੱਤਰ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਵੱਲੋਂ ਲਿਖਿਆ ਗਿਆ ਹੈ। ਇਸ ਤੋਂ ਬਾਅਦ ਕਈ ਲੋਕ ਬਹੁਤ ਪਰੇਸ਼ਾਨ ਵੀ ਹਨ। ਇਨ੍ਹਾਂ 'ਚੋਂ ਇਕ ਕ੍ਰਿਸਟੀਨ ਬ੍ਰਿਟਵੇਜ਼ਰ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਂ ਬਹੁਤ ਦੁਖੀ ਹਾਂ। ਮੈਂ ਸੋਚਿਆ ਕਿ ਮੈਂ ਅਜਿਹੇ ਦੇਸ਼ ਵਿੱਚ ਰਹਿ ਰਹੀ ਹਾਂ, ਜਿੱਥੇ ਕਾਨੂੰਨ ਦਾ ਰਾਜ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੈ। ਹਮਲੇ ਵਿਚ ਕ੍ਰਿਸਟੀਨ ਦਾ ਪਤੀ ਮਾਰਿਆ ਗਿਆ ਸੀ।

ਇਸੇ ਤਰ੍ਹਾਂ ਆਪਣੇ ਭਤੀਜੇ ਨੂੰ ਗੁਆਉਣ ਵਾਲੇ ਬ੍ਰੈਡ ਬਲੈਕਮੈਨ ਨੇ ਵੀ ਕਿਹਾ ਕਿ ਅਮਰੀਕੀ ਸਰਕਾਰ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਅੱਤਵਾਦੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਅਸੀਂ ਵੀ ਇਸ ਦੀ ਉਮੀਦ ਕਰ ਰਹੇ ਸੀ। ਦੂਜੇ ਪਾਸੇ ਕਈਆਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਕਾਰਨ ਬਿਨਾਂ ਕਿਸੇ ਕੇਸ ਦੀ ਸੁਣਵਾਈ ਖ਼ਤਮ ਹੋ ਜਾਵੇਗੀ ਅਤੇ 11 ਸਤੰਬਰ, 2001 ਦੇ ਅੱਤਵਾਦੀ ਹਮਲੇ ਦੀ ਸੱਚਾਈ ਕਦੇ ਵੀ ਸਾਹਮਣੇ ਨਹੀਂ ਆਵੇਗੀ। ਕੁਝ ਸਮਝੌਤਾ ਕਰਨ ਦੇ ਹੱਕ ਵਿਚ ਹਨ। ਉਨ੍ਹਾਂ ਦਾ ਤਰਕ ਹੈ ਕਿ ਹਰ ਸਾਲ ਇਨ੍ਹਾਂ ਕੇਸਾਂ ਦੀ ਸੁਣਵਾਈ ਵਿਚ ਦੇਰੀ ਹੋਣ ਕਾਰਨ ਕਈ ਪੀੜਤਾਂ ਦੇ ਰਿਸ਼ਤੇਦਾਰਾਂ ਨੂੰ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੋਂ ਬਿਨਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਸੌਦੇ ਕਾਰਨ ਦੋਸ਼ੀ ਬਿਨਾਂ ਸਜ਼ਾ ਤੋਂ ਮਰ ਜਾਣ। ਘੱਟੋ-ਘੱਟ ਸੌਦਾ ਉਨ੍ਹਾਂ ਦੀ ਸਜ਼ਾ ਵਿਚ ਦੇਰੀ ਨਹੀਂ ਕਰੇਗਾ।

## ਪਹਿਲੀ ਬਹਿਸ ਤੋਂ ਬਾਅਦ ਭਾਰਤੀ-ਅਮਰੀਕੀ ਰਾਮਾਸਵਾਮੀ ਦੀ ਲੋਕਪ੍ਰਿਅਤਾ ਵਧੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ



ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਲਈ ਪਹਿਲੀ ਪ੍ਰਾਇਮਰੀ ਬਹਿਸ ਵਿਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਤੋਂ ਬਾਅਦ ਅਰਬਪਤੀ ਭਾਰਤੀ-ਅਮਰੀਕੀ ਬਾਇਓਟੈਕ ਉਦਯੋਗਪਤੀ ਵਿਵੇਕ ਰਾਮਾਸਵਾਮੀ ਦੀ ਲੋਕਪ੍ਰਿਅਤਾ ਰੇਟਿੰਗ ਵਿਚ ਵਾਧਾ ਹੋਇਆ ਹੈ। ਇਸ ਦੇ ਨਾਲ ਆਨਲਾਈਨ ਫੰਡ ਇਕੱਠਾ ਕਰਨ ਦੀ ਕਵਾਇਦ ਵਿਚ ਵਾਧਾ ਹੋਇਆ ਹੈ। ਰਾਮਾਸਵਾਮੀ ਦੀ ਚੋਣ ਸਬੰਧੀ ਮੁਹਿੰਮ ਟੀਮ ਦੇ ਅਨੁਸਾਰ, 38 ਸਾਲਾ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੇ ਬੁੱਧਵਾਰ ਦੀ ਬਹਿਸ ਤੋਂ ਬਾਅਦ 450,000 ਅਮਰੀਕੀ ਡਾਲਰ ਤੋਂ ਵੱਧ ਜੁਟਾਏ, ਜਿਸ ਵਿਚ ਔਸਤ ਦਾਨ 38 ਡਾਲਰ ਸੀ।

# ਅਮਰੀਕਾ ਵਿਚ ਨਸਲੀ ਨਫਰਤ ਲਈ ਕੋਈ ਥਾਂ ਨਹੀਂ : ਜੋਅ ਬਾਇਡਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕੀ



ਰਾਸ਼ਟਰਪਤੀ ਜੋਅ ਬਾਇਡਨ ਨੇ ਜੈਕਸਨਵਿਲੇ, ਫਲੋਰਿਡਾ ਵਿਚ 3 ਕਾਲੇ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਵਾਪਰੀ ਘਟਨਾ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿਚ ਘ੍ਰਿਣਾ ਲਈ ਕੋਈ ਥਾਂ ਨਹੀਂ ਹੈ। ਜੈਕਸਨਵਿਲੇ 'ਚ ਡਾਲਰ ਜਨਰਲ ਸਟੋਰ ਵਿਚ ਬੀਤੇ ਦਿਨੀਂ ਇਕ ਔਰਤ ਸਮੇਤ 3 ਕਾਲੇ ਵਿਅਕਤੀ ਮਾਰੇ ਗਏ ਸਨ। ਪੁਲਿਸ ਅਫਸਰਾਂ ਅਨੁਸਾਰ ਇਸ ਘਟਨਾ ਨੂੰ ਇਕ 20 ਸਾਲ ਦੇ ਗੋਰੇ ਵਿਅਕਤੀ ਨੇ ਅੰਜਾਮ ਦਿੱਤਾ ਹੈ, ਜਿਸ ਨੇ ਸਟੋਰ ਵਿਚ ਮੌਜੂਦ ਕੇਵਲ ਕਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ। ਬਾਇਡਨ ਨੇ ਕਿਹਾ ਕਿ 'ਅਸੀਂ ਸਵਾਲਾਂ ਦੇ ਹੱਲ ਲੱਭਣ ਦਾ ਯਤਨ ਜਾਰੀ ਰਖਾਂਗੇ ਪਰੰਤੂ ਸਾਨੂੰ ਇਕ ਗੱਲ ਸਾਫ ਤੇ ਜ਼ੋਰਦਾਰ ਢੰਗ ਨਾਲ ਸਪੱਸ਼ਟ ਕਰਨੀ ਪਵੇਗੀ ਕਿ ਗੋਰੀ ਸੁਪਰਮੇਸੀ ਨੂੰ ਅਮਰੀਕਾ ਵਿਚ ਕੋਈ ਜਗ੍ਹਾ ਨਹੀਂ ਹੈ।' ਰਾਸ਼ਟਰਪਤੀ ਨੇ ਕਿਹਾ ਕਿ ਗੋਲੀਬਾਰੀ ਦੀ ਇਹ ਘਟਨਾ ਉਸ ਵੇਲੇ ਵਾਪਰੀ ਹੈ, ਜਦੋਂ ਵਾਸ਼ਿੰਗਟਨ ਵਿਚ ਰੈਲੀ ਦੀ 60ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ, ਜੋ ਕਿ 20ਵੀਂ ਸਦੀ ਦਾ ਮਨੁੱਖੀ ਹੱਕਾਂ ਬਾਰੇ ਇਕ ਵਿਸ਼ੇਸ਼ ਮਹੱਤਵ ਵਾਲਾ ਅਹਿਮ ਪ੍ਰਦਰਸ਼ਨ ਹੈ। ਰਾਸ਼ਟਰਪਤੀ ਨੇ ਕਿਹਾ, "ਸਾਨੂੰ ਇਕ ਅਜਿਹੇ ਦੇਸ਼ ਵਿਚ ਰਹਿਣ ਤੋਂ ਇਨਕਾਰ ਕਰਨਾ

**■ ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ ਵਿਚ ਸ਼ਾਮਿਲ ਹੋਣ ਵਾਂਗ : ਰਾਸ਼ਟਰਪਤੀ**

ਪਵੇਗਾ, ਜਿਥੇ ਕਾਲੇ ਭਾਈਚਾਰੇ ਨਾਲ ਸਬੰਧਤ ਪਰਿਵਾਰ ਡਰ ਦੇ ਸਾਏ ਹੇਠ ਜੀਵਨ ਬਿਤਾਉਣ। ਚਮੜੀ ਦੇ ਰੰਗ ਕਾਰਨ ਗੋਲੀ ਮਾਰ ਦੇਣ ਦੇ ਡਰੋਂ ਕਾਲੇ ਲੋਕ ਸਟੋਰਾਂ ਵਿਚ ਜਾਣ ਤੇ ਕਾਲੇ ਵਿਦਿਆਰਥੀ ਸਕੂਲਾਂ ਵਿਚ ਜਾਣ ਸਮੇਂ ਘਬਰਾਉਣ।" ਰਾਸ਼ਟਰਪਤੀ ਨੇ ਹੋਰ ਕਿਹਾ, "ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ ਵਿਚ ਸ਼ਾਮਲ ਹੋਣ ਵਾਂਗ ਹੈ, ਅਸੀਂ ਕਿਸੇ ਵੀ ਹਾਲਤ ਵਿਚ ਚੁੱਪ ਨਹੀਂ ਰਹਿ ਸਕਦੇ।" ਇਸੇ ਦੌਰਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਵੱਖਰੇ ਬਿਆਨ 'ਚ ਪੁਸ਼ਟੀ ਕੀਤੀ ਹੈ ਕਿ ਨਿਆਂ ਵਿਭਾਗ ਜੈਕਸਨਵਿਲੇ ਘਟਨਾ ਦੀ ਨਫਰਤੀ ਅਪਰਾਧ ਤੇ ਨਸਲੀ ਹਿੰਸਕ ਅੱਤਵਾਦ ਦੇ ਨਜ਼ਰੀਏ ਤੋਂ ਜਾਂਚ ਕਰ ਰਿਹਾ ਹੈ। ਉਨਾਂ ਕਿਹਾ, "ਇਸ ਦੇਸ਼ ਵਿਚ ਕੋਈ ਵੀ ਵਿਅਕਤੀ ਨਫਰਤੀ ਹਿੰਸਾ ਦੇ ਡਰ ਦੇ ਸਾਏ ਹੇਠ ਨਹੀਂ ਰਹੇਗਾ ਤੇ ਕਿਸੇ ਪਰਿਵਾਰ ਨੂੰ ਵੀ ਕਿਸੇ ਦੇ ਕੱਟੜਪੁਣੇ ਤੇ ਘ੍ਰਿਣਾ ਕਾਰਨ ਆਪਣੇ ਕਿਸੇ ਸਕੇ-ਸਬੰਧੀ ਦੀ ਮੌਤ ਉਪਰ ਰੋਣਾ ਨਹੀਂ ਪਵੇਗਾ।"

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਪਿੰਡ ਸ਼ੰਕਰ ਦਾ ਜੰਮਪਲ ਚੰਨਵੀਰ ਸਿੰਘ ਜਵੰਦਾ ਕੈਨੇਡਾ 'ਚ ਬਣਿਆ ਪੁਲਿਸ ਅਫਸਰ




**ਡੇਹਲੋਂ, (ਰਣਬੀਰ ਮਹਿਮੀ/ਪੰਜਾਬ ਮੇਲ)**- ਲਾਗਲੇ ਪਿੰਡ ਸ਼ੰਕਰ ਦੇ ਜੰਮਪਲ ਚੰਨਵੀਰ ਸਿੰਘ ਜਵੰਦਾ ਕੈਨੇਡਾ ਦੇ ਸਰੀ ਇਲਾਕੇ 'ਚ ਪੁਲਿਸ ਅਫਸਰ ਭਰਤੀ ਹੋਏ ਹਨ। ਚੰਨਵੀਰ ਸਿੰਘ ਜਵੰਦਾ ਜੋ ਕਿ ਜੀ.ਐੱਨ.ਈ. ਲੁਧਿਆਣਾ ਤੋਂ ਐੱਮ.ਟੈਕ (ਮਕੈਨੀਕਲ ਇੰਜਨੀਅਰਿੰਗ) ਕਰਕੇ ਕੈਨੇਡਾ ਪਹੁੰਚਿਆ। ਇਨ੍ਹਾਂ ਦੇ ਪਿਤਾ ਰਣਜੀਤ ਸਿੰਘ ਜਵੰਦਾ ਇੱਕ ਮੈਥ ਅਧਿਆਪਕ ਵਜੋਂ ਸਰਕਾਰੀ ਸਰਵਿਸ ਵਿਚੋਂ ਰਿਟਾਇਰਡ ਹੋਏ ਹਨ। ਇਸਦੇ ਮਾਤਾ ਮਨਜਿੰਦਰ ਕੌਰ ਜਵੰਦਾ ਵੀ ਇੱਕ ਅਧਿਆਪਕਾ ਦੇ ਤੌਰ 'ਤੇ ਸੇਵਾਮੁਕਤ ਹੋਏ ਹਨ। ਚੰਨਵੀਰ ਸਿੰਘ ਜਵੰਦਾ ਦੀ ਕੈਨੇਡਾ ਪੁਲਿਸ 'ਚ ਹੋਈ ਨਿਯੁਕਤੀ 'ਤੇ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਲੋਕਾਂ ਵੱਲੋਂ ਇਸ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਪਿੰਡ ਦੇ ਸਰਪੰਚ ਰਣਬੀਰ ਸਿੰਘ ਮਹਿਮੀ ਸ਼ੰਕਰ, ਜੀ.ਐੱਨ.ਈ. ਲੁਧਿਆਣਾ ਦੇ ਪ੍ਰਿੰਸੀਪਲ ਡਾ. ਸਹਿਜਪਾਲ ਸਿੰਘ, ਪ੍ਰੋ. ਸੱਤਜੋਤ ਸਿੰਘ ਢਿੱਲੋਂ (ਜੀ.ਐੱਨ.ਈ.), ਐਕਸੀਅਨ ਸਵਰਨ ਸਿੰਘ ਜਵੰਦਾ, ਮੋਹਨ ਸਿੰਘ ਜਵੰਦਾ, ਸਾਬਕਾ ਸਰਪੰਚ ਅਵਤਾਰ ਸਿੰਘ ਸ਼ੰਕਰ, ਸਾਬਕਾ ਚੇਅਰਮੈਨ ਜਸਪਾਲ ਸਿੰਘ ਸ਼ੰਕਰ, ਸਪੋਰਟਸ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਜਵੰਦਾ, ਐਕਸੀਅਨ ਮਲਕੀਤ ਸਿੰਘ ਜਵੰਦਾ, ਬਲਜੀਤ ਸਿੰਘ ਢਿੱਲੋਂ ਆਦਿ ਵੱਲੋਂ ਵੀ ਜਵੰਦਾ ਪਰਿਵਾਰ ਨੂੰ ਵਧਾਈਆਂ ਭੇਜੀਆਂ ਅਤੇ ਕਿਹਾ ਕਿ ਚੰਨਵੀਰ ਜਵੰਦਾ ਵੱਲੋਂ ਇਹ ਨਿਯੁਕਤੀ ਪ੍ਰਾਪਤ ਕਰਕੇ ਜਿੱਥੇ ਆਪਣੇ ਪਿੰਡ ਸ਼ੰਕਰ ਦਾ ਨਾਮ ਰੌਸ਼ਨ ਕੀਤਾ, ਉੱਥੇ ਹੀ ਆਪਣੇ ਪਰਿਵਾਰ, ਇਲਾਕੇ ਦੇਸ਼ ਦੇ ਨਾਮ ਨੂੰ ਚਾਰ ਚੰਨ੍ਹ ਲਾਏ। ਸਾਨੂੰ ਚੰਨਵੀਰ ਜਵੰਦਾ 'ਤੇ ਮਾਣ ਹੈ ਅਤੇ ਭਵਿੱਖ ਵਿਚ ਆਸ ਕਰਦੇ ਹਾਂ ਕਿ ਚੰਨਵੀਰ ਜਵੰਦਾ ਹੋਰ ਵੀ ਤਰੱਕੀਆਂ ਦੀਆਂ ਬੁਲੰਦੀਆਂ ਨੂੰ ਛੂਹੇ।

# ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ 'ਚ ਹੋਇਆ ਮਾਸਿਕ ਕਵੀ ਦਰਬਾਰ



**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਬੀਤੇ ਐਤਵਾਰ ਆਪਣਾ ਮਾਸਿਕ ਕਵੀ ਦਰਬਾਰ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਕਵੀ ਦਰਬਾਰ ਵਿਚ ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਮੀਤ ਸਿੰਘ ਸੇਖੋਂ, ਮਨਜੀਤ ਸਿੰਘ ਮੱਲ੍ਹਾ, ਮਲੂਕ ਚੰਦ ਕਲੇਰ, ਰਣਜੀਤ ਸਿੰਘ ਨਿੱਝਰ, ਹਰਚੰਦ ਸਿੰਘ ਗਿੱਲ, ਗੁਰਦਰਸ਼ਨ ਸਿੰਘ ਤਤਲਾ, ਗੁਰਚਰਨ ਸਿੰਘ ਸੇਖੋਂ ਬੌੜਹਾਈ, ਜਗਜੀਤ ਸਿੰਘ ਸੇਖੋਂ, ਅਮਰੀਕ ਸਿੰਘ ਲੇਹਲ, ਸੰਤੋਖ ਸਿੰਘ ਸੰਘਾ, ਜੀਤ ਸਿੰਘ ਮਹਿਰਾ, ਰਵਿੰਦਰ ਕੌਰ ਬੈਂਸ, ਦਵਿੰਦਰ ਕੌਰ ਜੌਹਲ, ਨਿਰਮਲ ਸਿੰਘ ਗਰੇਵਾਲ, ਮਾਨਵ ਭਲਵਾਨ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਸਟੇਜ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬੜੇ ਦਿਲਕਸ਼ ਲਹਿਜ਼ੇ ਨਾਲ ਬਾਖ਼ੂਬੀ ਕੀਤਾ।

# ਬਰੈਂਪਟਨ 'ਚ ਪੰਜਾਬੀ ਨੌਜਵਾਨ ਦੀ ਰੀਸਾਈਕਲਿੰਗ ਦੀ ਫੈਕਟਰੀ 'ਚ ਕੰਮ ਕਰਦੇ ਸਮੇਂ ਦਰਦਨਾਕ ਮੌਤ

**ਬਰੈਂਪਟਨ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਚਾਰ ਕੁ ਮਹੀਨੇ ਪਹਿਲਾਂ ਕੈਨੇਡਾ ਵਿਚ ਆਏ, ਇਕ ਪੰਜਾਬੀ ਨੌਜਵਾਨ ਦੀ ਓਨਟਾਰੀਓ



ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਫੈਕਟਰੀ ਵਿਚ ਕੰਮ ਕਰਦੇ ਸਮੇਂ ਦਰਦਨਾਕ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਸਾਹਿਲਪ੍ਰੀਤ ਸਿੰਘ ਥਿੰਦ ਵਜੋਂ ਹੋਈ ਹੈ, ਜੋ ਫੈਕਟਰੀ ਵਿਚ ਆਮ ਮਜ਼ਦੂਰ ਦੀ ਤਰ੍ਹਾਂ ਕੰਮ ਕਰ ਰਿਹਾ ਸੀ। ਜਦੋਂ ਫੈਕਟਰੀ ਦੀ ਮਸ਼ੀਨ 'ਤੇ ਉਹ ਕੰਮ ਕਰ ਰਿਹਾ ਸੀ, ਕੰਮ ਕਰਦੇ ਸਮੇਂ ਮਸ਼ੀਨ ਦੀ ਕਨਵੇਅਰ ਬੈਲਟ ਲੱਗ ਗਈ ਅਤੇ ਉਸ ਦਾ ਹੱਥ ਵਿਚ ਹੀ ਫਸ ਗਿਆ ਅਤੇ ਮਸ਼ੀਨ ਨੇ ਉਸ ਦਾ ਪੂਰਾ ਸਰੀਰ ਖਿੱਚ ਲਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਮਾਪਿਆਂ ਦਾ ਇਕਲੌਤਾ ਪੁੱਤਰ ਅਤੇ ਇੱਕ ਭੈਣ ਦਾ ਭਰਾ ਸੀ।

ਸਾਹਿਲਪ੍ਰੀਤ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਜਾਣ ਅਤੇ ਅੰਤਿਮ ਸੰਸਕਾਰ ਕਰਨ ਲਈ ਸਹਾਇਤਾ ਲਈ ਇਕ ਫੰਡਰੇਜ਼ਰ ਵੀ ਬਣਾਇਆ ਗਿਆ ਹੈ। ਇਹ ਹਾਦਸਾ ਬੀਤੇ ਸੋਮਵਾਰ ਨੂੰ 7:30 ਵਜੇ ਸਵੇਰੇ ਓਰੇਂਡਾ ਅਤੇ ਡਿਕਸੀ ਦੇ ਖੇਤਰ ਵਿਚ ਸਥਿਤ ਫੈਕਟਰੀ ਵਿਚ ਵਾਪਰਿਆ।

# ਨਸਲੀ ਨਫਰਤ ਦਾ ਮਾਮਲਾ: ਅਮਰੀਕਾ 'ਚ ਕੌਂਸਲ ਚੋਣ ਲੜ ਰਹੀ ਭਾਰਤੀ-ਅਮਰੀਕੀ ਔਰਤ ਦੇ ਇਸ਼ਤਿਹਾਰ 'ਤੇ ਲੱਗੀ ਤਸਵੀਰ ਉਪਰ ਕਾਲਾ ਚੇਹਰਾ ਲਾਇਆ




**ਸਾਰਿਕਾ ਬਾਂਸਲ ਦੇ ਇਸ਼ਤਿਹਾਰ 'ਤੇ ਲੱਗੀ ਉਸ ਦੀ ਤਸਵੀਰ ਉਪਰ ਲਾਇਆ ਕਾਲਾ ਚੇਹਰਾ (ਸੱਜੇ) ਸਾਰਿਕਾ ਬਾਂਸਲ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ 'ਚ ਨਸਲੀ ਨਫਰਤ ਤਹਿਤ ਕਿਸੇ ਸਿਰਫਿਰੇ ਵੱਲੋਂ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਇਕ ਔਰਤ ਸਾਰਿਕਾ ਬਾਂਸਲ ਦੇ ਇਕ ਇਸ਼ਤਿਹਾਰ ਉਪਰ ਲੱਗੀ ਤਸਵੀਰ 'ਤੇ ਉਨ੍ਹਾਂ ਦੇ ਚੇਹਰੇ ਨੂੰ ਖੁਰਚ ਕੇ ਉਸ ਦੀ ਜਗ੍ਹਾ 'ਤੇ ਕਿਸੇ ਕਾਲੇ ਵਿਅਕਤੀ ਦਾ ਚੇਹਰਾ ਲਾ ਦੇਣ ਦੀ ਖਬਰ ਹੈ। ਇਹ ਘਟਨਾ ਉੱਤਰੀ ਕੈਰੋਲੀਨਾ ਰਾਜ ਦੇ ਕੇਰੀ ਸ਼ਹਿਰ ਵਿਚ ਵਾਪਰੀ ਹੈ, ਜਿਥੇ ਬਾਂਸਲ ਕੌਂਸਲ ਚੋਣਾਂ ਵਿਚ ਉਮੀਦਵਾਰ ਹੈ। ਪ੍ਰਾਪਤ ਵੇਰਵੇ ਅਨੁਸਾਰ ਬਾਂਸਲ ਚੋਣ ਸਬੰਧੀ ਇਕ ਮੀਟਿੰਗ ਵਿਚ ਹਿੱਸਾ ਲੈ ਰਹੀ ਸੀ, ਜਦੋਂ ਉਨ੍ਹਾਂ ਦੇ ਇਕ ਸਮਰਥਕ ਨੇ ਵਟਸਅੱਪ ਉਪਰ ਇਹ ਜਾਣਕਾਰੀ ਦਿੱਤੀ। ਉਸ ਦੇ ਚੋਣ ਇਸ਼ਤਿਹਾਰ ਨਾਲ ਇਹ ਛੇੜਛਾੜ ਡਿਸਟ੍ਰਿਕਟ ਡੀ ਪੱਛਮੀ ਕੇਰੀ ਵਿਚ ਹਾਈਕਰਾਫਟ ਪਿੰਡ ਵਿਚ ਕੀਤੀ ਗਈ ਹੈ, ਜਿਥੋਂ ਉਹ ਚੋਣਾਂ ਵਿਚ ਖੜ੍ਹੀ ਹੈ। ਸਾਰਿਕਾ ਬਾਂਸਲ ਇਸ ਘਟਨਾ ਉਪਰੰਤ ਗਹਿਰੇ ਸਦਮੇ ਵਿਚ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਸ ਘਟਨਾ ਤੋਂ ਬਹੁਤ ਦੁੱਖ ਹੋਇਆ ਹੈ। ਬਾਂਸਲ ਅਨੁਸਾਰ ਉਹ ਨਹੀਂ ਜਾਣਦੀ ਕਿ ਉਸ ਦੇ ਹੋਰ ਕਿਸੇ ਇਸ਼ਤਿਹਾਰ ਨਾਲ ਵੀ ਅਜਿਹੀ ਛੇੜਛਾੜ ਕੀਤੀ ਗਈ ਹੈ ਜਾਂ ਨਹੀਂ। ਕੇਰੀ ਕਸਬੇ ਦੀ ਤਰਫੋਂ ਮੇਅਰ ਹਰੋਲਡ ਵੀਨਬਰੈਚਡ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸਲਵਾਦ ਕੇਰੀ ਦੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਸਾਡਾ ਮਕਸਦ ਲੋਕਾਂ ਦੇ ਭਾਈਚਾਰੇ ਨੂੰ ਮਜ਼ਬੂਤ ਕਰਨਾ ਹੈ ਤੇ ਇਸ ਮੰਤਵ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦੇਵਾਂਗੇ। ਇਥੇ ਜ਼ਿਕਰਯੋਗ ਹੈ ਕਿ ਕੇਰੀ ਸ਼ਹਿਰ ਦੀ 1,80,000 ਆਬਾਦੀ ਵਿਚੋਂ 20% ਲੋਕ ਏਸ਼ੀਅਨ ਮੂਲ ਦੇ ਹਨ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਪੰਜਾਬ ਸਕੂਲ ਸਿੱਖਿਆ ਬੋਰਡ ਦੀ 9ਵੀਂ ਜਮਾਤ ਦੀ ਕਿਤਾਬ 'ਚ ਸ਼ਹੀਦ ਊਧਮ ਸਿੰਘ ਬਾਰੇ ਪੜ੍ਹਾਈ ਜਾ ਰਹੀ ਗ਼ਲਤ ਜਾਣਕਾਰੀ

**ਸੰਗਰੂਰ, (ਦਲਜੀਤ ਕੌਰ/ਪੰਜਾਬ ਮੇਲ)-** ਪੰਜਾਬ ਸਿੱਖਿਆ ਬੋਰਡ ਦੀ ਨੌਵੀਂ ਜਮਾਤ ਦੀ ਅੰਗਰੇਜ਼ੀ ਦੀ ਕਿਤਾਬ ਵਿਚ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਕਈ ਜਾਣਕਾਰੀਆਂ ਗਲਤ ਨਿਕਲੀਆਂ ਹਨ। ਸ਼ਹੀਦ ਊਧਮ ਸਿੰਘ ਗ਼ਦਰੀ ਵਿਚਾਰ ਮੰਚ ਨੇ ਨੌਵੀਂ ਜਮਾਤ ਦੀ ਅੰਗਰੇਜ਼ੀ ਦੀ ਕਿਤਾਬ ਵਿਚ ਸ਼ਹੀਦ ਊਧਮ ਸਿੰਘ ਦੇ ਲੇਖ 'ਚ ਕਈ ਗਲਤੀਆਂ ਨਿਕਲ ਕੇ ਸਾਹਮਣੇ ਆਈਆਂ ਹਨ। ਲੇਖ ਵਿਖੇ ਸ਼ਹੀਦ ਦੀ ਜਨਮ ਮਿਤੀ, ਫਾਂਸੀ ਦੀ ਮਿਤੀ ਤੋਂ ਇਲਾਵਾ ਹੋਰ ਵੀ ਕਈ ਗਲਤੀਆਂ ਪਾਈਆਂ ਗਈਆਂ ਹਨ।

ਵਿਭਾਗ ਵੱਲੋਂ ਲੰਮੇ ਸਮੇਂ ਤੋਂ ਬੱਚਿਆਂ ਨੂੰ ਸ਼ਹੀਦ ਊਧਮ ਸਿੰਘ ਦੀ ਜੀਵਨੀ ਸਬੰਧੀ ਗ਼ਲਤ ਜਾਣਕਾਰੀ


III. Udham Singh (1899-1940)

Three Great Indians 39

ਪੜ੍ਹਾਉਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਆਦ ਇੱਕ ਸ਼ਹੀਦ ਊਧਮ ਸਿੰਘ ਗ਼ਦਰੀ ਮੰਚ ਨੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਅਤੇ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਇਸ 'ਚ ਸੁਧਾਰ ਦੀ ਮੰਗ ਕੀਤੀ ਹੈ। ਪੰਜਾਬ ਸਿੱਖਿਆ ਬੋਰਡ ਦੀ ਅੰਗਰੇਜ਼ੀ ਪੁਸਤਕ ਦੀ ਕਿਤਾਬ ਦੇ ਪੰਨਾ ਨੰਬਰ-39, 40 'ਤੇ ਸ਼ਹੀਦ ਊਧਮ ਸਿੰਘ ਦੀ ਜੀਵਨੀ ਨਾਲ ਸਬੰਧਤ ਲੇਖ ਲਿਖਿਆ ਗਿਆ ਹੈ। ਇਸ ਵਿਚ ਬਹੁਤ ਸਾਰੀਆਂ ਗਲਤੀਆਂ ਹਨ।

ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ, 1940 ਨੂੰ ਫਾਂਸੀ ਦਿੱਤੀ ਗਈ ਸੀ, ਲੇਖ ਵਿਚ ਲਿਖਿਆ ਗਿਆ ਕਿ ਉਨ੍ਹਾਂ ਨੂੰ 30 ਜੁਲਾਈ ਨੂੰ ਫਾਂਸੀ ਦਿੱਤੀ ਗਈ। ਉੱਥੇ ਹੀ ਸ਼ਹੀਦ ਦਾ ਜਨਮ 26 ਦਸੰਬਰ, 1899 ਨੂੰ ਹੋਇਆ ਸੀ ਪਰ ਲੇਖ ਵਿਚ ਲਿਖਿਆ ਹੈ ਕਿ ਉਨ੍ਹਾਂ ਦਾ ਜਨਮ 18 ਦਸੰਬਰ 1899 ਨੂੰ ਹੋਇਆ ਸੀ। ਇਸ ਤੋਂ ਇਲਾਵਾ ਲੇਖ ਵਿਚ ਛਪੀ ਊਧਮ ਸਿੰਘ ਦੀ ਫੋਟੋ ਅਸਲ ਫੋਟੋ ਨਾਲ ਮੇਲ ਵੀ ਨਹੀਂ ਖਾਂਦੀ।

ਲੇਖ ਵਿਚ ਜਲ੍ਹਿਆਂਵਾਲਾ ਬਾਗ ਕਤਲ ਕਾਂਡ ਦੇ ਸਬੰਧ ਵਿਚ ਉਸ ਸਮੇਂ ਦੇ ਪੰਜਾਬ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਜਦੋਂਕਿ ਹੰਟਰ ਕਮਿਸ਼ਨ ਅਤੇ ਆਰਮੀ ਕੌਂਸਲ ਨੇ ਮਾਈਕਲ ਓਡਵਾਇਰ ਦੀ ਥਾਂ ਬ੍ਰਿਗੇਡੀਅਰ ਜਨਰਲ ਡਾਇਰ ਨੂੰ ਇਸ ਕਾਂਡ ਦਾ ਮੁੱਖ ਦੋਸ਼ੀ ਠਹਿਰਾਇਆ ਸੀ। ਊਧਮ ਸਿੰਘ ਦੀ ਓਡਵਾਇਰ ਦੇ ਕਤਲ ਦੀ ਇਨਕਲਾਬੀ ਕਾਰਵਾਈ ਤੋਂ ਬਾਅਦ ਉਨ੍ਹਾਂ ਨੂੰ ਇੰਗਲੈਂਡ 'ਚ ਹੀ ਫਾਂਸੀ ਦੇ ਸ਼ਹੀਦ ਕਰ ਦਿੱਤਾ ਗਿਆ ਸੀ।

# ਫਲੋਰਿਡਾ 'ਚ ਹੈਲੀਕਾਪਟਰ ਅੱਗ ਲੱਗਣ ਉਪਰੰਤ ਜ਼ਮੀਨ 'ਤੇ ਡਿੱਗਾ; 2 ਮੌਤਾਂ, 2 ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫਲੋਰਿਡਾ 'ਚ ਇਕ ਹੈਲੀਕਾਪਟਰ ਤਬਾਹ ਹੋਣ ਦੀ ਖਬਰ ਹੈ। ਇਸ ਘਟਨਾ ਵਿਚ 2 ਵਿਅਕਤੀ ਮਾਰੇ ਗਏ ਤੇ 2 ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਕੈਪਟਨ ਟੈਰੀਸਨ ਜੈਕਸਨ ਸ਼ਾਮਿਲ ਹੈ, ਜੋ ਹੈਲੀਕਾਪਟਰ ਵਿਚ ਸਵਾਰ ਸੀ। ਇਸ ਤੋਂ ਇਲਾਵਾ ਇਕ ਔਰਤ ਸ਼ਾਮਲ ਹੈ, ਜੋ ਉਸ ਅਪਾਰਟਮੈਂਟ ਕੰਪਲੈਕਸ ਵਿਚ ਰਹਿੰਦੀ ਸੀ, ਜਿਥੇ ਹੈਲੀਕਾਪਟਰ ਡਿੱਗਾ। ਅਧਿਕਾਰੀਆਂ ਅਨੁਸਾਰ ਤਕਰੀਬਨ ਸਵੇਰੇ 8.46 ਵਜੇ ਇਹ ਘਟਨਾ ਵਾਪਰੀ, ਜਿਸ ਵਿਚ ਬੀ.ਐੱਸ.ਓ. ਫਾਇਰ ਰੈਸਕਿਊ ਦਾ ਹੈਲੀਕਾਪਟਰ ਪੋਮਪਾਨੋ ਬੀਚ ਏਅਰਪਾਰਕ ਤੋਂ ਅੱਧਾ ਮੀਲ ਦੂਰ ਉਡਾਣ ਦੌਰਾਨ ਅੱਗ ਲੱਗਣ ਉਪਰੰਤ ਇਕ ਇਮਾਰਤ ਉਪਰ ਆ ਡਿੱਗਾ। ਬਰੋਅਵਰਡ ਕਾਊਂਟੀ ਸ਼ੈਰਿਫ ਵਿਭਾਗ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ


ਜ਼ਮੀਨ 'ਤੇ ਡਿੱਗਣ ਤੋਂ ਪਹਿਲਾਂ ਅਸਮਾਨ ਵਿਚ ਨਜ਼ਰ ਆ ਰਿਹਾ ਹੈਲੀਕਾਪਟਰ, ਜਿਸ ਵਿਚੋਂ ਧੂੰਆਂ ਨਿਕਲ ਰਿਹਾ ਹੈ।

ਹੈ ਕਿ ਪੋਮਪਾਨੋ ਬੀਚ ਫਾਇਰ ਰੈਸਕਿਊ ਵਿਭਾਗ ਨੇ 2 ਜ਼ਖਮੀਆਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਹੈਲੀਕਾਪਟਰ 'ਚ ਬਰੋਅਵਰਡ ਸ਼ੈਰਿਫ ਫਾਇਰ ਰੈਸਕਿਊ ਵਿਭਾਗ ਦੇ 3 ਮੁਲਾਜ਼ਮ ਸਨ, ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ, ਜਦਕਿ ਬਾਕੀ 2 ਜ਼ਖਮੀ ਹਾਲਤ ਵਿਚ ਹਨ, ਜਿਨਾਂ ਦੀ ਹਾਲਤ ਸਥਿਰ ਹੈ।

# ਅਮਰੀਕਾ 'ਚ ਭਾਰਤੀ ਅੰਬੈਸਡਰ ਤਰਨਜੀਤ ਸੰਧੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

- ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ. ਤਰਨਜੀਤ ਸਿੰਘ ਸੰਧੂ ਨੂੰ ਕੀਤਾ ਗਿਆ ਸਨਮਾਨਿਤ

**ਅੰਮ੍ਰਿਤਸਰ, (ਪੰਜਾਬ ਮੇਲ)-** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਅਮਰੀਕਾ 'ਚ ਭਾਰਤੀ ਅੰਬੈਸਡਰ ਸ. ਤਰਨਜੀਤ ਸਿੰਘ ਸੰਧੂ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਨੇ ਸਨਮਾਨਿਤ ਕੀਤਾ। ਇਸ ਦੌਰਾਨ ਸ. ਤਰਨਜੀਤ ਸਿੰਘ ਸੰਧੂ ਨੇ ਆਪਣੇ ਦਾਦੇ ਦੇ ਨਾਂ 'ਤੇ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਸ. ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੁੱਜ ਕੇ ਆਪਣੇ ਪੁਰਖਿਆਂ ਦੀ ਯਾਦ ਤਾਜ਼ਾ ਕੀਤੀ। ਇਸ ਮੌਕੇ ਸ. ਤਰਨਜੀਤ ਸਿੰਘ ਸੰਧੂ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ



ਆਸਥਾ ਦਾ ਕੇਂਦਰ ਹੈ, ਜਿਥੋਂ ਮਨੁੱਖ ਨੂੰ ਰੂਹਾਨੀ ਸ਼ਕਤੀ ਮਿਲਦੀ ਹੈ। ਉਹ ਵੀ ਹਰ ਸਾਲ ਗੁਰੂ ਸਾਹਿਬ ਦਾ ਆਸ਼ੀਰਵਾਦ ਲੈਣ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨਾਲ ਉਨ੍ਹਾਂ ਦੇ ਪਰਿਵਾਰ ਦਾ ਗਹਿਰਾ ਰਿਸ਼ਤਾ ਹੈ। ਉਨ੍ਹਾਂ ਦੇ ਵਡੇਰੇ ਸ. ਤੇਜਾ ਸਿੰਘ ਸਮੁੰਦਰੀ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਵੱਡਾ ਯੋਗਦਾਨ ਪਾਇਆ ਸੀ ਅਤੇ ਕਈ ਮੋਰਚਿਆਂ ਵਿਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਸਾਡੇ ਪਰਿਵਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਜਥੇਦਾਰ ਤੇਜਾ ਸਿੰਘ ਸਮੁੰਦਰੀ ਸਿੱਖ ਕੌਮ ਦੇ ਉੱਚ ਦੁਮਾਲੜੇ ਆਗੂ ਸਨ। ਸ. ਤਰਨਜੀਤ ਸਿੰਘ ਸੰਧੂ ਨੇ ਹੋਰ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਸਮਾਂ ਤਕਨਾਲੋਜੀ ਦਾ ਯੁੱਗ ਹੈ ਅਤੇ ਸਿੱਖ ਕੌਮ ਨੂੰ ਵੀ ਆਪਣੀਆਂ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਵਿਚ ਮਾਹਿਰ ਬਣਾਉਣ ਲਈ ਵਧੇਰੇ ਯਤਨ ਕਰਨੇ ਚਾਹੀਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਵੱਡਾ ਫ਼ਖ਼ਰ ਹੈ ਕਿ ਸਿੱਖ ਆਗੂ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਸ. ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਜੋਂ ਨੁਮਾਇੰਦਗੀ ਕਰ ਰਹੇ ਹਨ।

# ਆਸਟ੍ਰੇਲੀਆ ਨੇ ਸਟੂਡੈਂਟ ਵੀਜ਼ਾ ਨਿਯਮਾਂ ਨੂੰ ਕੀਤਾ ਸਖਤ

**ਸਿਡਨੀ, (ਪੰਜਾਬ ਮੇਲ)-** ਦੂਰਵਰਤੋਂ ਦੀਆਂ ਚਿੰਤਾਵਾਂ ਦੇ ਵਿਚਕਾਰ ਆਸਟ੍ਰੇਲੀਆ ਨੇ ਆਪਣੇ ਵਿਦਿਆਰਥੀ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਦਿਤਾ ਹੈ। ਆਪਣੇ ਅੰਤਰਰਾਸ਼ਟਰੀ ਸਿੱਖਿਆ ਖੇਤਰ ਦੀ ਅਖੰਡਤਾ ਨੂੰ ਸੁਰੱਖਿਅਤ ਕਰਨ ਦੇ ਉਦੇਸ਼ ਨਾਲ ਇੱਕ ਕਦਮ ਵਿਚ ਆਸਟ੍ਰੇਲੀਆਈ ਸਰਕਾਰ ਨੇ ਇੱਕ ਵੀਜ਼ਾ ਕਮੀ ਨੂੰ ਤੁਰੰਤ ਬੰਦ ਕਰਨ ਦਾ ਐਲਾਨ ਕੀਤਾ ਹੈ, ਜਿਸ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦੇਸ਼ ਵਿਚ ਆਉਣ 'ਤੇ ਸਸਤੇ ਕਿੱਤਾਮੁਖੀ ਕੋਰਸਾਂ ਵਿਚ ਦਾਖਲਾ ਲੈਣ ਦੀ ਇਜਾਜ਼ਤ ਦਿੱਤੀ ਗਈ ਸੀ। "ਸਮਕਾਲੀ ਅਧਿਐਨ" ਨਿਯਮ, ਜਿਸ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪ੍ਰਾਇਮਰੀ ਪੜ੍ਹਾਈ ਦੇ ਨਾਲ-ਨਾਲ ਪੂਰਕ ਕੋਰਸ ਕਰਨ ਦੀ ਇਜਾਜ਼ਤ ਦਿੱਤੀ ਸੀ, ਸ਼ੁਰੂ ਵਿਚ ਥੋੜ੍ਹੇ ਸਮੇਂ ਦੇ ਕੋਰਸਾਂ ਰਾਹੀਂ ਉਨ੍ਹਾਂ ਦੀ ਨੌਕਰੀ ਦੀ ਤਿਆਰੀ ਨੂੰ ਵਧਾਉਣ ਲਈ ਤਿਆਰ ਕੀਤਾ ਗਿਆ ਸੀ। ਹਾਲਾਂਕਿ ਹਾਲੀਆ ਜਾਂਚਾਂ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਵਿਦਿਆਰਥੀ ਆਪਣੇ ਯੂਨੀਵਰਸਿਟੀ ਪ੍ਰੋਗਰਾਮਾਂ ਨੂੰ ਛੱਡ ਕੇ ਅਤੇ ਸਥਾਈ ਤੌਰ 'ਤੇ ਘੱਟ ਮਹਿੰਗੇ ਕੋਰਸਾਂ ਵਿਚ ਤਬਦੀਲ ਹੋ ਕੇ ਇਸ ਨਿਯਮ ਦਾ ਫ਼ਾਇਦਾ ਚੁੱਕ ਰਹੇ ਸਨ। ਸਮਕਾਲੀ ਅਧਿਐਨ ਦੀ ਵਰਤੋਂ ਵਿਚ ਇੱਕ ਮਹੱਤਵਪੂਰਨ ਵਾਧਾ ਹੋਇਆ ਹੈ, 2023 ਦੇ ਪਹਿਲੇ ਅੱਧ ਵਿਚ 17,000 ਸਮਕਾਲੀ ਨਾਮਾਂਕਨ ਦਰਜ ਕੀਤੇ ਗਏ ਹਨ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ


Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem.

COVERED CALIFORNIA | Certified Insurance Agent

Designed By Punjab Mail USA

Ph.: (916) 900-2000

# ਅਲਾਬਾਮਾ 'ਚ 21 ਸਾਲਾ ਭਾਰਤੀ ਸਟੋਰ ਕਲਰਕ ਨੇ ਗਲਤੀ ਨਾਲ ਖੁਦ ਨੂੰ ਮਾਰੀ ਗੋਲੀ



ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-ਬੀਤੇ ਦਿਨੀਂ ਅਮਰੀਕਾ ਦੇ ਸੂਬੇ ਅਲਾਬਾਮਾ ਦੇ ਸ਼ਹਿਰ ਸਿਲਾਕਾਗਾ ਵਿਚ ਇਕ ਭਾਰਤੀ ਮੂਲ ਦੇ ਸਟੋਰ ਕਲਰਕ ਦੀ ਗਲਤੀ ਦੇ ਨਾਲ ਖੁਦ 'ਤੇ ਗੋਲੀ ਚੱਲਣ ਕਾਰਨ ਮੌਤ ਹੋ ਗਈ। ਜਦੋਂ ਉਹ ਆਪਣੀ ਹਿਫਾਜ਼ਤ ਲਈ ਸਟੋਰ 'ਤੇ ਮਾਲਿਕ ਦੇ ਲਾਇਸੰਸੀ ਰਿਵਾਲਵਰ ਦੀ ਜਾਂਚ ਕਰਦੇ ਸਮੇਂ ਗਲਤੀ ਨਾਲ ਉਸ 'ਤੇ ਆਪਣੇ ਸਿਰ ਵਿਚ ਗੋਲੀ ਲੱਗੀ ਅਤੇ ਉਹ ਮੌਕੇ 'ਤੇ ਹੀ ਸਟੋਰ ਅੰਦਰ ਮਾਰਿਆ ਗਿਆ। ਹੋਪ ਇਨ ਕਨਵੀਨੈਂਸ ਸਟੋਰ ਨਾਂ ਦੇ ਸਟੋਰ 'ਤੇ ਕਲਰਕ ਵਜੋਂ ਕੰਮ ਕਰਦੇ ਮ੍ਰਿਤਕ ਦਾ ਨਾਂ ਪੰਕਜ ਰਾਣਾ ਦੱਸਿਆ ਜਾਂਦਾ ਹੈ, ਜਿਸ ਨੂੰ ਕਾਊਂਟਰ ਦੇ ਪਿੱਛੇ ਖ਼ੂਨ ਨਾਲ ਲੱਥਪੱਥ ਮ੍ਰਿਤਕ ਪਾਇਆ ਗਿਆ। ਸਿਲਾਕਾਗਾ ਪੁਲਿਸ ਵਿਭਾਗ ਦੇ ਅਧਿਕਾਰੀ ਜਦੋਂ ਜਦੋਂ ਸਟੋਰ 'ਤੇ ਪੁੱਜੀ ਤੇ ਸਟੋਰ 'ਤੇ ਖ਼ੂਨ ਨਾਲ ਲੱਥਪੱਥ ਮ੍ਰਿਤਕ ਪਾਇਆ ਗਿਆ, ਜਿਸ ਦੀ ਪਹਿਚਾਣ 21 ਸਾਲਾ ਪੰਕਜ ਰਾਣਾ ਵਜੋਂ ਹੋਈ ਅਤੇ ਉਸ ਦੀ ਲਾਸ਼ ਦੇ ਕੋਲ ਹੈਂਡਗਨ ਫਰਸ਼ 'ਤੇ ਪਈ ਮਿਲੀ।

ਸਿਲਾਕਾਗਾ ਦੇ ਜਾਂਚ ਅਧਿਕਾਰੀ ਲੈਫਟੀਨੈਂਟ ਵਿਲਿਸ ਵੌਟਲੇ ਨੇ ਮੌਕੇ 'ਤੇ ਪਹੁੰਚ ਕੇ ਪੰਕਜ ਦੀ ਮੌਤ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਦੇ ਦੌਰਾਨ, ਸਟੋਰ ਦੀ ਵੀਡੀਓ ਦੀ ਸਮੀਖਿਆ ਕੀਤੀ ਗਈ ਅਤੇ ਇਹ ਨਿਰਧਾਰਿਤ ਕੀਤਾ ਗਿਆ ਕਿ ਪੰਕਜ ਰਾਣਾ ਕੋਲੋਂ ਅਸਲੇ ਨੂੰ ਦੇਖਦੇ ਹੋਏ ਗਲਤੀ ਨਾਲ ਟਰਿੱਗਰ ਦੱਬਿਆ ਗਿਆ ਅਤੇ ਗੋਲੀ ਉਸ ਦੇ ਆਪਣੇ ਸਿਰ ਵਿਚ ਲੱਗੀ ਤੇ ਮਾਰਿਆ ਗਿਆ। ਇਹ ਰਿਵਾਲਵਰ ਜੋ ਕਿ ਸਟੋਰ ਮਾਲਕ ਦੀ ਜਾਇਦਾਦ ਸੀ ਅਤੇ ਮਾਲਕ ਨੇ ਆਤਮ ਸੁਰੱਖਿਆ ਲਈ ਰਿਵਾਲਵਰ ਕਾਊਂਟਰ ਦੇ ਪਿੱਛੇ ਰੱਖਿਆ ਹੋਇਆ ਸੀ। ਮਾਰੇ ਗਏ ਨੌਜਵਾਨ ਦਾ ਪਿਛੋਕੜ ਭਾਰਤ ਤੋਂ ਹਰਿਆਣਾ ਰਾਜ ਦੇ ਜ਼ਿਲ੍ਹਾ ਕਰਨਾਲ ਦਾ ਪਿੰਡ ਰਾਹੜਾ ਸੀ, ਜੋ ਛੇ ਕੁ ਮਹੀਨੇ ਪਹਿਲੇ 40 ਲੱਖ ਰੁਪਿਆ ਦੇ ਕੇ ਜੰਗਲਾ ਰਾਹੀਂ ਅਮਰੀਕਾ ਪੁੱਜਾ ਸੀ।

# ਕੈਨੇਡਾ 'ਚ ਟਰਾਲੇ ਨਾਲ ਹਾਦਸੇ ਮਗਰੋਂ ਕਾਰ ਨੂੰ ਅੱਗ ਲੱਗਣ ਕਾਰਨ ਪੰਜਾਬੀ ਨੌਜਵਾਨ ਜਿਉਂਦਾ ਸੜਿਆ



ਟੋਰਾਂਟੋ/ਬੇਗੋਵਾਲ, (ਪੰਜਾਬ ਮੇਲ)-ਕੈਨੇਡਾ 'ਚ ਇਕ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਕਾਰ, ਜਿਸ ਨੂੰ ਕਿ ਪੰਜਾਬੀ ਨੌਜਵਾਨ ਚਲਾ ਰਿਹਾ ਸੀ, ਦੀ ਟਰਾਲੇ ਨਾਲ ਟੱਕਰ ਹੋਣ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ ਅਤੇ ਪੰਜਾਬੀ ਨੌਜਵਾਨ ਕਾਰ 'ਚ ਬੁਰੀ ਤਰ੍ਹਾਂ ਸੜ ਗਿਆ। ਇਸ ਹਾਦਸੇ ਵਿਚ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਪੰਜਾਬੀ ਨੌਜਵਾਨ ਦੀ ਪਛਾਣ ਗੁਰਸ਼ਿੰਦਰ ਸਿੰਘ ਘੋਤੜਾ ਵਜੋਂ ਹੋਈ ਹੈ।

ਗੁਰਸ਼ਿੰਦਰ ਸਿੰਘ ਦਾ ਜੱਦੀ ਘਰ ਹਲਕਾ ਭੁਲੱਥ ਦੇ ਕਸਬਾ ਬੇਗੋਵਾਲ ਨੇੜਲੇ ਭਦਾਸ ਪਿੰਡ ਵਿਚ ਹੈ। ਮ੍ਰਿਤਕ ਨੌਜਵਾਨ ਗੁਰਸ਼ਿੰਦਰ ਸਿੰਘ ਘੋਤੜਾ (ਗੁਰੀ) ਦੇ ਰਿਸ਼ਤੇਦਾਰ ਸ਼ਮਸ਼ੇਰ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਕਾਰ 'ਚ ਸੜਿਆ ਨੌਜਵਾਨ ਗੁਰਸ਼ਿੰਦਰ ਸਿੰਘ ਘੋਤੜਾ ਉਸ ਦੇ ਤਾਏ ਦਾ ਪੋਤਰਾ ਸੀ। ਉਨ੍ਹਾਂ ਦੱਸਿਆ ਕਿ ਮੇਰਾ ਤਾਇਆ ਦਰਸ਼ਨ ਸਿੰਘ ਹਰਿਆਣਾ ਪੁਲਿਸ ਵਿਚੋਂ ਐੱਸ.ਪੀ. ਰਿਟਾਇਰ ਹੋਇਆ ਸੀ ਅਤੇ ਤਾਏ ਦਾ ਮੁੰਡਾ ਸੁਰਿੰਦਰ ਸਿੰਘ ਚੰਡੀਗੜ੍ਹ ਪੁਲਿਸ ਵਿਚ ਨੌਕਰੀ ਕਰਦਾ ਸੀ, ਜੋ ਹੁਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਗੁਰਸ਼ਿੰਦਰ ਸਿੰਘ ਘੋਤੜਾ ਪੁੱਤਰ ਸੁਰਿੰਦਰ ਸਿੰਘ ਕੈਨੇਡਾ ਪੁਲਿਸ 'ਚ ਭਰਤੀ ਹੋਣ ਸਬੰਧੀ ਅਕੈਡਮੀ ਤੋਂ ਟ੍ਰੇਨਿੰਗ ਖ਼ਤਮ ਹੋਣ ਉਪਰੰਤ 23 ਅਗਸਤ ਨੂੰ ਘਰ ਆ ਰਿਹਾ ਸੀ, ਜਿਸ ਦੀ ਕਾਰ ਨੂੰ ਰਸਤੇ 'ਚ ਟਰਾਲੇ ਨਾਲ ਹਾਦਸੇ ਤੋਂ ਬਾਅਦ ਅੱਗ ਲੱਗ ਗਈ। ਇਸ ਦੌਰਾਨ ਗੁਰਸ਼ਿੰਦਰ ਸਿੰਘ ਘੋਤੜਾ ਦੀ ਮੌਤ ਹੋ ਗਈ, ਜਿਸ ਦਾ ਅੰਤਿਮ ਸੰਸਕਾਰ 25 ਅਗਸਤ ਨੂੰ ਕੈਨੇਡਾ ਵਿਖੇ ਕਰ ਦਿੱਤਾ ਗਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਗੁਰਸ਼ਿੰਦਰ ਸਿੰਘ ਨੇ ਸੋਮਵਾਰ ਨੂੰ ਪਾਸਿੰਗ ਆਊਟ ਤੋਂ ਬਾਅਦ ਨੌਕਰੀ ਜੁਆਇੰਨ ਕਰਨੀ ਸੀ ਪਰ ਇਸ ਦਰਦਨਾਕ ਹਾਦਸੇ ਕਾਰਨ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਦੂਜੇ ਪਾਸੇ ਇਸ ਹਾਦਸੇ ਨੂੰ ਲੈ ਕੇ ਪਿੰਡ ਭਦਾਸ 'ਚ ਸੋਗ ਦੀ ਲਹਿਰ ਹੈ।

## ਕੈਨੇਡਾ 'ਚ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਵਧਦੀ ਗਿਣਤੀ ਨਾਲ ਇਮੀਗ੍ਰੇਸ਼ਨ ਸਿਸਟਮ 'ਤੇ ਪਿਆ ਅਸਰ!

ਟੋਰਾਂਟੋ, (ਪੰਜਾਬ ਮੇਲ)- ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਦਾਖਲ ਹੋਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਨਾਲ ਨਾ ਸਿਰਫ ਹਾਊਸਿੰਗ ਸਬੰਧੀ ਚਿੰਤਾ ਵਧੀ ਹੈ, ਸਗੋਂ ਇਮੀਗ੍ਰੇਸ਼ਨ ਸਿਸਟਮ ਦੀ ਅਖੰਡਤਾ ਵਿਚ ਕੈਨੇਡੀਅਨਜ਼ ਦਾ ਵਿਸ਼ਵਾਸ ਵੀ ਹਿੱਲ ਗਿਆ ਹੈ। ਇਸ ਸਾਲ ਕੈਨੇਡਾ 900,000 ਇੰਟਰਨੈਸ਼ਨਲ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਤਿਆਰ ਹੈ। ਇੱਕ ਇੰਟਰਵਿਊ ਵਿਚ ਮਿੱਲਰ ਨੇ ਆਖਿਆ ਕਿ ਕੈਨੇਡਾ ਦੇ ਇਤਿਹਾਸ ਵਿਚ ਇਹ ਅੰਕੜਾ ਕਾਫੀ ਵੱਧ ਹੈ ਤੇ ਇੱਕ ਦਹਾਕੇ ਪਹਿਲਾਂ ਨਾਲੋਂ ਇਹ ਅੰਕੜਾ ਤਿਗੁਣਾ ਵੱਧ ਚੁੱਕਿਆ ਹੈ। ਇੰਟਰਨੈਸ਼ਨਲ ਵਿਦਿਆਰਥੀਆਂ ਦੀ ਗਿਣਤੀ ਵਿਚ ਹੋ ਰਹੇ ਇਸ ਵਾਧੇ ਵੱਲ ਇਸ ਹਫਤੇ ਉਦੋਂ ਧਿਆਨ ਗਿਆ, ਜਦੋਂ ਨਵੇਂ ਹਾਊਸਿੰਗ ਮੰਤਰੀ ਸ਼ੌਨ ਫਰੇਜ਼ਰ ਨੇ ਕੈਨੇਡਾ ਆਉਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ 'ਤੇ ਸੰਭਾਵੀ ਰੋਕ ਲਾਉਣ ਦਾ ਵਿਚਾਰ ਪ੍ਰਗਟਾਇਆ।

ਪਰ ਮਿੱਲਰ ਨੇ ਆਖਿਆ ਕਿ ਕੈਨੇਡਾ ਦਾਖਲ ਹੋਣ ਵਾਲੇ ਵਿਦਿਆਰਥੀਆਂ 'ਤੇ ਇਸ ਤਰ੍ਹਾਂ ਰੋਕ ਨਹੀਂ ਲਾਈ ਜਾ ਸਕਦੀ। ਉਨ੍ਹਾਂ ਆਖਿਆ ਕਿ ਇਹ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਮਿੱਲਰ ਨੇ ਆਖਿਆ ਕਿ ਕੁੱਝ ਲੋਕ ਹਨ ਜਿਹੜੇ ਸਿਸਟਮ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਨਾਲ ਕਾਨੂੰਨੀ ਢੰਗ ਨਾਲ ਕੈਨੇਡਾ ਆਉਣ ਵਾਲਿਆਂ ਉੱਤੇ ਵੀ ਨਕਾਰਾਤਮਕ ਅਸਰ ਪੈ ਰਿਹਾ ਹੈ।

# ਅਮਰੀਕਾ 'ਚ ਪੁਲਿਸ ਅਫਸਰਾਂ ਹੱਥੋਂ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਵੱਲੋਂ ਨਿਆਂ ਦੀ ਮੰਗ

**ਵਕੀਲ ਨੇ ਕਿਹਾ: ਪੁਲਿਸ ਦੀ ਕਹਾਣੀ ਵਿਚ ਸਾਨੂੰ ਨਹੀਂ ਹੈ ਵਿਸ਼ਵਾਸ**




ਪ੍ਰੈਸ ਕਾਨਫਰੰਸ ਦੌਰਾਨ ਵਕੀਲ ਬੈਨ ਕਰੰਪ ਗੱਲਬਾਤ ਕਰਦਾ ਹੋਇਆ। ਨਾਲ ਪੀੜਤ ਪਰਿਵਾਰਾਂ ਦੇ ਮੈਂਬਰ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਹਾਲ ਹੀ ਵਿਚ ਸ਼ੈਲਬਾਈ ਕਾਊਂਟੀ, ਟੇਨੈਸੀ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਨਾਲ ਵੱਖ-ਵੱਖ ਕਥਿਤ ਹਿਰਾਸਤੀ ਮੁਕਾਬਲਿਆਂ ਵਿਚ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਇਕ ਪ੍ਰੈੱਸ ਕਾਨਫਰੰਸ ਕਰਕੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈੱਸ ਕਾਨਫਰੰਸ ਜਿਸ ਵਿਚ ਪੀੜਤਾਂ ਦਾ ਵਕੀਲ ਬੈਨ ਕਰੰਪ ਵੀ ਹਾਜ਼ਰ ਸੀ, ਵਿਚ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ। ਹਾਲਾਂਕਿ ਇਨ੍ਹਾਂ ਦੋਨਾਂ ਮਾਮਲਿਆਂ ਦਾ ਆਪਸ 'ਚ ਸਬੰਧ ਨਹੀਂ ਹੈ ਪਰੰਤੂ ਪੀੜਤ ਪਰਿਵਾਰਾਂ ਦਾ ਦਰਦ ਇਕੋ ਜਿਹਾ ਹੈ। ਜਰਵੇਆਨ ਹਡਸਪੈਥ (21) ਦੀ ਮੌਤ ਸ਼ੈਲਬਾਈ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀ ਵੱਲੋਂ ਉਸ ਨੂੰ ਇਕ ਟਰੈਫਿਕ ਸਟਾਪ 'ਤੇ ਰੋਕੇ ਜਾਣ ਉਪਰੰਤ ਇਸ ਸਾਲ 24 ਜੂਨ ਨੂੰ ਹੋਈ ਸੀ, ਜਦਕਿ ਦੂਸਰੇ ਕਾਲੇ ਵਿਅਕਤੀ ਕਰਟਨੀ ਰੋਸ ਦੀ ਮੌਤ ਇਸ ਮਹੀਨੇ ਅਗਸਤ 'ਚ ਮੈਮਫਿਸ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ ਦੌਰਾਨ ਹੋਈ ਸੀ। ਪ੍ਰੈੱਸ ਕਾਨਫਰੰਸ 'ਚ ਹਡਸਪੈਥ ਦੀ ਮਾਂ ਚਰਲੋਟ ਹੈਗਟ ਨੇ ਕਿਹਾ ਕਿ ਉਸ ਦਾ ਬੇਟਾ ਕਾਲਜ ਦਾ ਵਿਦਿਆਰਥੀ ਸੀ ਤੇ ਉਹ ਦੋ ਦਿਨਾਂ ਤੋਂ ਲਾਪਤਾ ਸੀ। ਉਪਰੰਤ ਸ਼ੈਰਿਫ ਦਫਤਰ ਵੱਲੋਂ ਦੱਸਿਆ ਗਿਆ ਕਿ ਉਹ ਕਾਰ ਹਾਦਸੇ 'ਚ ਮਾਰਿਆ ਗਿਆ ਹੈ। ਉਸ ਨੇ ਦੋਸ਼ ਲਾਇਆ ਕਿ ਅਸਲ ਵਿਚ ਉਸ ਦੀ ਮੌਤ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਸ਼ੈਲਬੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਘਟਨਾ ਦੇ ਦੋ ਮਹੀਨੇ ਬਾਅਦ ਬੀਤੇ ਦਿਨੀਂ ਜਾਰੀ ਵੀਡੀਓ ਵਿਚ ਇਕ ਡਿਪਟੀ ਹਡਸਪੈਥ ਨੂੰ ਆਪਣੇ ਵੱਲ ਖਿੱਚ ਰਿਹਾ ਨਜ਼ਰ ਆ ਰਿਹਾ ਹੈ। ਹਡਸਪੈਥ ਡਿਪਟੀ ਦੀਆਂ ਹਦਾਇਤਾਂ ਮੰਨਦਾ ਹੋਇਆ ਕਾਰ ਵਿਚੋਂ ਬਾਹਰ ਆ ਜਾਂਦਾ ਹੈ। ਟੇਨੈਸੀ ਜਾਂਚ ਬਿਊਰੋ ਦੀ ਰਿਪੋਰਟ ਅਨੁਸਾਰ ਹਡਸਪੈਥ ਮੁੜ ਆਪਣੀ ਕਾਰ ਨੂੰ ਭਜਾ ਕੇ ਲਿਜਾਣ ਦਾ ਯਤਨ ਕਰਦਾ ਹੈ, ਜਿਸ ਦੌਰਾਨ ਉਹ ਡਿਪਟੀ ਨੂੰ ਆਪਣੀ ਕਾਰ ਦੇ ਨਾਲ ਹੀ ਤਕਰੀਬਨ 100 ਗਜ ਧੂਹ ਕੇ ਲੈ ਜਾਂਦਾ ਹੈ। ਇਸ ਦੌਰਾਨ ਹੀ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਜਾਂਦਾ ਹੈ, ਜਿਸ ਦੀ ਬਾਅਦ ਵਿਚ ਮੌਤ ਹੋ ਜਾਂਦੀ ਹੈ। ਇਸ ਘਟਨਾ ਵਿਚ ਡਿਪਟੀ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ। ਰੋਸ ਦੀ ਮੌਤ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਸੀ। ਇਸ ਮਾਮਲੇ ਵਿਚ ਮੈਮਫਿਸ ਪੁਲਿਸ ਵਿਭਾਗ ਦਾ ਕਹਿਣਾ ਹੈ ਕਿ ਰੋਕੇ ਜਾਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ, ਜਿਸ ਦੌਰਾਨ ਉਹ ਬੁਰੀ ਤਰ੍ਹਾਂ ਹਫ ਗਿਆ ਸੀ ਤੇ ਬਾਅਦ ਵਿਚ ਦਮ ਤੋੜ ਗਿਆ ਸੀ। ਦੋਨਾਂ ਪੀੜਤ ਪਰਿਵਾਰਾਂ ਦੀ ਪ੍ਰਤੀਨਿੱਧਤਾ ਕਰਦਿਆਂ ਹੋਇਆਂ ਮਨੁੱਖੀ ਹੱਕਾਂ ਸਬੰਧੀ ਵਕੀਲ ਬੈਨ ਕਰੰਪ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਨਿਹੱਥੇ ਕਾਲੇ ਵਿਅਕਤੀ ਪੁਲਿਸ ਨਾਲ ਗੱਲਬਾਤ ਉਪਰੰਤ ਮਾਰੇ ਜਾਂਦੇ ਹਨ। ਇਹ ਭਰੋਸਾ ਤੋੜਨ ਵਾਲਾ ਵਰਤਾਰਾ ਹੈ। ਸਾਨੂੰ ਪੁਲਿਸ ਦੀ ਕਹਾਣੀ ਵਿਚ ਵਿਸ਼ਵਾਸ ਨਹੀਂ ਹੈ।


ਜੇ ਤੁਹਾਡੇ ਵੀ ਘਰ ਵਿਚ ਕਲੇਸ਼ ਰਹਿੰਦਾ ਹੈ, ਕਾਰੋਬਾਰ ਚੱਲ ਨਹੀਂ ਪਾ ਰਿਹਾ, ਨੌਕਰੀ ਦੀ ਤਲਾਸ਼ ਵਿਚ ਹੋ
ਹੁਣੇ ਸੰਪਰਕ ਕਰੋ
ਪੰਡਿਤ ਵਿਜੇ ਸ਼ਾਸਤਰੀ ਜੀ
- ਬੱਚੇ ਤੁਹਾਡੇ ਕਹਿਣੇ ਵਿਚੋਂ ਬਾਹਰ ਹਨ
- ਸਿਹਤ ਚੰਗੀ ਨਹੀਂ ਰਹਿੰਦੀ
- ਅਦਾਲਤੀ ਮਾਮਲਾ
- ਵਿਦੇਸ਼ ਯਾਤਰਾ ਜਾਂ ਵੀਜ਼ਾ ਨਾ ਲੱਗਣਾ
- ਭਾਵੇਂ ਸੌਤਨ ਤੋਂ ਛੁਟਕਾਰਾ ਪਾਣਾ ਹੋਵੇ



ਪੰਡਿਤ ਵਿਜੇ ਸ਼ਾਸਤਰੀ ਜੀ ਕਰ ਸਕਦੇ ਨੇ ਤੁਹਾਡੀ ਹਰ ਸਮੱਸਿਆ ਦਾ ਹੱਲ....
ਹੁਣੇ ਸੰਪਰਕ ਕਰੋ
718-508-2517, 516-304-8285, 718-554-7838
ਵਟਸਐਪ ਨੰਬਰ : 929-260-9510, 516-304-8285



Do you know how to plan & secure your finances?
*Book your free consultations for*
- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy



Harsimran Bajwa
Lic# 4267166
Call/Text: (916) 479-4783
Email: bajwahgi@gmail.com
*Let's do the needful to secure our life and our family's future!*

# ਲਾਹੌਰ ਵਿਖੇ 'ਵਾਰਿਸ ਸ਼ਾਹ ਅੰਤਰਰਾਸ਼ਟਰੀ ਐਵਾਰਡ' ਸਮਾਗਮ ਦਾ ਸਫਲ ਆਯੋਜਨ

■ ਵਿਦੇਸ਼ਾਂ 'ਚ ਰਹਿੰਦੇ ਅਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਕਵੀਆਂ, ਕਹਾਣੀਕਾਰਾਂ ਤੇ ਮਾਂ ਬੋਲੀ ਪੰਜਾਬੀ ਦੇ ਸੇਵਕਾਂ ਦਾ ਹੋਇਆ ਸਨਮਾਨ
















**ਲਾਹੌਰ, (ਪੰਜਾਬ ਮੇਲ)-** ਚੜ੍ਹਦੇ ਪੰਜਾਬ ਦੇ ਪ੍ਰਮੁੱਖ ਪੰਜਾਬੀ ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ, ਕੈਨੇਡਾ ਨਿਵਾਸੀ ਉੱਚਕੋਟੀ ਦੇ ਪੰਜਾਬੀ ਕਵੀ ਸ਼੍ਰੀ ਰਵਿੰਦਰ ਰਵੀ, ਲਹਿੰਦੇ ਪੰਜਾਬ ਦੀ ਵਧੀਆ ਸੂਫੀ ਗਾਇਕ ਟੋਲੀ 'ਬਾਬਾ ਗਰੁੱਪ' ਨੂੰ ਸਭ ਤੋਂ ਇੱਜ਼ਤਾਂ-ਮਾਨਾਂ ਵਾਲੇ ਪੰਜਾਬੀ ਪੁਰਸਕਾਰ 'ਵਾਰਿਸ ਸ਼ਾਹ ਅੰਤਰਰਾਸ਼ਟਰੀ ਅਵਾਰਡ' ਨਾਲ ਲਾਹੌਰ ਪਾਕਿਸਤਾਨ 'ਚ ਨਿਵਾਜਿਆ ਗਿਆ। ਕੁੱਲ ਮਿਲਾ ਕੇ 140 ਪੰਜਾਬੀ ਲੇਖਕਾਂ, ਕਵੀਆਂ, ਗਾਇਕਾਂ, ਕਲਾਕਾਰਾਂ, ਅਧਿਆਪਕਾਂ, ਪੰਜਾਬੀ ਅਖਬਾਰ, ਰਸਾਲਿਆਂ ਦੇ ਸੰਪਾਦਕਾਂ, ਮਾਂ ਬੋਲੀ ਪੰਜਾਬੀ ਦੇ ਦੇਸੀ-ਵਿਦੇਸ਼ੀ ਸੇਵਕਾਂ, ਰੇਡੀਓ ਟੀ.ਵੀ. ਤੇ ਸੋਸ਼ਲ ਮੀਡੀਆ ਤੇ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਜਾਬੀਆਂ ਦੇ ਸਾਂਝੇ ਦੁੱਖਾਂ-ਦਰਦਾਂ ਦੀ ਗੱਲ ਕਰਨ ਵਾਲੇ ਬੁਲਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸ਼ਾਨਾਂਮੱਤੇ ਸਮਾਗਮ ਵਿਚ ਭਾਗ ਲੈਣ ਲਈ ਵਿਸ਼ਵ ਭਰ ਤੋਂ ਏਨੀ ਵੱਡੀ ਗਿਣਤੀ ਵਿਚ ਲੋਕ ਆਏ ਸਨ ਕਿ ਇਸ ਦਾ ਪ੍ਰਬੰਧ ਕਜਾਫੀ ਸਟੇਡੀਅਮ ਲਾਹੌਰ ਦੇ ਵਿਸ਼ਾਲ ਪਿਲਾਕ ਆਡੀਟੋਰੀਅਮ ਵਿਚ ਕੀਤਾ ਗਿਆ ਸੀ। ਇਹ ਉਹੀ ਜਗਤ ਪ੍ਰਸਿੱਧ ਸਟੇਡੀਅਮ ਹੈ, ਜਿਸ ਵਿਚ ਕ੍ਰਿਕਟ ਦਾ ਵਿਸ਼ਵ ਕੱਪ ਹੋਇਆ ਸੀ।

'ਵਾਰਿਸ ਸ਼ਾਹ ਆਲਮੀ ਫਾਊਂਡੇਸ਼ਨ' ਦੇ ਚੇਅਰਮੈਨ ਇਲਿਆਸ ਘੁੰਮਣ ਨੇ ਮਹਿਮਾਨਾਂ ਦਾ ਨਿੱਘਾ ਸੁਆਗਤ ਕਰਦਿਆਂ ਕਿਹਾ ਕਿ ਅਗਲੇ ਸਾਲ ਤੋਂ ਵਧੀਆ ਪੰਜਾਬੀ ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਅਤੇ ਬਿਹਤਰੀਨ ਅਭਿਨੇਤਾ, ਅਭਿਨੇਤਰੀ ਨੂੰ ਵੀ 'ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ' ਨਾਲ ਸਨਮਾਨਿਤ ਕੀਤਾ ਜਾਏਗਾ।

'ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ 2023' ਜੇਤੂਆਂ 'ਚ 1. ਪ੍ਰੋ. ਡਾ. ਨਬੀਲਾ ਰਹਿਮਾਨ ਵੀ.ਸੀ. ਝੰਗ ਯੂਨੀਵਰਸਿਟੀ (ਪਾਕਿਸਤਾਨ ਵਿਚ ਪੰਜਾਬੀ ਪੜ੍ਹਾਈ ਲਿਖਾਈ ਲਈ ਉਪਰਾਲੇ ਕਰਨ ਲਈ), 2. ਪ੍ਰੋ. ਡਾ. ਕਲਿਆਣ ਸਿੰਘ ਕਲਿਆਣ (ਪਾਕਿਸਤਾਨ ਵਿਚ ਗੁਰਮਤਿ ਅਤੇ ਗੁਰਮੁੱਖੀ ਸਿਖਿਆ ਦੇਣ 'ਤੇ), 3. ਪ੍ਰੋ. ਡਾ. ਨਿਗਹਤ ਖੁਰਸ਼ੀਦ ਪ੍ਰਿੰ. ਬੀਬੀਆਂ ਦਾ ਸਰਕਾਰੀ ਕਾਲਜ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ (ਲੇਖਿਕਾ ਅਧਿਆਪਕਾ ਵਿਸ਼ੇਸ਼ ਕਰਕੇ ਸਿੱਖ ਵਿਦਿਆਰਥਣਾਂ ਨੂੰ ਆਧੁਨਿਕ ਸਿੱਖਿਆ ਦੇਣ ਦੀ ਸੇਵਾ 'ਤੇ), 4. ਸੇਵਾਮੁਕਤ ਪੰਜਾਬੀ ਪ੍ਰੋ. ਡਾ. ਦਿਲਸ਼ਾਦ ਟਿਵਾਣਾ (1971-72 ਵਿਚ ਪਾਕਿਸਤਾਨ ਦੀ ਪਹਿਲੀ ਪੰਜਾਬੀ ਪੀ.ਐੱਚ.ਡੀ ਕਰਨ ਵਾਲੀ ਬੀਬੀ, ਜਿਸ ਨੇ ਅਨੇਕਾਂ ਸਰਕਾਰੀ ਕਾਰਜਾਂ ਵਿਚ ਪੰਜਾਬੀ ਵਿਭਾਗ ਚਲਾਉਣ ਦੀ ਸੇਵਾ ਨਿਭਾਈ) ਆਦਿ ਸ਼ਾਮਲ ਸਨ।

ਸਨਮਾਨਿਤ ਕੀਤੇ ਗਏ ਵਿਦੇਸ਼ੀ ਪੰਜਾਬੀ ਲੇਖਕਾਂ ਵਿਚ ਹਰਕੀਰਤ ਕੌਰ ਚਹਿਲ (ਕੈਨੇਡਾ), ਅੰਬਰੀਨ ਜਫਰ (ਯੂ.ਕੇ.), ਅਸ਼ਰਫ ਗਿਲ (ਯੂ.ਐੱਸ.ਏ.), ਜਫਰ ਵੜੈਚ (ਫਿਨਲੈਂਡ), ਸੁਹੇਲ ਸਫਦਰ (ਸਵੀਡਨ), ਅਬਾਸ ਖਾਨ ਲਾਸ਼ਾਰੀ (ਦੁਬਈ), ਵਾਰਿਸ ਅਲੀ ਵਾਰਿਸ (ਆਸਟ੍ਰੇਲੀਆ ਰੇਡੀਓ) ਅਤੇ ਅਨੇਕਾਂ ਹੋਰ ਹਸਤੀਆਂ ਸ਼ਾਮਲ ਸਨ। ਸੋਸ਼ਲ ਮੀਡੀਆ ਤੇ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਆਵਾਜ਼ ਚੁੱਕਣ ਵਾਲੀਆਂ 'ਚੋਂ ਜੇਬੀ ਹੰਜਰਾ, ਮਲਿਕ ਮੁਜਾਹਿਦ ਹੁਸੈਨ ਖੋਖਰ, ਅੰਜਮ ਸਰੋਇਆ, ਤਜਮਲ ਘੁੰਮਣ, ਖੁਰਮ ਸੁਲਾ ਅਤੇ ਅਨੇਕਾਂ ਹੋਰ ਨੂੰ 'ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ।

## 15 ਅਕਤੂਬਰ ਨੂੰ ਵਤਨ ਪਰਤ ਸਕਦੇ ਨੇ ਨਵਾਜ਼ ਸ਼ਰੀਫ




**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ 15 ਅਕਤੂਬਰ ਨੂੰ ਲੰਡਨ ਤੋਂ ਵਤਨ ਪਰਤਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਸ਼ੁੱਕਰਵਾਰ ਨੂੰ ਸਥਾਨਕ ਮੀਡੀਆ 'ਚ ਪ੍ਰਕਾਸ਼ਿਤ ਇਕ ਖ਼ਬਰ 'ਚ ਦਿੱਤੀ ਗਈ ਹੈ। ਨਵਾਜ਼ ਸ਼ਰੀਫ ਦੇ ਭਰਾ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਨਵਾਜ਼ ਦੀ ਵਾਪਸੀ ਦਾ ਐਲਾਨ ਕੀਤਾ ਸੀ। ਨਵਾਜ਼ ਸ਼ਰੀਫ ਨਵੰਬਰ 2019 ਤੋਂ ਯੂ.ਕੇ. 'ਚ ਰਹਿ ਰਹੇ ਹਨ। ਉਨ੍ਹਾਂ ਨੇ 2018 'ਚ ਅਲ-ਅਜ਼ੀਜ਼ੀਆ ਮਿਲਜ਼ ਅਤੇ ਐਵੇਨਫੀਲਡ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਦੋਸ਼ੀ ਠਹਿਰਾਇਆ ਗਿਆ ਸੀ। ਨਵਾਜ਼ ਸ਼ਰੀਫ ਅਲ-ਅਜ਼ੀਜ਼ੀਆ ਮਿਲਜ਼ ਮਾਮਲੇ 'ਚ ਲਾਹੌਰ ਦੀ ਕੋਟ ਲਖਪਤ ਜ਼ੇਲ੍ਹ 'ਚ ਸੱਤ ਸਾਲ ਦੀ ਸਜ਼ਾ ਕੱਟ ਰਹੇ ਸਨ। ਉਨ੍ਹਾਂ ਨੂੰ ਮੈਡੀਕਲ ਆਧਾਰ 'ਤੇ 2019 'ਚ ਲੰਡਨ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। ਜੀਓ ਨਿਊਜ਼ ਨੇ ਲੰਡਨ ਤੋਂ ਨਵਾਜ਼ ਸ਼ਰੀਫ ਦੇ ਪਰਿਵਾਰਕ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੇ ਮੁਖੀ ਦੇ 15 ਅਕਤੂਬਰ ਨੂੰ ਪਾਕਿਸਤਾਨ ਪਰਤਣ ਦੀ ਉਮੀਦ ਹੈ। ਸੂਤਰਾਂ ਮੁਤਾਬਕ ਨਵਾਜ਼, ਸ਼ਾਹਬਾਜ਼ ਅਤੇ ਉਨ੍ਹਾਂ ਦੇ ਕਰੀਬੀ ਪਰਿਵਾਰਕ ਮੈਂਬਰਾਂ ਨੇ ਅਕਤੂਬਰ ਦੀ ਮੱਧ ਤਾਰੀਖ਼ ਨੂੰ ਲੰਡਨ 'ਚ ਫਾਈਨਲ ਕੀਤਾ ਸੀ।

ਇਸ ਮਹੀਨੇ ਦੇ ਸ਼ੁਰੂ 'ਚ ਸਾਬਕਾ ਪ੍ਰਧਾਨ ਮੰਤਰੀ ਸ਼ਹਿਬਾਜ਼ ਨੇ ਕਿਹਾ ਸੀ ਕਿ ਉਨ੍ਹਾਂ ਦਾ ਭਰਾ ਨਵਾਜ਼ ਸਤੰਬਰ 'ਚ ਆਪਣੇ ਲੰਬਿਤ ਅਦਾਲਤੀ ਮਾਮਲਿਆਂ ਦਾ ਸਾਹਮਣਾ ਕਰਨ ਅਤੇ ਆਮ ਚੋਣਾਂ ਲਈ ਪਾਰਟੀ ਦੀ ਮੁਹਿੰਮ ਦੀ ਅਗਵਾਈ ਕਰਨ ਲਈ ਪਾਕਿਸਤਾਨ ਪਰਤੇਗਾ। ਹਾਲਾਂਕਿ ਪਾਕਿਸਤਾਨ ਦੇ ਚੋਣ ਕਮਿਸ਼ਨ (ਈ.ਸੀ.ਪੀ.) ਵੱਲੋਂ ਨਵੀਂ ਜਨਗਣਨਾ ਦੇ ਆਧਾਰ 'ਤੇ ਚੋਣ ਹਲਕਿਆਂ ਨੂੰ ਦੁਬਾਰਾ ਬਣਾਉਣ ਦਾ ਫ਼ੈਸਲਾ ਕਰਨ ਤੋਂ ਬਾਅਦ ਸ਼ਰੀਫ ਦੇ ਦੌਰੇ ਦੀ ਯੋਜਨਾ ਬਦਲ ਦਿੱਤੀ ਗਈ ਸੀ।

## ਅਮਰੀਕਾ 'ਤੇ ਈਰਾਨ ਵੱਲੋਂ ਲਾਇਆ 2.72 ਹਜ਼ਾਰ ਕਰੋੜ ਦਾ ਜੁਰਮਾਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਈਰਾਨ ਦੀ ਇੱਕ ਕੋਰਟ ਨੇ ਅਮਰੀਕਾ 'ਤੇ ਤਖਤਾਪਲਟ ਦੀ ਕੋਸ਼ਿਸ਼ 'ਚ ਸ਼ਾਮਲ ਹੋਣ ਦੇ ਦੋਸ਼ ਲਾਉਂਦਿਆਂ 2.72 ਹਜ਼ਾਰ ਕਰੋੜ ਰੁਪਏ ਦਾ ਜੁਰਮਾਨਾ ਲਾ ਦਿੱਤਾ।


ਕੋਰਟ ਨੇ ਕਿਹਾ ਕਿ 1979 ਦੀ ਇਸਲਾਮਿਕ ਕ੍ਰਾਂਤੀ ਵਿਚ ਅਮਰੀਕੀ ਹਮਾਇਤੀ ਸ਼ਾਹ ਮੁਹੰਮਦ ਦੀ ਸੱਤਾ ਦਾ ਅੰਤ ਹੋ ਗਿਆ ਸੀ। ਇਸ ਤੋਂ ਲਗਭਗ 1 ਸਾਲ ਬਾਅਦ 1980 ਵਿਚ ਕਈ ਆਰਮੀ ਅਫ਼ਸਰਾਂ ਨੇ ਮਿਲ ਕੇ ਤਖਤਾਪਲਟ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਮੰਤਵ ਦੇਸ਼ ਭਰ ਵਿਚ ਫ਼ੌਜੀ ਟਿਕਾਣਿਆਂ 'ਤੇ ਕਬਜ਼ਾ ਕਰਨਾ, ਰਣਨੀਤਕ ਕੇਂਦਰਾਂ ਅਤੇ ਕ੍ਰਾਂਤੀ ਵਿਚ ਸ਼ਾਮਲ ਰਹੇ ਨੇਤਾਵਾਂ ਦੀਆਂ ਰਿਹਾਇਸ਼ਾਂ ਨੂੰ ਨਿਸ਼ਾਨਾ ਬਣਾਉਣਾ ਸੀ।






# ਪੰਜਾਬ ਦੀ ਵੰਡ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਵੱਲੋਂ ਆਪਸੀ ਸਹਿਮਤੀ ਨਾਲ ਲੋਕਾਂ 'ਤੇ ਠੋਸੀ : ਸਤਨਾਮ ਸਿੰਘ ਮਾਣਕ

**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਜੇਕਰ ਕਾਂਗਰਸ ਪਾਰਟੀ ਮੁਸਲਿਮ ਭਾਈਚਾਰੇ ਨੂੰ ਪੂਰੀ ਤਰ੍ਹਾਂ ਨਾਲ ਲੈ ਕੇ ਚਲਦੀ ਤਾਂ ਅੰਗਰੇਜ਼ਾਂ ਨੂੰ ਭਾਰਤ ਦੀ ਵੰਡ ਕਰਨ ਦਾ ਬਹਾਨਾ ਨਾ ਮਿਲਦਾ। ਅੰਗਰੇਜ਼ ਨਹੀਂ ਸੀ ਚਾਹੁੰਦੇ ਕਿ ਭਾਰਤ ਇਕ ਰਾਸ਼ਟਰ ਰਹੇ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਆਜ਼ਾਦ ਭਾਰਤ ਰੂਸ ਨਾਲ ਜੁੜ ਜਾਂਦਾ ਹੈ, ਤਾਂ ਦੁਨੀਆਂ ਦਾ ਸੰਤੁਲਨ ਵਿਗੜ ਜਾਵੇਗਾ, ਭਾਰਤ ਇਕ ਮਹਾਂ-ਸ਼ਕਤੀ ਵਜੋਂ ਉੱਭਰ ਸਕਦਾ ਹੈ ਅਤੇ ਸਾਮਰਾਜੀ ਤਾਕਤਾਂ ਹੱਥੋਂ ਵਿਸ਼ਵ ਦੀ ਲੀਡਰਸ਼ਿਪ ਖੁੱਸ ਸਕਦੀ ਹੈ। ਇਹ ਵਿਚਾਰ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਜੀਵੇ ਪੰਜਾਬ ਅਦਬੀ ਸੰਗਤ ਅਤੇ ਸਾਊਥ ਏਸ਼ੀਅਨ ਰੀਵਿਊ ਕੈਨੇਡਾ ਵੱਲੋਂ ਪੰਜਾਬ ਅਤੇ ਪੰਜਾਬ ਦੀ ਵੰਡ ਵਿਸ਼ੇ ਉੱਪਰ ਆਨ-ਲਾਈਨ ਕਰਵਾਈ ਗਈ ਵਿਚਾਰ-ਚਰਚਾ ਦੌਰਾਨ ਪ੍ਰਗਟ ਕੀਤੇ।



ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੂੰ ਇਹ ਵੀ ਖ਼ਦਸ਼ਾ ਸੀ ਕਿ ਜੇ ਭਾਰਤ ਇਕਜੁੱਟ ਰਹਿੰਦਾ ਹੈ, ਤਾਂ ਇਹ ਆਰਥਿਕ ਤੌਰ 'ਤੇ ਵੀ ਸਮਰੱਥ ਤਾਕਤ ਬਣ ਸਕਦਾ ਹੈ। ਅਸਲ ਵਿਚ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਨੇ ਆਪਸੀ ਸਹਿਮਤੀ ਨਾਲ ਹੀ ਭਾਰਤ (ਪੰਜਾਬ) ਦੀ ਵੰਡ ਭਾਰਤੀਆਂ 'ਤੇ ਠੋਸੀ ਹੈ ਅਤੇ ਇਸ ਦਾ ਸਭ ਤੋਂ ਵੱਧ ਸੰਤਾਪ ਪੰਜਾਬੀ ਨੂੰ ਸਹਿਣਾ ਪਿਆ ਹੈ। ਇਹ ਇਕ ਅਣਮਨੁੱਖੀ ਕਾਰਾ ਸੀ, ਜਿਸ ਵਿਚ 10 ਲੱਖ ਲੋਕ ਇਸ ਫਿਰਕੂ ਹਨੇਰੀ ਵਿਚ ਮਾਰੇ ਗਏ ਅਤੇ ਇਕ ਕਰੋੜ ਲੋਕਾਂ ਨੂੰ ਉਜਾੜਾ ਸਹਿਣਾ ਪਿਆ। ਉਨ੍ਹਾਂ ਕਿਹਾ ਕਿ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਘਟਨਾ ਨੂੰ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਮੰਨਿਆ ਗਿਆ ਹੈ ਪਰ ਪੰਜਾਬ ਦਾ ਇਹ ਦੁਖਾਂਤ ਵੀ ਓਨਾ ਹੀ ਵੱਡਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਉਸ ਵੇਲੇ ਮੁਸਲਮਾਨ, ਸਿੱਖ, ਹਿੰਦੂ ਭਾਈਚਾਰੇ ਦੇ ਲੋਕਾਂ ਨੇ ਇਕ ਦੂਜੇ ਨੂੰ ਮਾਰਿਆ, ਲੁੱਟ-ਖਸੁੱਟ ਕੀਤੀ, ਔਰਤਾਂ ਨੂੰ ਬੇਪਤ ਕੀਤਾ। ਕਿਸੇ ਨੇ ਵੱਧ ਕੀਤਾ ਅਤੇ ਕਿਸੇ ਨੇ ਘੱਟ। ਇਸ ਅਣਮਨੁੱਖੀ ਇਤਿਹਾਸ ਦੀ ਸ਼ਰਮਿੰਦਗੀ ਸਾਨੂੰ ਹਮੇਸ਼ਾ ਰਹੇਗੀ ਅਤੇ ਸਾਨੂੰ ਸਰਹੱਦਾਂ ਦੇ ਆਰ-ਪਾਰ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਇਤਿਹਾਸਕ ਘਟਨਾਵਾਂ ਦਾ ਨਿਰਪੱਖ ਦ੍ਰਿਸ਼ਟੀਕੋਣ ਅਤੇ ਪੰਜਾਬ ਦੇ ਨਜ਼ਰੀਏ ਤੋਂ ਵਿਸਲੇਸ਼ਣ ਕਰਨਾ ਚਾਹੀਦਾ ਹੈ ਅਤੇ ਜਿਹੜੇ-ਜਿਹੜੇ ਭਾਈਚਾਰੇ ਤੋਂ ਗ਼ਲਤੀ ਹੋਈ, ਉਸ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

ਪੰਜਾਬੀਆਂ ਦੇ ਅਜੋਕੇ ਸਰੋਕਾਰਾਂ ਦੀ ਗੱਲ ਕਰਦਿਆਂ ਸ਼੍ਰੀ ਮਾਣਕ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਵਿਚ ਅਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵੱਲੋਂ ਨਵੀਂ ਪੀੜ੍ਹੀ ਤੱਕ ਆਪਣਾ ਇਤਿਹਾਸ, ਵਿਰਸਾ, ਸੱਭਿਆਚਾਰ ਪਹੁੰਚਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਸਰੋਕਾਰਾਂ ਦੀ ਪੂਰਤੀ ਲਈ, ਆਪਣੀ ਆਰਥਿਕ ਖੁਸ਼ਹਾਲੀ ਲਈ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਨੂੰ ਇਹ ਮੁੱਦਾ ਉਠਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਦੋਹਾਂ ਦੇਸ਼ਾਂ ਵਿਚ ਆਉਣ-ਜਾਣ ਦੀ ਆਜ਼ਾਦੀ ਦਿੱਤੀ ਜਾਵੇ, ਜਿਸ ਨਾਲ ਇਕ ਦੂਜੇ ਦੇ ਸਹਿਯੋਗ ਨਾਲ ਅਸੀਂ ਆਰਥਿਕ ਖੁਸ਼ਹਾਲੀ ਹਾਸਲ ਕਰ ਸਕੀਏ ਅਤੇ ਆਪਣੀ ਪਹਿਚਾਣ, ਆਪਣਾ ਵਿਰਸਾ, ਸੱਭਿਆਚਾਰ, ਆਪਣੀ ਬੋਲੀ ਨੂੰ ਅੱਗੇ ਵਧਾ ਸਕੀਏ। ਸਤਨਾਮ ਸਿੰਘ ਮਾਣਕ ਨੇ ਇਹ ਵੀ ਕਿਹਾ ਕਿ ਜੇ ਭਾਰਤ ਅਤੇ ਪਾਕਿਸਤਾਨ ਨੇ ਤਰੱਕੀ ਕਰਨੀ ਹੈ, ਤਾਂ ਦੋਹਾਂ ਦੇਸ਼ਾਂ ਵਿਚ ਵਸਦੀਆਂ ਵੱਖ-ਵੱਖ ਕੌਮਾਂ ਨੂੰ ਬਣਦਾ ਮਾਣ-ਸਤਿਕਾਰ ਮਿਲਣਾ ਚਾਹੀਦਾ ਹੈ ਅਤੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਵਿਚ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਇਸ ਵਿਚਾਰ ਚਰਚਾ ਦਾ ਸੰਚਾਲਨ ਨਵਰੂਪ ਸਿੰਘ ਨੇ ਕੀਤਾ ਅਤੇ ਭੁਪਿੰਦਰ ਮੱਲ੍ਹੀ ਨੇ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਸਤਿਨਾਮ ਸਿੰਘ ਮਾਣਕ ਅਤੇ ਵਿਚਾਰ-ਚਰਚਾ ਵਿਚ ਸ਼ਾਮਲ ਹੋਏ ਕੈਨੇਡਾ, ਭਾਰਤ, ਇੰਗਲੈਂਡ, ਅਮਰੀਕਾ, ਪਾਕਿਸਤਾਨ ਦੇ ਸੂਝਵਾਨ ਅਤੇ ਪੰਜਾਬ ਲਈ ਸਿਨੇਹ ਰੱਖਣ ਵਾਲੇ ਪੰਜਾਬੀਆਂ ਦਾ ਧੰਨਵਾਦ ਕੀਤਾ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## ਬਾਇਡਨ ਪ੍ਰਸ਼ਾਸਨ ਵੱਲੋਂ ਸੰਸਦ...

ਵਿਚ ਅੱਜ ਅਸੀਂ ਜਿੱਥੇ ਹਾਂ, ਉਸ ਦੀਆਂ ਲੋੜਾਂ ਨੂੰ ਪੂਰਾ ਕਰ ਸਕੀਏ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਨੇ ਕਿਹਾ ਕਿ ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਬਾਇਡਨ ਨੇ ਇਕ ਇਮੀਗ੍ਰੇਸ਼ਨ ਸੁਧਾਰ ਕਾਨੂੰਨ ਪੇਸ਼ ਕੀਤਾ ਸੀ ਕਿਉਂਕਿ ਉਹ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ।

ਜ਼ਿਕਰਯੋਗ ਹੈ ਕਿ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਇਸ ਲਈ ਇਨ੍ਹਾਂ ਸੁਧਾਰਾਂ ਦਾ ਭਾਰਤੀਆਂ 'ਤੇ ਕੀ ਅਸਰ ਪਵੇਗਾ, ਇਸ ਬਾਰੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਇਹ ਸਭ ਆਉਣ ਵਾਲੇ ਸਮੇਂ ਵਿਚ ਸਪੱਸ਼ਟ ਹੋਵੇਗਾ ਕਿ ਇਸ ਨਾਲ ਭਾਰਤੀਆਂ ਨੂੰ ਫ਼ਾਇਦਾ ਹੋਵੇਗਾ ਜਾਂ ਨਹੀਂ।

ਸਫਾ 1 ਦਾ ਬਾਕੀ

## ਕੈਲੇਫ਼ੋਰਨੀਆ ਸਟੇਟ ਅਸੈਂਬਲੀ ਵੱਲੋਂ...

ਜਸਮੀਤ ਬੈਂਸ ਅਤੇ ਐਸ਼ ਕਾਲੜਾ ਵੀ ਸ਼ਾਮਲ ਸਨ। ਸਾਧਨਹੀਣ ਜਾਤਾਂ ਲਈ ਕੰਮ ਕਰਨ ਵਾਲੀ ਸੰਸਥਾ ਅੰਬੇਡਕਰ ਐਸੋਸੀਏਸ਼ਨ ਆਫ਼ ਨਾਰਥ ਅਮਰੀਕਾ (ਏ.ਏ.ਐੱਨ.ਏ.) ਨੇ ਇਸ ਬਿਲ ਨੂੰ 'ਮੀਲ ਦਾ ਪੱਥਰ', 'ਇਤਿਹਾਸ' ਅਤੇ 'ਬੇਮਿਸਾਲ' ਦੱਸਿਆ ਹੈ। 'ਹਿੰਦੂਜ਼ ਆਫ਼ ਨਾਰਥ ਅਮਰੀਕਾ' (ਸੀ.ਓ.ਐੱਚ.ਐਨ.ਏ.) ਨੇ ਇਸ ਨੂੰ ਕੈਲੀਫੋਰਨੀਆ ਦੇ ਇਤਿਹਾਸ 'ਚ ਇਕ 'ਕਾਲਾ ਦਿਨ' ਦਸਿਆ। ਸੀ.ਓ.ਐੱਚ.ਐਨ.ਏ. ਨੇ ਇਕ ਬਿਆਨ 'ਚ ਕਿਹਾ ਕਿ ਨਿਰਪੱਖ ਨਜ਼ਰ ਨਹੀਂ ਆਉਣ ਅਤੇ ਵਿਸ਼ੇਸ਼ ਤੌਰ 'ਤੇ ਹਿੰਦੂ ਅਮਰੀਕੀਆਂ ਨੂੰ ਨਿਸ਼ਾਨੇ 'ਤੇ ਲੈ ਕੇ ਤਿਆਰ ਕੀਤਾ ਇਹ ਬਿਲ 'ਏਸ਼ੀਅਨ ਐਕਸਕਲੂਜ਼ਨ ਐਕਟ (ਏਸ਼ੀਆਈ ਬਾਈਕਾਟ ਐਕਟ) ਵਰਗੇ ਉਨ੍ਹਾਂ ਅਨਿਆਂਪੂਰਨ ਬਿਲਾਂ ਦੀ ਤਰ੍ਹਾਂ ਸਾਬਤ ਦਾ ਹੋਵੇਗਾ, ਜੋ ਪਾਸ ਕੀਤੇ ਜਾਣ ਵੇਲੇ ਮਕਬੂਲ ਸਨ, ਪਰ ਇਨ੍ਹਾਂ ਦਾ ਪ੍ਰਯੋਗ ਰੰਗ ਦੇ ਆਧਾਰ 'ਤੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਗਿਆ।

ਸਫਾ 1 ਦਾ ਬਾਕੀ

## ਟਰੰਪ ਰਾਸ਼ਟਰਪਤੀ ਬਣੇ ਤਾਂ ਭਾਰਤੀ-ਅਮਰੀਕੀ...

ਦੀ ਭਾਸ਼ਣ ਸ਼ਕਤੀ ਉਸਦਾ ਸਭ ਤੋਂ ਵੱਡਾ ਹਥਿਆਰ ਹੈ। ਉਸ ਨੇ ਬੀਤੇ ਦਿਨੀਂ ਬੁੱਧਵਾਰ ਨੂੰ ਹੋਈ ਬਹਿਸ ਦੌਰਾਨ ਆਪਣੇ ਸਾਰੇ ਵਿਰੋਧੀਆਂ ਨੂੰ ਹਰਾਇਆ। 504 ਲੋਕਾਂ ਵਿਚੋਂ ਉਸ ਨੂੰ 28% ਵੋਟਾਂ ਮਿਲੀਆਂ। ਜਦਕਿ ਹੋਰਾਂ ਨੂੰ ਘੱਟ ਮਿਲੀਆਂ। ਰਾਮਾਸਵਾਮੀ ਵੱਲੋਂ ਚਰਚਾ ਵਿਚ ਉਠਾਏ ਗਏ ਮੁੱਦਿਆਂ ਨੂੰ ਲੋਕਾਂ ਨੇ ਸਭ ਤੋਂ ਵੱਧ ਪਸੰਦ ਕੀਤਾ।

ਇੱਕ ਰਿਪਬਲਿਕਨ ਮੈਂਬਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਇੱਥੋਂ ਤੱਕ ਕਿਹਾ ਕਿ ਰਾਮਾਸਵਾਮੀ, ਜੋ ਟਰੰਪ ਦੇ ਸਹਿਯੋਗੀ ਹਨ, ਨੂੰ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਤੋਂ ਅਸਿੱਧੇ ਤੌਰ 'ਤੇ ਸਮਰਥਨ ਮਿਲ ਰਿਹਾ ਹੈ। ਡੀਸੈਂਟਿਸ ਦੀ ਚੋਣ ਮੁਹਿੰਮ ਹੁਣ ਸੰਘਰਸ਼ ਕਰਨ ਲੱਗੀ ਹੈ। ਹਾਲਾਂਕਿ ਡੀਸੈਂਟਿਸ ਦੀ ਟੀਮ ਦਾ ਕਹਿਣਾ ਹੈ ਕਿ ਉਹ ਆਪਣਾ ਕੰਮ ਚੰਗੀ ਤਰ੍ਹਾਂ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਖ਼ਿਲਾਫ਼ ਚੱਲ ਰਹੀ ਕਾਨੂੰਨੀ ਕਾਰਵਾਈ ਦੌਰਾਨ ਰਾਮਾਸਵਾਮੀ ਟਰੰਪ ਦੇ ਪੱਖ ਅਤੇ ਸਮਰਥਕ ਰਹੇ ਹਨ, ਇਸ ਲਈ ਜੇਕਰ ਡੋਨਾਲਡ ਟਰੰਪ ਜਿੱਤ ਜਾਂਦੇ ਹਨ, ਤਾਂ ਉਹ ਰਾਮਾਸਵਾਮੀ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ 'ਤੇ ਰੱਖਣਗੇ।







# TAKHAR URGENT CARE
# & Family Medicine



**Paramjit S. Takhar, M.D.**
**Board Certified Family Medicine**

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

**Onsite Services**



www.takharfamilymedicine.com

EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

**916-688-8888**
**8191 Timberlake Way #400**
**Sacramento, CA 95823**

We Accept Medicare, Medical & Cash Pay






# Global Allianz

ਕਾਨੂੰਨੀ ਸਲਾਹਾਂ

## LAW FIRM LLP



**Atul Kapoor**
C.E.O

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



**Neat Allen Sawyer**
Attorney at law

**555 Capitol Mall SUITE 1245, Sacramento, CA 95814**
**Phone:209-808-2136, 209-952-5578, 1-916-806-7042, Fax: 209-476-7188**

## 'ਜੋ ਦਿਖਾ, ਸੋ ਲਿਖਾ'

# ਪੰਜਾਬ 'ਚ ਰਾਜਪਾਲ ਨੇ ਦਿੱਤੀ ਰਾਸ਼ਟਰਪਤੀ ਰਾਜ ਦੀ ਧਮਕੀ

## ਰਾਜਪਾਲ ਤੇ ਮੁੱਖ ਮੰਤਰੀ ਵਿਵਾਦ ਪਿੱਛੇ ਗਹਿਰੀ ਸਿਆਸਤ








ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਆਪਸੀ ਕਲੇਸ਼ ਦੇ ਚੱਲਦੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖ ਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਸਿਫ਼ਾਰਿਸ਼ ਕਰਨ ਦੀ ਧਮਕੀ ਦੇ ਦਿੱਤੀ ਗਈ ਹੈ। ਇਸ ਉਪਰੰਤ ਸੂਬੇ ਵਿਚ ਹਰ ਪਾਸੇ 'ਆਪ' ਸਰਕਾਰ ਦੇ ਭਵਿੱਖ ਬਾਰੇ ਚਰਚਾਵਾਂ ਸ਼ੁਰੂ ਹੋ ਚੁੱਕੀਆਂ ਨੇ। ਓਪਰੀ ਨਜ਼ਰੇ ਇਹ ਵਿਵਾਦ ਸੂਬੇ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਦਿਸ ਰਿਹੈ, ਪਰ ਅਜਿਹਾ ਹੈ ਨਹੀਂ। ਇਸ ਸਾਰੇ ਟਕਰਾਅ ਦੀਆਂ ਚਾਲਾਂ ਦਿੱਲੀ ਬੈਠੇ ਆਕਾਵਾਂ ਵਲੋਂ ਰਾਜਨੀਤੀ ਤਹਿਤ ਚਲੀਆਂ ਜਾ ਰਹੀਆਂ ਨੇ। ਅਸੀਂ ਪਹਿਲਾਂ ਕਈ ਲੇਖਾਂ ਵਿਚ ਲਿਖਿਆ ਹੈ ਕਿ ਇਹ ਵਿਵਾਦ ਇਕ ਦਿਨ ਲੋਕਾਂ ਦੀ ਵੱਡੀਆਂ ਉਮੀਦਾਂ ਨਾਲ ਚੁਣੀ ਪੰਜਾਬ ਸਰਕਾਰ ਨੂੰ ਹੀ ਲੈ ਬੈਠੇਗਾ, ਜਿਸ ਦਾ ਨੁਕਸਾਨ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪਏਗਾ। ਪਹਿਲਾਂ ਹੀ ਸੂਬਾ ਤਿੰਨ ਲੱਖ ਕਰੋੜ ਤੋਂ ਵੱਧ ਕਰਜ਼ੇ ਨਾਲ ਬਰਬਾਦ ਹੋ ਚੁੱਕਾ ਹੈ ਅਤੇ ਬੇਰੁਜ਼ਗਾਰੀ ਕਾਰਨ ਨੌਜਵਾਨ ਭਾਰੀ ਤਾਦਾਦ ਵਿਚ ਵਿਦੇਸ਼ਾਂ ਨੂੰ ਜਾ ਰਹੇ ਹਨ। ਹੌਲੀ-ਹੌਲੀ ਧੁਖਦੀ ਕਲੇਸ਼ ਦੀ ਚਿੰਗਾੜੀ, ਹੁਣ ਭਾਂਬੜ ਬਣ ਚੁੱਕੀ ਹੈ। ਰਾਜਪਾਲ ਅਤੇ ਹੁਣ ਰਾਜਪਾਲ ਵੱਲੋਂ ਸੰਵਿਧਾਨ ਦੀ ਧਾਰਾ 356 ਤਹਿਤ ਸੂਬਾ ਸਰਕਾਰ ਨੂੰ ਭੰਗ ਦੀ ਸਿਫਾਰਿਸ਼ ਕਰਨ ਤੱਕ ਜਾ ਪੁੱਜੀ ਹੈ। ਇਸ ਸਮੇਂ ਪੰਜਾਬ ਹੜ੍ਹਾਂ ਦੀ ਬਰਬਾਦੀ ਦਾ ਸਾਹਮਣਾ ਕਰ ਰਿਹੈ। ਸੂਬੇ ਦੇ 19 ਜ਼ਿਲ੍ਹਿਆਂ ਦੇ 1500 ਤੋਂ ਵਧੇਰੇ ਪਿੰਡ ਹੜ੍ਹ ਦੀ ਮਾਰ ਝੱਲ ਰਹੇ ਨੇ। ਫ਼ਸਲਾਂ, ਘਰਾਂ ਅਤੇ ਪਸ਼ੂਆਂ ਦਾ ਬੇਹਿਸਬਾ ਨੁਕਸਾਨ ਹੋਇਆ ਹੈ। ਸੂਬੇ ਸਰਕਾਰ ਅਨੁਸਾਰ 1500 ਕਰੋੜ ਤੋਂ ਵਧੇਰੇ ਨੁਕਸਾਨ ਦਾ ਅਨੁਮਾਨ ਹੈ। ਬਹੁਤੇ ਥਾਵਾਂ 'ਤੇ ਲੋਕਾਂ ਵਲੋਂ ਬੰਨ੍ਹਾਂ ਵਿਚ ਪਏ ਵੱਡੇ ਪਾੜ ਸਰਕਾਰੀ ਸਹਾਇਤਾ ਤੋਂ ਬਗੈਰ ਦਿਨ-ਰਾਤ ਲਗਾ ਕੇ ਪੂਰੇ ਨੇ। ਹੜ ਪ੍ਰਭਾਵਤ ਲੋਕਾਂ ਨੂੰ ਮੁਆਵਜ਼ਾ ਕੇਂਦਰ ਸਰਕਾਰ ਵਲੋਂ ਫੰਡ ਉਪਲਬੱਧਤ ਹੋਣ ਉਪਰੰਤ ਹੀ ਦਿੱਤਾ ਜਾ ਸਕੇਗਾ, ਪਰ ਸੂਬਾ ਸਰਕਾਰ ਦੇ ਕੇਂਦਰ ਸਰਕਾਰ ਨਾਲ ਕਲੇਸ਼ ਕਾਰਨ ਮੁਆਵਜ਼ਾ ਦੇਣ ਲਈ ਪੂਰੇ ਫੰਡ ਮਿਲਣ ਦੀ ਸੰਭਾਵਨਾ ਘੱਟ ਹੀ ਦਿਖਦੀ ਹੈ।

### ਰਾਜਪਾਲ ਦੀ ਦੁਰਵਰਤੋਂ

ਗਵਰਨਰ ਨੇ ਸੀ.ਐੱਮ. ਖ਼ਿਲਾਫ਼ ਜੋ ਮੋਰਚਾ ਖੋਲ੍ਹ ਰੱਖਿਆ ਹੈ, ਉਸ ਦੇ ਪਿੱਛੇ ਕੇਂਦਰ ਦੀ ਬੀ.ਜੇ.ਪੀ. ਸਰਕਾਰ ਦੀ ਡੂੰਘੀ ਸਿਆਸਤ ਚੱਲ ਰਹੀ ਹੈ। ਇਸੇ ਅਧੀਨ ਰਾਜਪਾਲ ਨੇ ਮੁੱਖ ਮੰਤਰੀ ਨੂੰ ਰਾਸ਼ਟਰਪਤੀ ਰਾਜ ਦੀ ਸਿਫ਼ਾਰਿਸ਼ ਦੀ ਧਮਕੀ ਦਿੱਤੀ ਹੈ। ਉਨ੍ਹਾਂ ਲਿਖਿਆ ਕਿ ਸਾਰੀਆਂ ਚਿੱਠੀਆਂ ਦਾ ਤੁਰੰਤ ਜਵਾਬ ਨਾ ਦੇਣ 'ਤੇ ਰਾਜ ਵਿਚ ਸੰਵਿਧਾਨਕ ਤੰਤਰ ਦੇ ਫ਼ੇਲ੍ਹ ਹੋਣ ਦੀ ਰਿਪੋਰਟ ਭੇਜ ਰਾਸ਼ਟਰਪਤੀ ਸ਼ਾਸਨ ਦੀ ਸਿਫ਼ਾਰਸ਼ ਕਰ ਦਿੱਤੀ ਜਾਵੇਗੀ। ਰਾਜਪਾਲ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 167 ਦੇ ਤਹਿਤ ਮੁੱਖ ਮੰਤਰੀ ਰਾਜਪਾਲ ਦੁਆਰਾ ਮੰਗੀ ਗਈ ਜਾਣਕਾਰੀ ਪ੍ਰਦਾਨ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ 28 ਫਰਵਰੀ, 2023 ਦੇ ਫੈਸਲੇ ਵਿਚ ਵੀ ਮੰਗੀ ਜਾਣਕਾਰੀ ਦੇਣ ਦੀ ਵੀ ਹਦਾਇਤ ਹੋ ਚੁੱਕੀ ਹੈ। ਰਾਜਪਾਲ ਨੇ ਮੁੱਖ ਮੰਤਰੀ ਵਲੋਂ ਉਨ੍ਹਾਂ ਖ਼ਿਲਾਫ਼ ਟਿੱਪਣੀਆਂ ਨਾਲ ਬੇਇੱਜ਼ਤੀ ਕਰਨ ਲਈ ਆਈ.ਪੀ.ਸੀ. ਦੀ ਧਾਰਾ 124 ਤਹਿਤ ਵੀ ਮਾਮਲਾ ਦਰਜ ਕਰਾਇਆ ਜਾ ਸਕਦਾ ਹੈ। ਰਾਜਪਾਲ ਨੇ ਮੁੱਖ ਮੰਤਰੀ ਦੀਆਂ ਟਿੱਪਣੀਆਂ ਜਿਵੇਂ ਚਿੱਠੀਆਂ ਨੂੰ 'ਪ੍ਰੇਮ ਪੱਤਰ', 'ਪਤਾ ਨਹੀਂ ਉਹ ਮਹਾਰਾਸ਼ਟਰ ਦਾ ਹੈ ਜਾਂ ਨਾਗਾਲੈਂਡ ਦਾ, ਪਤਾ ਨਹੀਂ ਕਿੱਥੋਂ ਆਇਆ ਹੈ.." ਚੋਣ ਲੜਨੀ ਚਾਹੀਦੀ ਹੈ" ਦਾ ਵੀ ਜ਼ਿਕਰ ਕੀਤਾ ਗਿਐ। ਰਾਜਪਾਲ ਨੇ ਲਿਖਿਆ ਕਿ ਪੰਜਾਬ ਵਿਚ ਨਸ਼ਿਆਂ ਦੀ ਸ਼ਰੇਆਮ ਤਸਕਰੀ ਹੋ ਰਹੀ ਹੈ ਅਤੇ ਨਸ਼ੇ ਸਟੋਰਾਂ 'ਤੇ ਉਪਲਬਧ ਨੇ। ਅਮਨ-ਕਾਨੂੰਨ ਹੱਦ ਤੱਕ ਵਿਗੜ ਚੁੱਕਾ ਹੈ। ਪਿੰਡ ਦੇ ਲੋਕ ਸੜਕਾਂ ਉਤਰ ਰਹੇ ਰਹੇ ਨੇ ਅਤੇ ਨਸ਼ਿਆਂ ਤੋਂ ਬਚਾਅ ਲਈ ਗ੍ਰਾਮ ਸੁਰੱਖਿਆ ਕਮੇਟੀਆਂ ਬਣਾ ਰਹੇ ਨੇ। ਰਾਜਪਾਲ ਦੇ ਦੋਸ਼ ਅੰਸ਼ਿਕ ਸਹੀ ਵੀ ਹੋਣ ਤਾਂ ਵੀ ਇਸ ਦੇ ਪਿੱਛੇ ਸੂਬੇ ਵਿਚਲੀ ਵਿਰੋਧੀ ਪਾਰਟੀ ਦੀ ਸਰਕਾਰ ਨੂੰ ਲਾਂਭੇ ਕਰਨ ਲਈ ਜ਼ਮੀਨ ਤਿਆਰ ਕਰਨ ਦੀ ਸਾਜ਼ਿਸ਼ ਵਜੋਂ ਹੀ ਦੇਖਿਆ ਜਾਏਗਾ।

### ਮੁੱਖ ਮੰਤਰੀ ਦਾ ਵਰਤਾਰਾ

ਰਾਜਪਾਲ ਦੀ ਰਾਸ਼ਟਰਪਤੀ ਸ਼ਾਸਨ ਦੀ ਧਮਕੀ ਵਾਲੀ ਚਿੱਠੀ ਤੋਂ ਮੁੱਖ ਮੰਤਰੀ ਪ੍ਰੇਸ਼ਾਨ ਤਾਂ ਦਿਖੇ, ਪਰ ਉਨ੍ਹਾਂ ਦੇ ਲਹਿਜ਼ੇ ਵਿਚ ਫਰਕ ਨਹੀਂ ਦਿਸਿਆ। ਉਨ੍ਹਾਂ ਕਿਹਾ ਕਿ ਉਹ ਧਮਕੀਆਂ ਅੱਗੇ ਝੁੱਕਣ ਵਾਲੇ ਨਹੀਂ ਅਤੇ ਰਾਜਪਾਲ ਪੰਜਾਬ ਦੇ ਲੋਕਾਂ ਨੂੰ ਤੰਗ ਕਰਨਾ ਬੰਦ ਕਰਨ। ਉਨ੍ਹਾਂ ਦਾ ਕਹਿਣੈ ਕਿ ਸਰਕਾਰ ਨੇ ਰਾਜਪਾਲ ਦੀਆਂ 15 ਚਿੱਠੀਆਂ ਵਿਚੋਂ 9 ਦੇ ਜਵਾਬ ਦੇ ਦਿੱਤੇ ਨੇ ਅਤੇ ਬਾਕੀ ਦੇ ਜਵਾਬ ਜਲਦ ਦਿੱਤੇ ਜਾਣਗੇ। ਸ. ਮਾਨ ਨੇ ਰਾਜਪਾਲ ਵਲੋਂ ਸਰਕਾਰ ਦੇ 4 ਅਹਿਮ ਬਿਲ ਰੋਕ ਰੱਖੇ ਨੇ। ਰਾਜਪਾਲ ਵਲੋਂ ਅਮਨ-ਕਾਨੂੰਨ ਦੀ ਵਿਗੜੀ ਸਥਿਤੀ ਬਾਰੇ ਖੜ੍ਹੇ ਕੀਤੇ ਸਵਾਲ ਤੱਥਾਂ 'ਤੇ ਆਧਾਰਿਤ ਸਹੀ ਨਹੀਂ। ਉਨ੍ਹਾਂ ਕਿਹਾ ਕਿ ਗੈਰ ਭਾਜਪਾ ਵਿਰੋਧੀ ਸੂਬਾ ਸਰਕਾਰਾਂ ਨੂੰ ਬਿਨਾਂ ਵਜ੍ਹਾ ਪਰੇਸ਼ਾਨ ਕਰਕੇ ਸੰਵਿਧਾਨ ਅਤੇ ਫੈਡਰਲ ਸਿਧਾਂਤਾਂ ਦੀਆਂ ਧੱਜੀਆਂ ਉਡਾ ਰਹੀ ਹੈ, ਜਦੋਂ ਕਿ ਬੀ.ਜੇ.ਪੀ. ਸਾਸ਼ਿਤ ਮਨੀਪੁਰ ਅਤੇ ਹਰਿਆਣਾ 'ਚ ਭਿਆਨਕ ਹਿੰਸਾ ਬਾਰੇ ਕੇਂਦਰ ਜਾਂ ਰਾਜਪਾਲ ਕੁਝ ਨਹੀਂ ਬੋਲਦੇ। ਸ. ਮਾਨ ਨੇ ਪੰਜਾਬ ਵਿਚ ਵੱਡੀ ਗਿਣਤੀ ਵਿਚ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ. ਮਾਨ ਨੇ ਤੰਜ ਕਸਦੇ ਕਿਹਾ ਕਿ ਰਾਜਪਾਲ ਨੇ ਕਦੇ ਵੀ ਪੰਜਾਬ ਦੇ ਰੋਕੇ ਗਏ ਆਰ.ਡੀ.ਐੱਫ., ਜੀ.ਐੱਸ.ਟੀ. ਅਤੇ ਹੋਰ ਫੰਡਾਂ ਦੇ ਮਾਮਲੇ ਕੇਂਦਰ ਪਾਸ ਕਦੇ ਨਹੀਂ ਉਠਾਏ। ਮੁੱਖ ਮੰਤਰੀ ਦਾ ਕਹਿਣੈ ਕਿ ਰਾਜਪਾਲ ਪੰਜਾਬ ਯੂਨੀਵਰਸਿਟੀ ਦੇ ਮੁੱਦੇ 'ਤੇ ਵੀ ਹਰਿਆਣਾ ਦਾ ਪੱਖ ਪੂਰ ਰਹੇ ਹਨ। ਮੁੱਖ ਮੰਤਰੀ ਦੀ ਰਾਜਪਾਲ ਅਤੇ ਵਿਰੋਧੀਆਂ ਪ੍ਰਤੀ ਮਾੜੀ ਭਾਸ਼ਾ ਸਬੰਧੀ ਤਾਂ ਕਾਫ਼ੀ ਸਵਾਲ ਉਠਦੇ ਆ ਰਹੇ ਨੇ ਅਤੇ ਉਨ੍ਹਾਂ ਨੇ ਕਈ ਫ਼ਰੰਟ ਖੋਲ੍ਹ ਰੱਖੇ ਨੇ। ਕੇਜਰੀਵਾਲ ਦੀ ਤਰ੍ਹਾਂ ਹੀ ਵਿਧਾਨ ਸਭਾ ਦੇ ਇਜਲਾਸ ਬੁਲਾ ਕੇ ਪ੍ਰਧਾਨ ਮੰਤਰੀ ਅਤੇ ਰਾਜਪਾਲ 'ਤੇ ਤਿੱਖੇ ਹਮਲੇ ਕਰਦੇ ਰਹੇ ਨੇ, ਜਿਸ ਨਾਲ ਆਪਸੀ ਕੜਵਾਹਟ ਸਿੱਖਰ 'ਤੇ ਪੁੱਜੀ ਹੈ। ਕਾਂਗਰਸ ਅਤੇ ਅਕਾਲੀ ਦਲ ਵੱਲੋਂ ਵੀ ਰਾਜਪਾਲ ਦੀ 356 ਧਾਰਾ ਅਧੀਨ ਚੁਣੀ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਦੀ ਧਮਕੀ ਦੀ ਨਿੰਦਾ ਕੀਤੀ ਗਈ ਹੈ, ਪਰ ਨਾਲ ਹੀ ਮੁੱਖ ਮੰਤਰੀ ਨੂੰ ਆਪਣੀ ਕਾਰਜਸ਼ੈਲੀ ਅਤੇ ਭਾਸ਼ਾ 'ਚ ਸੁਧਾਰ ਲਿਆਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

### ਅਸਲ ਮੁੱਦਾ ਹੈ ਕੀ

ਅਜਿਹੇ ਵਿਚ ਸੂਬਾ ਸਰਕਾਰ ਦਾ ਰਾਜਪਾਲ ਰਾਹੀਂ ਕੇਂਦਰ ਨਾਲ ਵਧ ਰਿਹਾ ਕਲੇਸ਼ ਕੀ ਗੁਲ ਖਿਲਾਉਂਦਾ ਹੈ ?, ਇਸ ਦਾ ਨਤੀਜਾ ਆਉਂਦੇ ਦਿਨਾਂ ਵਿਚ ਸਾਹਮਣੇ ਆਏਗਾ। ਸੰਵਿਧਾਨ ਮੁਤਾਬਿਕ ਸੂਬਿਆਂ ਦੇ ਗਵਰਨਰਾਂ ਦਾ ਕੰਮ ਚੁਣੀਆਂ ਸਰਕਾਰਾਂ ਵਲੋਂ ਲਏ ਫੈਸਲਿਆਂ ਅਤੇ ਬਣਾਏ ਕਾਨੂੰਨਾਂ 'ਤੇ ਸਹੀ ਪਾ ਕੇ ਉਨ੍ਹਾਂ ਨੂੰ ਅਮਲੀ ਰੂਪ ਦੇਣਾ ਹੁੰਦਾ ਹੈ। ਪ੍ਰੰਤੂ ਅਕਸਰ ਕੇਂਦਰ ਸਰਕਾਰ ਰਾਜਪਾਲਾਂ ਨੂੰ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਦੇ ਕੰਮ ਵਿਚ ਅੜਚਨਾਂ ਖੜ੍ਹੀਆਂ ਕਰਕੇ ਪ੍ਰੇਸ਼ਾਨ ਕਰਨ ਲਈ ਵਰਤਦੀਆਂ ਨੇ। ਅਜਿਹਾ ਹੀ ਇਸ ਸਮੇਂ ਦਿੱਲੀ ਅਤੇ ਪੰਜਾਬ ਵਿਚ ਹੁੰਦਾ ਦਿਖ ਰਿਹੈ। ਇਸ ਤੋਂ ਸਪੱਸ਼ਟ ਹੈ ਕਿ ਕੇਂਦਰ ਸੰਵਿਧਾਨ ਅਨੁਸਾਰ ਸੂਬਿਆਂ ਨੂੰ ਮਿਲੇ ਅਧਿਕਾਰਾਂ ਨੂੰ ਹੜੱਪਣ ਲਈ ਯਤਨਸ਼ੀਲ ਹੈ। ਪੰਜਾਬ ਵਿਚ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਚੱਲਦਾ ਕਲੇਸ਼ ਸਰਸਰੀ ਨਜ਼ਰੇ ਤਾਂ ਇਨ੍ਹਾਂ ਦੋਵਾਂ ਸ਼ਖ਼ਸੀਅਤਾਂ ਵਿਚ ਟਕਰਾਅ ਜਾਪਦੈ, ਪਰ ਅਸਲ ਵਿਚ ਇਹ ਸਭ ਆਮ ਆਦਮੀ ਪਾਰਟੀ ਅਤੇ ਬੀ.ਜੇ.ਪੀ. ਦੀ ਸਿਖਰਲੀ ਲੀਡਰਸ਼ਿਪ ਵਿਚਕਾਰ ਚੱਲ ਰਹੀ ਸਿਰੇ ਦੀ ਦੁਸ਼ਮਣੀ ਦਾ ਨਤੀਜਾ ਹੈ। ਇਸੇ ਲੜਾਈ ਵਿਚ ਦਿੱਲੀ ਦੇ ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਆਪਣੀਆਂ ਸਾਰੀਆਂ ਪ੍ਰਸ਼ਾਸਨਿਕ ਤਾਕਤਾਂ ਗਵਾ ਬੈਠੇ ਨੇ, ਜਿਨ੍ਹਾਂ ਨੂੰ ਕੇਂਦਰ ਸਰਕਾਰ ਨੇ ਦਿੱਲੀ ਸੇਵਾਵਾਂ ਸੋਧ ਕਾਨੂੰਨ ਰਾਹੀਂ ਪੂਰੀ ਤਰ੍ਹਾਂ ਨੁੱਕਰੇ ਲਗਾ ਛੱਡਿਐ। ਬੀ.ਜੇ.ਪੀ. ਇਸ ਸਮੇਂ ਸਾਰੇ ਦੇਸ਼ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਹਰ ਤਰ੍ਹਾਂ ਦੇ ਹੱਥ ਕੰਢੇ ਵਰਤ ਰਹੀ ਹੈ ਅਤੇ ਰਾਹ ਵਿਚ ਆਉਣ ਵਾਲੀ ਹਰ ਰੁਕਾਵਟ ਨੂੰ ਉਹ ਹਟਾ ਦੇਣਾ ਸਹੀ ਸਮਝਦੀ ਹੈ। ਤਾਕਤ ਦੇ ਨਸ਼ੇ ਵਿਚ ਬੀ.ਜੇ.ਪੀ. ਦੇਸ਼ ਦੇ ਸੰਵਿਧਾਨ ਅਤੇ ਫੈਡਰਲ ਢਾਂਚੇ ਦੀਆਂ ਬੇਰਹਿਮੀ ਨਾਲ ਧੱਜੀਆਂ ਉਡਾਈ ਜਾ ਰਹੀ ਹੈ। ਉਹ ਜੰਮੂ-ਕਸ਼ਮੀਰ ਪੂਰੇ ਸੂਬੇ ਨੂੰ ਕੇਂਦਰ ਸ਼ਾਸਿਤ ਖੇਤਰਾਂ ਵਿਚ ਵੰਡ ਕੇ ਅਤੇ ਦਿੱਲੀ ਵਿਚ ਸਿਵਲ ਸੇਵਾਵਾਂ ਰਾਹੀਂ ਸੁਣੀ ਸਰਕਾਰ ਦੀਆਂ ਸਾਰੀਆਂ ਤਾਕਤਾਂ ਖੋਹ ਕੇ ਟਰੇਲਰ ਦਿਖਾ ਚੁੱਕੀ ਹੈ। ਮੁੱਖ ਮੰਤਰੀ ਕੇਂਦਰ ਉੱਪਰ ਤਾਂ ਉਂਗਲ ਉਠਾਉਂਦੇ ਹਨ, ਪਰ ਸੂਬੇ ਵਿਚ ਚੁਣੀਆਂ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਬਰਖਾਸਤ ਕਰਦੇ ਨੇ ਅਤੇ ਕਿਸਾਨ ਜਥੇਬੰਦੀਆਂ ਦੇ ਸ਼ਾਂਤੀਪੂਰਵਕ ਪ੍ਰਦਰਸ਼ਨ ਦੇ ਸੰਵਿਧਾਨਕ ਹੱਕ ਨੂੰ ਪੁਲਿਸ ਦੀਆਂ ਡਾਂਗਾਂ ਨਾਲ ਕੁਚਲਦੇ ਨੇ। ਉਨ੍ਹਾਂ ਦੇ ਇਸ ਤਾਨਾਸ਼ਾਹੀ ਰਵੱਈਏ ਨੂੰ ਵੀ ਸਹੀ ਨਹੀਂ ਕਿਹਾ ਜਾ ਸਕਦਾ। ਕੁੱਲ ਮਿਲਾ ਕੇ ਦੇਖਿਆ ਜਾਏ ਤਾਂ ਬੀ.ਜੇ.ਪੀ. ਅਤੇ 'ਆਪ' ਦੇ ਇਸ ਟਕਰਾਅ ਵਿਚ ਪੰਜਾਬ ਦਾ ਵੱਡਾ ਨੁਕਸਾਨ ਸਪੱਸ਼ਟ ਦਿਖਾਈ ਦੇ ਰਿਹੈ ਹੈ।




# ਪੰਜਾਬ ਦੇ ਹਿੱਤ ਵਿਚ ਨਹੀਂ ਹੈ ਰਾਸ਼ਟਰਪਤੀ ਰਾਜ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਦੇਸ਼ ਭਾਰਤ ਦਾ ਸੂਬਾ ਪੰਜਾਬ, ਸੰਵਿਧਾਨਿਕ ਗੋਤੇ ਖਾ ਰਿਹਾ ਹੈ। ਇੱਕ ਪਾਸੇ ਪੰਜਾਬ ਦੇ ਸੰਵਿਧਾਨਿਕ ਮੁਖੀ ਰਾਜਪਾਲ ਬਨਵਾਰੀ ਲਾਲ ਪਰੋਹਿਤ ਦੇ ਖਤ ਹਨ, ਰਾਸ਼ਟਰਪਤੀ ਰਾਜ ਸੂਬੇ 'ਚ ਲਾਉਣ ਦੀਆਂ ਧਮਕੀਆਂ ਹਨ, ਦੂਜੇ ਪਾਸੇ ਚੁਣੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੇ ਤਿੱਖੇ ਜਵਾਬ ਹਨ। ਸੂਬੇ ਦੀ ਅਫ਼ਸਰਸ਼ਾਹੀ ਮੁਸਕਰੀਏ ਹੱਸ ਰਹੀ ਹੈ। ਪੰਜਾਬ ਦੇ ਲੋਕ, ਪ੍ਰੇਸ਼ਾਨ ਹਨ। ਸੋਚਦੇ ਹਨ ਕਿ ਪੰਜਾਬ 'ਚ ਰਾਸ਼ਟਰਪਤੀ ਦਾ ਰਾਜ ਉਨ੍ਹਾਂ ਨੂੰ ਕਦੇ ਵੀ ਰਾਸ ਨਹੀਂ ਆਇਆ ਅਤੇ ਨਾ ਕਦੇ ਆਵੇਗਾ। ਸੂਝਵਾਨ ਲੋਕਾਂ ਦਾ ਵਿਚਾਰ ਹੈ ਪੰਜਾਬ 'ਚ ਰਾਸ਼ਟਰਪਤੀ ਰਾਜ ਪੰਜਾਬ ਦੇ ਹਿੱਤ 'ਚ ਨਹੀਂ ਹੈ।

ਸੱਤਾ ਦੀ ਲਾਲਸਾ, ਸੱਤਾ ਦੀ ਦੌੜ, ਪੰਜਾਬ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ, ਪੰਜਾਬ ਦੇ ਸਿਆਸੀ ਮਾਹੌਲ ਨੂੰ ਤਾਂ ਲਾਂਬੂ ਲਾ ਹੀ ਰਹੀਆਂ ਹਨ, ਪਰ ਪੰਜਾਬ ਦੇ ਲੋਕਾਂ ਅੱਗੇ ਵੱਡਾ ਸਵਾਲ ਖੜ੍ਹਾ ਕਰ ਰਹੀਆਂ ਹਨ ਕਿ ਪਹਿਲਾਂ ਹੀ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ, ਆਖ਼ਰ ਕਿਹੜੇ ਰਾਹ ਤੋਰਨਾ ਚਾਹੁੰਦੇ ਹਨ ਸਿਆਸੀ ਆਗੂ ? ਆਏ ਦਿਨ ਪੰਜਾਬ ਲਈ ਕੋਈ ਨਾ ਕੋਈ ਝੱਖੜ ਝੁਲਦਾ ਹੈ, ਕਦੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ 'ਚ ਲਿਆਕੇ ਸਾਜ਼ਿਸ਼ਾਂ ਦਾ ਦੌਰ ਚਲਾਇਆ ਜਾਂਦਾ ਹੈ ਅਤੇ ਕਦੇ ਗੈਂਗਸਟਰਾਂ ਰਾਹੀਂ ਕਲਾਕਾਰਾਂ, ਕੱਬਡੀ ਖਿਡਾਰੀਆਂ ਦੇ ਕਤਲਾਂ ਦੀ ਗੱਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਦੀ ਹੈ।

ਮੁੱਖ ਮੰਤਰੀ ਤੇ ਰਾਜਪਾਲ ਵਿਚਕਾਰ ਤਕਰਾਰ ਅਤੇ ਟਕਰਾਅ ਮੰਦਭਾਗਾ ਹੈ ਅਤੇ ਬੇਲੋੜਾ ਵੀ ਹੈ। ਪੰਜਾਬ ਦੇ ਰਾਜਪਾਲ ਆਖਦੇ ਹਨ ਕਿ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਨੂੰ 16 ਖਤ ਲਿਖੇ ਹਨ, ਪਰ ਜਵਾਬ ਕੋਈ ਨਹੀਂ ਮਿਲਿਆ। ਮੁੱਖ ਮੰਤਰੀ ਆਖਦੇ ਹਨ ਕਿ ਉਨ੍ਹਾਂ ਦੀ ਸਰਕਾਰ ਵਲੋਂ ਰਾਜਪਾਲ ਪੰਜਾਬ ਨੂੰ 6 ਬਿੱਲ ਪਾਸ ਕਰਨ ਲਈ ਭੇਜੇ ਹਨ, ਉਹ ਪ੍ਰਵਾਨਗੀ ਜਾਂ ਅਪ੍ਰਵਾਨਗੀ ਉਪਰੰਤ ਵਾਪਸ ਕਦੇ ਨਹੀਂ ਪਰਤੇ। ਮੁੱਖ ਮੰਤਰੀ ਆਖਦੇ ਹਨ ਕਿ ਰਾਜਪਾਲ ਪੰਜਾਬ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।

ਰਾਜਪਾਲ ਪੰਜਾਬ ਨੇ ਸੰਵਿਧਾਨ ਦੀ ਧਾਰਾ 356 ਤਹਿਤ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦਿੱਤੀ ਹੈ। ਰਾਜਪਾਲ ਨੇ ਮੁੱਖ ਮੰਤਰੀ ਵਲੋਂ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਸਬੰਧੀ ਧਾਰਾ 124 ਅਧੀਨ ਮੁੱਖ ਮੰਤਰੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਹੈ। ਇਸ ਕਿਸਮ ਦੀਆਂ ਧਮਕੀਆਂ ਅਤੇ ਇਸ ਤੋਂ ਪੈਦਾ ਹੋਏ ਮਾਹੌਲ ਕਾਰਨ ਪੰਜਾਬ ਦੀ ਅਫ਼ਸਰਸ਼ਾਹੀ 'ਚ ਅਜੀਬ ਜਿਹਾ ਡਰ ਵੇਖਣ ਨੂੰ ਮਿਲ ਰਿਹਾ ਹੈ, ਅਫ਼ਸਰਸ਼ਾਹੀ 'ਚ ਇਸ ਕਿਸਮ ਦੀ ਚਰਚਾ ਛਿੜ ਗਈ ਹੈ ਕਿ ਉਹ ਕਿਸ ਦੇ ਪੱਖ 'ਚ ਖੜ੍ਹਨ, ਚੁਣੀ ਹੋਈ ਸਰਕਾਰ ਦੇ ਮੁਖੀ ਦੇ ਪੱਖ 'ਚ ਜਾਂ ਫਿਰ ਸੰਵਿਧਾਨਿਕ ਮੁਖੀ ਦੇ ਹੱਕ 'ਚ। ਇਸ ਦੁਬਿਧਾ ਕਾਰਨ ਪੰਜਾਬ ਦਾ ਪ੍ਰਸ਼ਾਸਨਿਕ ਢਾਂਚਾ ਡਾਂਵਾਂਡੋਲ ਹੋਏਗਾ ਅਤੇ ਪਹਿਲਾਂ ਹੀ ਸਿਆਸੀ ਤੌਰ 'ਤੇ ਖਲਾਅ ਵਾਲੇ ਸੂਬੇ 'ਚ ਹੋਰ ਪ੍ਰਸ਼ਾਸਨਿਕ ਖਲਾਅ ਵੇਖਣ ਨੂੰ ਮਿਲੇਗਾ।

ਸੰਭਵ ਹੈ, ਜਿਹੋ ਜਿਹਾ ਅਸੁਖਾਵਾਂ ਮਾਹੌਲ ਪੰਜਾਬ 'ਚ ਵੇਖਣ ਨੂੰ ਮਿਲ ਰਿਹਾ ਹੈ, ਰਾਜ ਦੀ ਚੁਣੀ ਹੋਈ ਸਰਕਾਰ, ਸੁਪਰੀਮ ਕੋਰਟ ਦਾ ਰੁਖ ਕਰੇ ਅਤੇ ਗਵਰਨਰ ਵਿਰੁੱਧ ਉੱਚ ਅਦਾਲਤ ਵਿਚ ਜਾਵੇ ਕਿ ਸੂਬੇ 'ਚ ਸਭ ਅੱਛਾ ਹੈ ਪਰ ਰਾਜਪਾਲ ਪੰਜਾਬ, ਪੰਜਾਬ ਦੀ ਸਥਿਤੀ ਅਸਥਿਰ ਕਰਨ 'ਤੇ ਤੁਲੇ ਹਨ ਅਤੇ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਹਨ, ਜੋ ਕਿ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣ ਦੀ ਕੋਸ਼ਿਸ਼ ਹੈ। ਪਰ ਸੁਪਰੀਮ ਕੋਰਟ ਜਾਣ ਲਈ ਵੱਡੇ ਵਕੀਲਾਂ ਦਾ ਖਰਚਾ ਤਾਂ ਪੰਜਾਬ ਦੇ ਟੈਕਸ ਅਦਾ ਕਰਨ ਵਾਲੇ ਲੋਕ ਹੀ ਚੁਕਣਗੇ ਦੋਵਾਂ ਧਿਰਾਂ ਦਾ। ਕੀ ਇਹ ਜਾਇਜ਼ ਹੈ ?

ਪੰਜਾਬ ਸਮੇਂ-ਸਮੇਂ ਗਵਰਨਰੀ, ਰਾਸ਼ਟਰਪਤੀ ਰਾਜ ਦਾ ਸੰਤਾਪ ਭੋਗਦਾ ਰਿਹਾ ਹੈ। ਕੇਂਦਰ ਦੇ ਹਾਕਮਾਂ ਨੇ ਕਈ ਵੇਰ "ਪੰਜਾਬ ਦੀ ਸਥਿਤੀ ਨਾਜ਼ੁਕ ਹੈ" ਦੱਸਕੇ ਇਥੇ ਗਵਰਨਰੀ ਰਾਜ ਲਾਗੂ ਕੀਤਾ। ਪੰਜਾਬ 'ਚ ਮੌਕੇ ਦੇ ਕੇਂਦਰੀ ਹਾਕਮਾਂ ਆਪਹੁਦਰੇਪਨ ਅਤੇ ਧੱਕੇਸ਼ਾਹੀ ਨਾਲ ਇਥੇ ਰਾਜ ਕੀਤਾ। ਪਰ ਇਸ ਧੱਕੇ ਨੂੰ ਪੰਜਾਬੀਆਂ ਸਦਾ ਨਾਪਸੰਦ ਕੀਤਾ। ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆ "ਦਿੱਲੀ ਦੀਆਂ ਸਰਕਾਰਾਂ" ਨਾਲ ਦਸਤਪੰਜਾ ਲਿਆ ਅਤੇ ਉਨ੍ਹਾਂ ਵਲੋਂ ਕੀਤੀ ਗਈ ਕਿਸੇ ਵੀ ਜ਼ੋਰ-ਜ਼ਬਰਦਸਤੀ ਨੂੰ ਕਦੇ ਪਸੰਦ ਨਹੀਂ ਕੀਤਾ।

ਪੰਜਾਬ ਨੂੰ 8 ਵਾਰ ਰਾਸ਼ਟਰਪਤੀ ਰਾਜ ਵੇਖਣਾ ਪਿਆ ਹੈ, ਕੁੱਲ ਮਿਲਾਕੇ ਹੁਣ 3510 ਦਿਨ ਭਾਵ ਲਗਭਗ 10 ਵਰ੍ਹੇ। ਇੰਨਾ ਲੰਮਾ ਸਮਾਂ ਪੰਜਾਬ ਸਿੱਧਾ ਕੇਂਦਰ ਅਧੀਨ ਰਿਹਾ ਅਤੇ ਜ਼ਿਆਦਤੀਆਂ ਸਹਿੰਦਾ ਰਿਹਾ। ਭਾਰਤ 'ਚ ਪੰਜਾਬ ਪਹਿਲਾ ਰਾਜ ਬਣਿਆ, ਜਿਥੇ 356 ਧਾਰਾ ਦੀ ਵਰਤੋਂ ਕਰਦਿਆਂ 20 ਜੂਨ, 1951 ਨੂੰ 302 ਦਿਨਾਂ ਲਈ ਰਾਸ਼ਟਰਪਤੀ ਰਾਜ ਲਾਗੂ ਹੋਇਆ।

ਜਦੋਂ ਪੰਜਾਬ ਵੰਡਿਆ ਗਿਆ 1966 'ਚ, ਫਿਰ 5 ਜੁਲਾਈ 1966 ਤੋਂ 1 ਨਵੰਬਰ 1966 ਤੱਕ 119 ਦਿਨ ਇਥੇ ਰਾਸ਼ਟਰਪਤੀ ਨੇ ਰਾਜ ਕੀਤਾ।

ਗੱਠਜੋੜ 'ਚ ਤਰੇੜਾਂ ਕਾਰਨ 23 ਅਗਸਤ 1968 ਨੂੰ ਅਸੈਂਬਲੀ ਭੰਗ ਹੋਈ, ਜੋ 178 ਦਿਨ ਤੱਕ ਭੰਗ ਰਹੀ। 14 ਜੂਨ 1971 ਤੋਂ 17 ਮਾਰਚ 1972 ਤੱਕ 277 ਦਿਨ, 30 ਅਪ੍ਰੈਲ 1977 ਤੋਂ 20 ਜੂਨ 1977 ਤੱਕ 51 ਦਿਨ ਅਤੇ ਫਿਰ 17 ਫਰਵਰੀ 1980 ਤੋਂ 6 ਜੂਨ 1980 ਤੱਕ ਰਾਸ਼ਟਰਪਤੀ ਰਾਜ ਰਿਹਾ। ਅਮਨ-ਕਾਨੂੰਨ ਦੀ ਸਥਿਤੀ ਖਰਾਬ ਹੋਣ ਕਾਰਨ ਪਹਿਲਾਂ 10 ਅਕਤੂਬਰ 1983 ਤੋਂ 29 ਸਤੰਬਰ 1985 ਅਤੇ ਫਿਰ 11 ਮਈ 1987 ਤੋਂ 25 ਫਰਵਰੀ 1992 (ਲਗਭਗ 5 ਸਾਲ) ਤੱਕ ਪੰਜਾਬ 'ਚ ਸਰਕਾਰਾਂ ਦੀ ਚੋਣ ਨਹੀਂ ਹੋਈ ਤੇ ਰਾਸ਼ਟਰਪਤੀ ਨੇ ਰਾਜ ਕੀਤਾ।

ਪੰਜ ਸਾਲ ਦਾ ਇਹ ਅਰਸਾ, 356 ਦੀ ਧਾਰਾ ਦੇ ਵੀ ਵਿਰੁੱਧ ਸੀ, ਜਿਸ ਅਨੁਸਾਰ ਲਗਾਤਾਰ ਤਿੰਨ ਸਾਲ ਤੋਂ ਵੱਧ ਰਾਸ਼ਟਰਪਤੀ ਰਾਜ ਲਾਗੂ ਨਹੀਂ ਕੀਤਾ ਜਾ ਸਕਦਾ ਪਰ ਖਾੜਕੂਵਾਦ ਦੌਰਾਨ ਇਹ ਅਰਸਾ ਵੀ ਵਧਾ ਕੇ 5 ਸਾਲ ਕਰ ਦਿੱਤਾ ਗਿਆ ਸੀ।

ਪਰ ਜੇਕਰ ਹੁਣ ਪੰਜਾਬ ਦੇ ਰਾਜਪਾਲ ਸੂਬੇ 'ਚ ਸੰਵਿਧਾਨਕ ਤੰਤਰ ਫੇਲ੍ਹ ਹੋਣ ਦੇ ਨਾਮ ਉਤੇ ਪੰਜਾਬ ਅਸੈਂਬਲੀ ਇਸ ਆਧਾਰ 'ਤੇ ਭੰਗ ਕਰਨ ਦੀ ਸਿਫਾਰਸ਼ ਕਰਦੇ ਹਨ ਕਿ ਪੰਜਾਬ 'ਚ ਕਾਨੂੰਨ ਦੀ ਸਥਿਤੀ ਠੀਕ ਨਹੀਂ ਹੈ, ਨਸ਼ਿਆਂ ਦਾ ਪੰਜਾਬ 'ਚ ਪ੍ਰਕੋਪ ਵਧਿਆ ਹੈ, ਪੰਜਾਬ 'ਚ ਠੀਕ ਢੰਗ ਨਾਲ ਪ੍ਰਸ਼ਾਸਨ ਕੰਮ ਨਹੀਂ ਕਰ ਰਿਹਾ, ਤਾਂ ਇਹ ਅਲੋਕਾਰੀ ਗੱਲ ਹੋਏਗੀ ਕਿਉਂਕਿ ਮਨੀਪੁਰ ਜਾਂ ਹਰਿਆਣਾ 'ਚ ਤਾਂ ਇਸ ਵੇਲੇ ਅਮਨ-ਕਾਨੂੰਨ ਦੀ ਸਥਿਤੀ ਅਤਿਅੰਤ ਭੈੜੀ ਹੈ। ਉਥੋਂ ਦੇ ਗਵਰਨਰ ਉਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਿਉਂ ਨਹੀਂ ਕਰਦੇ ? ਅਸਲ ਵਿਚ ਤਾਂ ਜਿਥੇ ਕਿਧਰੇ ਵੀ ਦੇਸ਼ ਵਿਚ ਭਾਜਪਾ ਵਿਰੋਧੀ ਸਰਕਾਰਾਂ ਹਨ, ਉਥੋਂ ਦੇ ਗਵਰਨਰ ਅੱਡੀ-ਚੋਟੀ ਦਾ ਜ਼ੋਰ ਲਗਾਕੇ ਉਥੋਂ ਦੀਆਂ ਸਰਕਾਰਾਂ ਨੂੰ ਕੰਮ ਨਹੀਂ ਕਰਨ ਦੇ ਰਹੇ ਅਤੇ ਸਰਕਾਰਾਂ ਦੇ ਕੰਮ 'ਚ ਰੋੜੇ ਅਟਕਾ ਰਹੇ ਹਨ। ਦਿੱਲੀ ਦੀ ਸਰਕਾਰ ਦਾ ਹਸ਼ਰ ਤਾਂ ਵੇਖ ਹੀ ਚੁੱਕੇ ਹਨ ਦੇਸ਼ ਦੇ ਲੋਕ। ਪੱਛਮੀ ਬੰਗਾਲ ਸਰਕਾਰ ਨੂੰ ਅਸਥਿਰ ਕਰਨ ਲਈ ਚੱਲੀਆਂ ਜਾ ਰਹੀਆਂ ਚਾਲਾਂ ਲੋਕਾਂ ਸਾਹਮਣੇ ਹਨ। ਇਹੋ ਹਾਲ ਪੰਜਾਬ 'ਚ ਕੀਤੇ ਜਾਣਾ ਸ਼ਾਇਦ ਦਿੱਲੀ ਦੇ ਹਾਕਮਾਂ ਤਹਿ ਕੀਤਾ ਹੋਏਗਾ।

ਬਿਨ੍ਹਾਂ ਸ਼ੱਕ ਪੰਜਾਬ 'ਚ ਬੇਰੁਜ਼ਗਾਰੀ ਹੈ। ਪੰਜਾਬ, ਪ੍ਰਵਾਸ ਦੇ ਰਾਹ ਹੈ। ਪੰਜਾਬ, ਨਸ਼ੇ ਨੇ ਭੰਨਿਆ ਹੋਇਆ ਹੈ। ਪੰਜਾਬ ਆਰਥਿਕ ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਮੌਜੂਦਾ ਸਰਕਾਰ ਤੋਂ ਜਿਸ ਕਿਸਮ ਦੀ ਕਾਰਗੁਜ਼ਾਰੀ ਦੀ ਆਸ ਸੀ, ਉਹ ਪੂਰੀ ਨਹੀਂ ਹੋ ਰਹੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਨੇਕ ਮੁਹਾਜ਼ਾਂ 'ਤੇ ਲੋਕ ਪੱਖੀ ਕੰਮ ਕਰਨ ਵਿਚ ਅਸਫ਼ਲ ਰਹੀ ਹੈ। ਸੂਬੇ 'ਚ ਨਿੱਤ ਮੁਜ਼ਾਹਰੇ ਹੋ ਰਹੇ ਹਨ।

ਕਿਸਾਨ ਜੱਥੇਬੰਦੀਆਂ ਪੰਜਾਬ ਸਰਕਾਰ ਦੇ ਵਿਰੋਧ ਵਿਚ ਖੜ੍ਹੀਆਂ ਹੋਈਆਂ ਹਨ, ਕਿਸਾਨਾਂ 'ਤੇ ਥਾਂ-ਥਾਂ ਲਾਠੀਚਾਰਜ ਹੋਇਆ ਹੈ, ਪਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸਰਕਾਰ ਸੰਜੀਦਾ ਨਹੀਂ। ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਅਤੇ ਮੁਆਵਜ਼ਾ ਦੇਣ ਪ੍ਰਤੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ। ਸੂਬੇ ਦੀਆਂ ਵਿਰੋਧੀ ਪਾਰਟੀਆਂ ਵੀ ਕਈ ਮਾਮਲਿਆਂ ਅਤੇ ਮੁੱਖ ਮੰਤਰੀ ਦੇ ਬਾਹਰਲੇ ਸੂਬਿਆਂ ਦੇ ਦੌਰਿਆਂ ਅਤੇ ਬਾਹਰਲੇ ਸੂਬਿਆਂ 'ਚ ਪੰਜਾਬ ਵਲੋਂ ਮੁਫਤ ਬਿਜਲੀ ਅਤੇ ਹੋਰ ਸਹੂਲਤਾਂ ਬਾਰੇ ਦਿੱਤੇ ਇਸ਼ਤਿਹਾਰਾਂ ਪ੍ਰਤੀ ਵੀ ਕਿੰਤੂ-ਪ੍ਰੰਤੂ ਕਰਦੀਆਂ ਹਨ।

ਵਿਰੋਧੀ ਨੇਤਾ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ, ਮਾਫੀਏ ਦੇ ਵਧਦੇ ਪ੍ਰਭਾਵ ਅਤੇ ਪਿੰਡ ਪੰਚਾਇਤਾਂ ਦੇ ਅਗਾਊਂ ਭੰਗ ਕੀਤੇ ਜਾਣ 'ਤੇ ਵੀ ਸਵਾਲ ਚੁੱਕਦੇ ਹਨ। ਪਰ ਕੀ ਇਹ ਆਧਾਰ ਰਾਸ਼ਟਰਪਤੀ ਰਾਸ਼ਟਰਪਤੀ ਰਾਜ ਲਗਾਉਣ ਲਈ ਕਾਫੀ ਹਨ ?

ਆਖ਼ਿਰ ਸੰਵਿਧਾਨ ਦੀ ਧਾਰਾ 356 ਹੈ ਕੀ ? ਇਸਦੀ ਵਰਤੋਂ ਰਾਸ਼ਟਰਪਤੀ ਕਿਹਨਾ ਹਾਲਤਾਂ 'ਚ ਕਰ ਸਕਦਾ ਹੈ। ਸੰਵਿਧਾਨ ਇਸ ਦੀ ਵਿਆਖਿਆ ਕਰਦਾ ਹੈ। ਸੰਵਿਧਾਨ 'ਚ ਦਰਜ਼ ਹੈ ਕਿ ਜੇਕਰ ਵਿਧਾਨ ਸਭਾ ਵਿਚ ਰਾਜ ਕਰਦੀ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕੇ, ਜਾਂ ਸੂਬੇ ਵਿਚ ਹੰਗਾਮੀ ਸਥਿਤੀ ਹੋਵੇ, ਵਿਧਾਨ ਸਭਾ ਨੇ ਪੰਜ ਸਾਲ ਪੂਰੇ ਕਰ ਲਏ ਹੋਣ ਅਤੇ ਚੋਣਾਂ ਨਾ ਹੋ ਸਕਦੀਆਂ ਹੋਣ, ਤਾਂ ਇਸ ਧਾਰਾ ਦੀ ਵਰਤੋਂ ਰਾਸ਼ਟਰਪਤੀ ਕਰ ਸਕਦਾ ਹੈ। ਰਾਸ਼ਟਰਪਤੀ ਉਸ ਹਾਲਤ ਵਿਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ ਕਿ ਜਦੋਂ ਸਦਨ ਭਾਵ ਵਿਧਾਨ ਸਭਾ 'ਚ ਰਾਜ ਕਰਦੀ ਪਾਰਟੀ ਦਾ ਬਹੁਮਤ ਅੰਕੜਾ ਹਿੱਲ ਜਾਏ ਜਾਂ ਰਾਜਪਾਲ ਇਹ ਮਹਿਸੂਸ ਕਰੇ ਕਿ ਸੂਬੇ 'ਚ ਰਾਜ ਕਰਦੀ ਪਾਰਟੀ ਸੰਵਿਧਾਨ ਦੇ ਨਿਯਮਾਂ ਮੁਤਾਬਿਕ ਕੰਮ ਨਹੀਂ ਕਰਦੀ ਅਤੇ ਜਾਂ ਸੰਵਿਧਾਨ ਦੇ ਮੂਲ ਭਾਵਨਾ ਦੀ ਅਣਦੇਖੀ ਕਰ ਰਹੀ ਹੈ, ਤਾਂ ਰਾਸ਼ਟਰਪਤੀ, ਰਾਜਪਾਲ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਪਰ 356 ਧਾਰਾ ਦੇ ਨਾਲ ਸੰਵਿਧਾਨ ਦੀ ਧਾਰਾ 355 ਵੀ ਪੜ੍ਹਨੀ ਪਵੇਗੀ, ਜਿਸ ਵਿਚ ਦਰਜ਼ ਹੈ ਕਿ ਰਾਸ਼ਟਰਪਤੀ ਜੇਕਰ ਮਹਿਸੂਸ ਕਰੇ ਕਿ ਕਿਸੇ ਰਾਜ ਵਿਚ ਕਾਨੂੰਨ ਵਿਵਸਥਾ ਫੇਲ੍ਹ ਹੋ ਰਹੀ ਹੈ, ਸਰਕਾਰ ਲੋਕਾਂ ਦੀ ਜਾਨਮਾਲ ਦੀ ਰਾਖੀ ਕਰਨ ਤੋਂ ਅਸਮਰੱਥ ਹੈ, ਤਾਂ ਉਥੇ ਰਾਜਪਾਲ/ਰਾਸ਼ਟਰਪਤੀ ਰਾਜ ਲਗਾਇਆ ਜਾ ਸਕਦਾ ਹੈ। ਪਰ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਪਾਰਲੀਮੈਂਟ ਦੇ ਦੋਹਾਂ ਸਦਨਾ ਭਾਵ ਲੋਕ ਸਭਾ ਤੇ ਰਾਜ ਸਭਾ ਦੀ ਮਨਜ਼ੂਰੀ ਲੈਣੀ ਪਵੇਗੀ। ਪਰ ਉਪਰੰਤ ਵਿਆਖਿਆ ਦੇ ਮੱਦੇਨਜ਼ਰ ਪੰਜਾਬ 'ਚ ਇਹੋ ਜਿਹੇ ਹਾਲਾਤ ਨਹੀਂ ਹਨ ਕਿ ਰਾਸ਼ਟਰਪਤੀ ਰਾਜ ਲਾਗੂ ਹੋ ਸਕੇ।

ਰਾਸ਼ਟਰਪਤੀ ਰਾਜ ਲਗਾਉਣ ਨਾਲ ਸਰਕਾਰ ਦਾ ਸਿੱਧਾ ਕੰਟਰੋਲ ਅਫ਼ਸਰਸ਼ਾਹੀ ਅਤੇ ਪੁਲਿਸ ਅਧਿਕਾਰੀਆਂ ਕੋਲ ਹੋਏਗਾ। ਲੋਕ-ਹਿਤੈਸ਼ੀ ਫ਼ੈਸਲੇ ਲੈਣੇ ਦੂਰ ਦੀ ਗੱਲ ਹੋ ਜਾਏਗੀ। ਆਮ ਤੌਰ 'ਤੇ ਅਫ਼ਸਰਸ਼ਾਹੀ ਇਹੋ ਜਿਹੇ ਹਾਲਤਾਂ ਵਿਚ, ਸਿਆਸੀ ਲੋਕਾਂ ਜਿੰਨੀ ਲੋਕ ਭਲਾਈ ਦੇ ਕਾਰਜ਼ਾਂ ਲਈ ਵਰਤੀ ਜਾਂਦੀ ਇੱਛਾ ਸ਼ਕਤੀ ਨਹੀਂ ਰੱਖਦੀ, ਕਿਉਂਕਿ ਉਨ੍ਹਾਂ ਨੇ ਨਾ ਤਾਂ ਲੋਕਾ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ ਅਤੇ ਨਾ ਹੀ ਕੋਈ ਵਾਹ-ਵਾਹ ਖੱਟਣੀ ਹੁੰਦੀ ਹੈ। ਇੰਜ ਸੂਬੇ ਦੇ ਲੋਕ ਅਣਗੌਲੇ ਰਹਿ ਜਾਂਦੇ ਹਨ।

ਅੱਜ ਪੰਜਾਬ ਦੇ ਜੋ ਹਾਲਾਤ ਹਨ, ਉਸਦੇ ਗਾਡੀਰਾਹ, ਇਹੋ ਜਿਹੇ ਸਿਆਸਤਦਾਨ ਹੀ ਬਣ ਸਕਦੇ ਹਨ, ਜਿਹੜੇ ਪੰਜਾਬ ਨੂੰ ਆਰਥਿਕ ਮੰਦੀ 'ਚੋਂ ਕੱਢਣ ਯੋਗ ਹੋਣ, ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਦ੍ਰਿੜ ਇੱਛਾ ਸ਼ਕਤੀ ਰੱਖਦੇ ਹੋਣ। ਕਿਉਂਕਿ ਪੰਜਾਬ ਦੇ ਲੋਕ ਸਦਾ ਹੀ ਸੱਚ ਦੇ ਪਹਿਰੇਦਾਰ ਰਹੇ ਹਨ ਅਤੇ ਉਨ੍ਹਾਂ ਲੋਕਾਂ ਨਾਲ ਜਜ਼ਬਾਤੀ ਤੌਰ 'ਤੇ ਤੁਰਨ ਤੋਂ ਗੁਰੇਜ਼ ਨਹੀਂ ਕਰਦੇ, ਜਿਨ੍ਹਾਂ ਤੋਂ ਰੱਤੀ ਭਰ ਵੀ ਉਨ੍ਹਾਂ ਨੂੰ ਹੱਸਦਾ-ਰਸਦਾ-ਵਸਦਾ ਪੰਜਾਬ ਬਨਾਉਣ ਦੀ ਆਸ ਬੱਝਦੀ ਹੈ।

ਰਾਸ਼ਟਰਪਤੀ ਰਾਜ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ 'ਚ ਨਹੀਂ। ਲੋਕਤੰਤਰੀ ਕਦਰਾਂ-ਕੀਮਤਾਂ ਦੇ ਰਾਖੇ ਪੰਜਾਬੀ, ਕਿਸੇ ਵੀ ਚੁਣੀ ਹੋਈ ਸੂਬਾ ਸਰਕਾਰ ਵੀ ਬਰਖਾਸਤਗੀ ਪ੍ਰਵਾਨ ਨਹੀਂ ਕਰਨਗੇ, ਕਿਉਂਕਿ ਉਹ ਦੇਸ਼ ਦੇ ਸੰਘੀ ਢਾਂਚੇ, ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ, ਇਥੋਂ ਤੱਕ ਕਿ ਸੂਬਿਆਂ ਦੀ ਖੁਦਮੁਖਤਿਆਰੀ ਦੇ ਹਾਮੀ ਹਨ। ਪੰਜਾਬੀ ਹਰ ਉਸ ਜਬਰ ਦੇ ਵਿਰੋਧ ਵਿਚ ਖੜ੍ਹਨ ਤੋਂ ਕਦੇ ਵੀ ਨਹੀਂ ਡਰਦੇ, ਜਿਹੜਾ ਉਨ੍ਹਾਂ 'ਤੇ ਜਬਰੀ ਥੋਪ ਦਿੱਤਾ ਜਾਂਦਾ ਹੈ। ਦੇਸ਼ 'ਚ ਲਗਾਈ ਐਮਰਜੈਂਸੀ ਦਾ ਵਿਰੋਧ ਅਤੇ ਕਿਸਾਨਾਂ ਵਿਰੁੱਧ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਨ੍ਹਾਂ ਦੀ ਪਹਿਲ, ਜੱਗ ਜਾਣੀ ਜਾਂਦੀ ਹੈ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਖ ਰਾਜ ਦਾ ਆਖ਼ਰੀ ਰਾਜਾ ਮਹਾਰਾਜਾ ਦਲੀਪ ਸਿੰਘ

## 4 ਸਤੰਬਰ ਜਨਮ ਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਪੰਜਾਬ ਉੱਪਰ 40 ਸਾਲ ਰਾਜ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਨਹੀਂ ਪਤਾ ਸੀ ਕਿ ਮੇਰੇ ਰਾਜ ਦਾ ਅੰਤ ਇਤਨੀ ਜਲਦੀ ਆ ਜਾਵੇਗਾ। ਉਸ ਦੇ ਰਾਜ ਦਾ ਅੰਤ ਆਉਣ ਦੇ ਕਈ ਕਾਰਨ ਸਨ। ਉਨ੍ਹਾਂ ਕਾਰਨਾਂ ਵਿਚ ਇਕ ਇਹ ਵੀ ਕਾਰਨ ਸੀ ਕਿ ਮਹਾਰਾਜਾ ਦੇ ਸੱਤ ਪੁੱਤਰ ਸਨ, ਜਿਨ੍ਹਾਂ ਦਾ ਜਨਮ ਵੱਖ-ਵੱਖ ਮਾਵਾਂ ਦੀਆਂ ਕੁੱਖਾਂ ਵਿਚੋਂ ਹੋਇਆ। ਇਸ ਕਰਕੇ ਉਨ੍ਹਾਂ ਦਾ ਆਪਸ ਵਿਚ ਮੋਹ ਪਿਆਰ ਨਹੀਂ ਸੀ। ਆਪਸ ਵਿਚ ਈਰਖਾ ਕਰਦੇ ਹੋਏ ਇਕ-ਦੂਜੇ ਦੀ ਮਾਰ-ਧਾੜ 'ਤੇ ਉੱਤਰ ਆਏ ਸਨ। ਇਨ੍ਹਾਂ ਰਾਜਿਆਂ ਵਿਚੋਂ ਸਿੱਖ ਰਾਜ ਦਾ ਆਖ਼ਰੀ ਰਾਜਾ ਮਹਾਰਾਜਾ ਦਲੀਪ ਸਿੰਘ ਹੋਇਆ ਹੈ, ਜਿਸ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੇ ਘਰ ਅਤੇ ਮਹਾਰਾਣੀ ਜਿੰਦ ਕੌਰ ਦੀ ਕੁਖੋਂ 4 ਸਤੰਬਰ, 1838 ਨੂੰ ਲਾਹੌਰ ਵਿਖੇ ਹੋਇਆ। ਦਲੀਪ ਸਿੰਘ 9 ਮਹੀਨੇ, 24 ਦਿਨ ਦਾ ਸੀ, ਜਦੋਂ ਮਹਾਰਾਜਾ ਰਣਜੀਤ ਸਿੰਘ ਦਾ 27 ਜੂਨ, 1839 ਨੂੰ ਦੇਹਾਂਤ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਖੜਕ ਸਿੰਘ, ਮਹਾਰਾਜਾ ਕੰਵਰ ਨੌਨਿਹਾਲ ਸਿੰਘ, ਮਹਾਰਾਣੀ ਚੰਦ ਕੌਰ ਤਖ਼ਤ 'ਤੇ ਬੈਠੇ। ਇਸ ਤੋਂ ਬਾਅਦ ਜਦ ਮਹਾਰਾਜਾ ਸ਼ੇਰ ਸਿੰਘ ਤਖ਼ਤ 'ਤੇ ਬੈਠਾ, ਤਾਂ ਉਸ ਨੂੰ ਸੰਧਾਵਾਲੀਏ ਲਹਿਣਾ ਸਿੰਘ ਤੇ ਉਸ ਦੇ ਭਤੀਜੇ ਅਜੀਤ ਸਿੰਘ ਨੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਧਿਆਨ ਸਿੰਘ ਡੋਗਰੇ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ, ਤਾਂ ਕਿ ਉਹ ਨਵੇਂ ਰਾਜੇ ਦਾ ਵਜ਼ੀਰ ਨਾ ਬਣ ਜਾਵੇ। ਲਹਿਣਾ ਸਿੰਘ ਨੇ ਮਹਾਰਾਣੀ ਜਿੰਦ ਕੌਰ ਕੋਲੋਂ ਦਲੀਪ ਸਿੰਘ ਨੂੰ ਲਿਆ ਕੇ 16 ਸਤੰਬਰ, 1843 ਨੂੰ ਤਖ਼ਤ 'ਤੇ ਬਿਠਾ ਦਿੱਤਾ। ਉਸ ਸਮੇਂ ਮਹਾਰਾਜਾ ਦਲੀਪ ਸਿੰਘ ਦੀ ਉਮਰ ਪੰਜ ਸਾਲ, ਗਿਆਰਾਂ ਦਿਨ ਦੀ ਸੀ।

ਗਿਆਨੀ ਗੁਰਮੁਖ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਦੇ ਖ਼ੂਨ ਦੀ ਉਂਗਲ ਲਬੇੜ ਕੇ ਮਹਾਰਾਜਾ ਦਲੀਪ ਸਿੰਘ ਦੇ ਮੱਥੇ 'ਤੇ ਲਾ ਕੇ ਨਵਾਂ ਮਹਾਰਾਜਾ ਹੋਣ ਦੀ ਰਸਮ ਨਿਭਾਈ। ਮਹਾਰਾਣੀ ਜਿੰਦ ਕੌਰ ਨੂੰ ਰਾਜੇ ਦੀ ਸਰਪ੍ਰਸਤ ਲਗਾ ਦਿੱਤਾ। ਲਹਿਣਾ ਸਿੰਘ ਆਪ ਵਜ਼ੀਰ ਬਣ ਗਿਆ। ਹੀਰਾ ਸਿੰਘ ਨੇ ਆਪਣੇ ਪਿਤਾ ਧਿਆਨ ਸਿੰਘ ਡੋਗਰੇ ਦਾ ਬਦਲਾ ਲੈਣ ਲਈ ਲਹਿਣਾ ਸਿੰਘ ਅਤੇ ਉਸ ਦੇ ਭਤੀਜੇ ਅਜੀਤ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਫਿਰ ਹੀਰਾ ਸਿੰਘ ਨੇ ਲਹਿਣਾ ਸਿੰਘ ਦੇ ਖ਼ੂਨ ਦੀ ਉਂਗਲ ਲਬੇੜ ਕੇ ਦਲੀਪ ਸਿੰਘ ਦੇ ਮੱਥੇ 'ਤੇ ਲਗਾ ਕੇ ਮਹਾਰਾਜਾ ਹੋਣ ਦੀ ਰਸਮ



ਨਿਭਾਈ ਤੇ ਆਪ ਵਜ਼ੀਰ ਬਣ ਗਿਆ। ਮਹਾਰਾਣੀ ਜਿੰਦ ਕੌਰ ਨੂੰ ਮਹਾਰਾਜੇ ਦੀ ਸਰਪ੍ਰਸਤ ਲਾਇਆ ਗਿਆ।

ਮਹਾਰਾਣੀ ਜਿੰਦ ਕੌਰ ਆਪਣੇ ਬੇਟੇ ਦੇ ਦੋ ਵਾਰ ਲੱਗੇ ਖ਼ੂਨ ਦੇ ਟਿਕਿਆ ਤੋਂ ਚਿੰਤਤ ਸੀ। 10 ਫ਼ਰਵਰੀ, 1846 ਨੂੰ ਸਤਿਲੁਜ ਦਰਿਆ ਦੇ ਕੰਢੇ 'ਤੇ ਹੋਈ ਸਭਰਾਵਾਂ ਦੀ ਲੜਾਈ ਸਿੱਖਾਂ ਅਤੇ ਅੰਗਰੇਜ਼ਾਂ ਦੀ ਆਖਰੀ ਲੜਾਈ ਸੀ। ਇਹ ਲੜਾਈ ਡੋਗਰਿਆਂ ਦੀਆਂ ਬਦਨੀਤ ਚਾਲਾਂ ਕਾਰਨ ਸਿੱਖ ਹਾਰ ਗਏ ਅਤੇ ਸਿੱਖ ਰਾਜ ਦਾ ਸੂਰਜ ਸਦਾ ਲਈ ਅਸਤ ਹੋ ਗਿਆ ਸੀ। 12 ਦਸੰਬਰ, 1846 ਨੂੰ ਮਹਾਰਾਣੀ ਜਿੰਦ ਕੌਰ ਦੀ ਸਰਕਾਰੀ ਕੰਮਾਂ 'ਚ ਦਖ਼ਲਅੰਦਾਜ਼ੀ ਬੰਦ ਕਰ ਦਿੱਤੀ ਗਈ। ਮਹਾਰਾਣੀ ਨੂੰ ਸੰਮਨ ਬੁਰਜ ਲਾਹੌਰ ਦਰਬਾਰ 'ਚ ਨਜ਼ਰਬੰਦ ਕਰ ਦਿੱਤਾ। ਉਸ ਨੂੰ 19 ਅਗਸਤ, 1847 ਨੂੰ ਸ਼ੇਖ਼ੂਪੁਰਾ ਕਿਲਢੇ ਵਿਚ ਕੈਦ ਕਰ ਦਿੱਤਾ ਗਿਆ। ਫਿਰ 16 ਮਈ, 1848 ਨੂੰ ਕੈਦੀ ਦੇ ਤੌਰ 'ਤੇ ਪੰਜਾਬ ਤੋਂ ਬਨਾਰਸ ਭੇਜ ਦਿੱਤਾ। ਇੱਥੋਂ 4 ਅਪ੍ਰੈਲ, 1849 ਨੂੰ ਉੱਤਰ ਪ੍ਰਦੇਸ਼ ਦੇ ਚਿਨਾਰ ਕਿਲ੍ਹੇ ਵਿਚ ਭੇਜ ਦਿੱਤੀ। ਦੂਜਾ ਐਂਗਲੋ-ਸਿੱਖ ਯੁੱਧ 1848-49 'ਚ ਹੋਇਆ। 10 ਮਾਰਚ, 1849 ਨੂੰ ਸਿੱਖਾਂ ਨੇ ਹਥਿਆਰ ਸੁੱਟ ਦਿੱਤੇ। ਅੰਗਰੇਜ਼ਾਂ ਨੇ ਪੰਜਾਬ 'ਤੇ ਪੂਰਾ ਕਬਜ਼ਾ ਕਰ ਲਿਆ। 12 ਸਾਲ ਦੇ ਦਲੀਪ ਸਿੰਘ ਤੋਂ (ਸੰਧੀਆਂ 'ਤੇ ਦਸਤਖ਼ਤ ਕਰਵਾ ਕੇ ਉਸ ਨੂੰ ਰਾਜ ਗੱਦੀ ਤੋਂ ਹਟਾ ਦਿੱਤਾ। ਲਾਰਡ ਡਲਹੌਜ਼ੀ ਜਿਸ ਨੇ ਗਵਰਨਰ ਜਨਰਲ ਬਣ ਕੇ ਅੱਠ ਸਾਲ ਰਾਜ ਕੀਤਾ, ਉਸ ਨੇ ਮਹਾਰਾਜਾ ਦਲੀਪ ਸਿੰਘ ਤੋਂ ਕੋਹੇਨੂਰ ਹੀਰਾ, ਗਹਿਣੇ ਅਤੇ ਤੋਸ਼ੇਖਾਨੇ ਦਾ ਹੋਰ ਕੀਮਤੀ ਸਮਾਨ ਆਪਣੇ ਕਬਜ਼ੇ ਵਿਚ ਕਰ ਲਿਆ। ਸੰਨ 1950 'ਚ ਕੋਹੇਨੂਰ ਹੀਰਾ ਮਹਾਰਾਣੀ ਮਲਕਾ ਵਿਕਟੋਰੀਆ ਦੇ ਹਵਾਲੇ ਕਰ ਕੇ ਉਸ ਦੇ ਤਾਜ ਵਿਚ ਜੜ੍ਹ ਦਿੱਤਾ, ਜਿਸ ਨੂੰ ਮਹਾਰਾਣੀ ਪਹਿਨਦੀ ਸੀ। ਹੁਣ ਇਹ ਕੋਹੇਨੂਰ ਹੀਰਾ ਲੰਡਨ ਦੇ ਟਾਵਰ ਆਫ਼ ਲੰਡਨ ਅਜਾਇਬ ਘਰ ਵਿਚ ਪਿਆ ਹੈ।

29 ਮਾਰਚ, 1849 ਨੂੰ ਪੰਜਾਬ ਵਿਚੋਂ ਸਿੱਖ ਰਾਜ ਖ਼ਤਮ ਕਰਕੇ ਉਸ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ। ਇਕ ਅਗਸਤ 1863 ਨੂੰ ਕੈਨਿਸਿੰਟਨ (ਲੰਡਨ) ਵਿਖੇ ਮਹਾਰਾਣੀ ਜਿੰਦ ਕੌਰ ਦੀ ਮੌਤ ਹੋ ਗਈ। ਇਸ ਨੂੰ ਕੈਨਸਲ ਰਕੀਨ ਕਬਰਿਸਤਾਨ ਵਿਖੇ ਆਰਜ਼ੀ ਤੌਰ 'ਤੇ ਰੱਖਿਆ ਗਿਆ। ਦਲੀਪ ਸਿੰਘ ਨੂੰ ਆਪਣੀ ਮਾਤਾ ਦਾ ਸਰੀਰ ਭਾਰਤ ਲਿਆਉਣ ਲਈ ਛੇ ਮਹੀਨੇ ਬਾਅਦ ਮਨਜ਼ੂਰੀ ਇਸ ਸ਼ਰਤ 'ਤੇ ਮਿਲੀ ਕਿ ਤੂੰ ਇਸ ਦਾ ਸਸਕਾਰ ਭਾਰਤ ਵਿਚ ਤਾਂ ਕਰ ਸਕਦਾ ਏ ਪਰ ਪੰਜਾਬ ਵਿਚ ਨਹੀਂ। ਦਲੀਪ ਸਿੰਘ ਨੇ ਆਪਣੀ ਮਾਤਾ ਦਾ ਸਸਕਾਰ ਨਾਸਿਕ 'ਚ ਨਰਬਦਾ ਦਰਿਆ ਦੇ ਕੰਢੇ 'ਤੇ ਕਰ ਦਿੱਤਾ। ਉਹ ਵਾਪਸ ਜਾਂਦੇ ਸਮੇਂ ਮਿਸਰ ਦੇ ਸ਼ਹਿਰ ਕਾਹਿਰਾ ਵਿਖੇ ਰੁੱਕਿਆ ਅਤੇ ਇਕ ਜਰਮਨ ਮੂਲ ਦੀ ਲੜਕੀ ਬੰਬਾ ਮੂਲਰ ਨਾਲ ਇਸਾਈ ਧਰਮ ਦੀਆਂ ਰਸਮਾਂ ਮੁਤਾਬਕ 7 ਜੂਨ, 1864 ਨੂੰ ਸ਼ਾਦੀ ਕਰਵਾ ਲਈ। ਉਸ ਨੂੰ ਨਾਲ ਲੈ ਕੇ ਇੰਗਲੈਂਡ ਚਲਿਆ ਗਿਆ। ਬੰਬਾ ਮੂਲਰ ਦੀ ਕੁਖੋਂ ਦਲੀਪ ਸਿੰਘ ਦੇ ਘਰ ਤਿੰਨ ਪੁੱਤਰਾਂ ਅਤੇ ਤਿੰਨ ਧੀਆਂ ਨੇ ਜਨਮ ਲਿਆ। ਬੰਬਾ ਮੂਲਰ 1890 ਵਿਚ ਰੱਬ ਨੂੰ ਪਿਆਰੀ ਹੋ ਗਈ। 23 ਫ਼ਰਵਰੀ, 1889 ਨੂੰ ਮਹਾਰਾਜਾ ਦਲੀਪ ਸਿੰਘ ਨੇ ਮਹਾਰਾਣੀ ਵਿਕਟੋਰੀਆ ਨੂੰ ਇਕ ਖ਼ਤ ਭੇਜਿਆ ਕਿ ਤੁਸੀਂ ਮੈਥੋਂ ਸਿੱਖ ਰਾਜ ਧੋਖੇ ਨਾਲ ਖੋਹ ਲਿਆ ਸੀ, ਜੋ ਤੁਸੀਂ ਨਾ ਮੈਨੂੰ ਵਾਪਸ ਕੀਤਾ, ਨਾ ਕਰਨਾ ਹੈ ਪਰ ਮੈਥੋਂ ਧੋਖੇ ਨਾਲ ਖੋਹਿਆ ਕੋਹੇਨੂਰ ਹੀਰਾ ਵਾਪਸ ਕੀਤਾ ਜਾਵੇ। ਜਦ ਇਸ ਖ਼ਤ ਦਾ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਨੁਮਾਇੰਦਿਆਂ ਨੂੰ ਪਤਾ ਲੱਗਿਆ, ਤਾਂ ਉਨ੍ਹਾਂ ਮਹਾਰਾਣੀ ਨੂੰ ਅਮਲ ਕਰਨ ਤੋਂ ਰੋਕ ਦਿੱਤਾ।

21 ਮਈ, 1880 ਨੂੰ ਦਲੀਪ ਸਿੰਘ ਨੇ ਅਦਾ ਡਗਲਸ ਵੈਦਰਿਲ ਨਾਲ ਵਿਆਹ ਕਰਵਾ ਲਿਆ। ਵੈਦਰਿਲ ਨੇ 25 ਅਕਤੂਬਰ 1889 ਨੂੰ ਇਕ ਬੱਚੀ ਨੂੰ ਜਨਮ ਦਿੱਤਾ, ਜਿਸ ਦਾ ਨਾਮ ਰਾਜ ਕੁਮਾਰੀ ਅਦਾ ਇਰੀਨ ਹੈਲਨ ਬਰਲ ਦਲੀਪ ਸਿੰਘ ਰੱਖਿਆ। ਇਸ ਦੀ ਕੁੱਖੋਂ ਤਿੰਨ ਬੱਚਿਆਂ ਨੇ ਜਨਮ ਲਿਆ। ਉਹ ਦਲੀਪ ਸਿੰਘ ਦੀ ਮੌਤ ਤੋਂ ਕਾਫੀ ਸਮੇਂ ਬਾਅਦ ਤੱਕ ਜਿਊਂਦੀ ਰਹੀ। ਦਲੀਪ ਸਿੰਘ ਦੇ ਦੋ ਵਿਆਹ ਹੋਏ ਸਨ। ਉਸ ਦੇ ਘਰ ਨੌਂ ਬੱਚਿਆਂ ਨੇ ਜਨਮ ਲਿਆ। ਉਸ ਦੇ ਚਾਰ ਬੇਟੇ ਸਨ, ਜਿਨ੍ਹਾਂ ਵਿਚੋਂ ਦੋ ਬਚਪਨ ਵਿਚ ਹੀ ਮਰ ਗਏ। ਪੰਜ ਲੜਕੀਆਂ ਸਨ, ਜਿਨ੍ਹਾਂ ਵਿਚੋਂ ਚਾਰ ਵਿਆਈਆਂ ਹੋਈਆਂ ਸਨ ਪਰ ਰੱਬ ਦੇ ਰੰਗ ਦਲੀਪ ਸਿੰਘ ਦੀ ਔਲਾਦ ਦੇ ਘਰ ਕਿਸੇ ਵੀ ਬੱਚੇ ਨੇ ਜਨਮ ਨਾ ਲਿਆ। ਸਾਰੇ ਹੀ ਈਸਾਈ ਧਰਮ ਨਾਲ ਸਬੰਧਤ ਸਨ। ਉਨ੍ਹਾਂ ਦੇ ਇਸ ਦੁਨੀਆਂ ਤੋਂ ਜਾਣ ਨਾਲ ਦਲੀਪ ਸਿੰਘ ਦੀ ਵੰਸ਼ ਦਾ ਅੰਤ ਹੋ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਪੈਰਿਸ ਵਿਚ 1890 ਦੇ ਸ਼ੁਰੂ ਵਿਚ ਅਧਰੰਗ ਦਾ ਦੌਰਾ ਪੈ ਗਿਆ, ਜਿਸ ਕਰਕੇ ਉਸ ਦਾ ਖੱਬਾ ਪਾਸਾ ਮਾਰਿਆ ਗਿਆ। ਉਸ ਦਾ ਬੇਟਾ ਪ੍ਰਿੰਸ ਵਿਕਟਰ ਦਲੀਪ ਸਿੰਘ ਇੰਗਲੈਂਡ ਤੋਂ ਉਸ ਨੂੰ ਦੋ ਵਾਰ ਮਿਲ ਆਇਆ ਸੀ। ਮਹਾਰਾਜਾ ਦਲੀਪ ਸਿੰਘ 22 ਅਕਤੂਬਰ, 1893 ਨੂੰ ਪੈਰਿਸ ਦੇ ਗ੍ਰੈਂਡ ਹੋਟਲ 'ਚ ਪਚਵੰਜਾ ਸਾਲ ਦੀ ਉਮਰ 'ਚ ਦਮ ਤੋੜ ਗਿਆ।

29 ਅਕਤੂਬਰ, 1893 ਨੂੰ ਈਸਾਈ ਰਸਮਾਂ ਅਨੁਸਾਰ ਪੈਰਿਸ ਵਿਚ ਹੀ ਉਸ ਨੂੰ ਦਫ਼ਨਾ ਦਿੱਤਾ ਗਿਆ।

# ਹਰ ਵਿਧਾ ਵਿਚ ਲਿਖਣ ਵਾਲੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ

## 31 ਅਗਸਤ ਜਨਮ ਦਿਨ 'ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਪੰਜਾਬੀ ਲੇਖਕ, ਕਵੀ, ਨਾਵਲਕਾਰ ਅਤੇ ਵਰਤਕਕਾਰ ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ, 1919 ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਮੰਡੀ ਬਹਾਉਦੀਨ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਇਸ ਦੇ ਪਿਤਾ ਇਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੂੰ ਲਿਖਣ ਦੀ ਚੇਟਕ ਵੀ ਆਪਣੇ ਪਿਤਾ ਕੋਲੋਂ ਪਈ।

ਅੰਮ੍ਰਿਤਾ ਨੇ 1932 ਵਿਚ ਅਠੱਵੀਂ ਪਾਸ ਕਰ ਲਈ ਸੀ। 1933 ਵਿਚ ਇਸ ਨੇ ਗਿਆਨੀ ਪਾਸ ਕਰ ਲਈ ਬਾਅਦ ਵਿਚ 15 ਮਈ 1973 ਨੂੰ ਦਿੱਲੀ ਯੂਨੀਵਰਸਿਟੀ ਵਲੋਂ ਡੀ ਲਿਟ ਦੀ ਆਨਰੇਰੀ ਡਿਗਰੀ ਵੀ ਪ੍ਰਾਪਤ ਕੀਤੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ।

ਜਦ ਅੰਮ੍ਰਿਤਾ ਚਾਰ ਸਾਲ ਦੀ ਸੀ, ਤਾਂ ਇਨ੍ਹਾਂ ਦੀ ਮਾਤਾ ਨੇ ਇਸ ਦੀ ਕੁੜਮਾਈ ਦੂਰ ਦੇ ਰਿਸ਼ਤੇ ਵਿਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦ ਇਹ ਗਿਆਰਾਂ ਸਾਲ ਦੀ ਹੋਈ, ਤਾਂ ਇਸ ਦੀ ਮਾਤਾ ਦੀ ਮੌਤ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਉਸ ਥਾਂ ਹੀ ਕਰਕੇ ਆਪਣੀ ਪਤਨੀ ਦੀ ਜ਼ੁਬਾਨ ਪੁਗਾਈ ਅਤੇ ਆਪਣਾ ਫ਼ਰਜ਼ ਨਿਭਾਇਆ।

ਇਹ ਵਿਆਹ 1936 'ਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਇਸ ਤੋਂ ਬਾਅਦ ਹੀ ਇਸ ਨੇ ਉਪਨਾਮ ਆਪਣੇ ਪਤੀ ਕੋਲੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਬਣ ਗਈ। ਇਨ੍ਹਾਂ ਦੇ ਘਰ ਦੋ ਬੱਚੇ ਪੁੱਤਰ ਨਵਰਾਜ ਅਤੇ ਪੁੱਤਰੀ ਕੰਦਲਾ ਨੇ ਜਨਮ ਲਿਆ। ਇਹ ਆਪਣੇ ਵਿਆਹੁਤਾ ਜੀਵਨ



ਤੋਂ ਖੁਸ਼ ਨਹੀ ਸੀ, ਇਸ ਕਰਕੇ 1960 ਵਿਚ ਇਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ।

1936 ਵਿਚ ਅੰਮ੍ਰਿਤਾ ਨੇ ਲਿਖਣਾ ਸ਼ੁਰੂ ਕੀਤਾ। ਜਦ ਇਸ ਦਾ ਪਹਿਲਾ ਕਾਵਿ ਸੰਗ੍ਰਿਹ ਪ੍ਰਕਾਸ਼ਤ ਹੋਇਆ, ਉਸ ਸਮੇਂ ਇਸ ਦੀ ਉਮਰ 16 ਸਾਲ ਸੀ।

1947 ਦੀ ਵੰਡ ਵੇਲੇ ਇਹ ਇਧਰ ਆ ਗਈ। ਉਸ ਸਮੇਂ ਇਹ 28 ਸਾਲ ਦੀ ਸੀ। ਦੇਸ਼ ਦੀ ਵੰਡ ਨੂੰ ਇਸ ਨੇ ਆਪਣੇ ਪਿੰਡੇ 'ਤੇ ਹੰਡਾਇਆ। ਲਾਸ਼ਾਂ ਦੇ ਲੱਗੇ ਢੇਰ ਅੰਮ੍ਰਿਤਾ ਪ੍ਰੀਤਮ ਦੇ ਮਨ 'ਤੇ ਘਰ ਕਰ ਗਏ। ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਵਾਰਿਸ ਸ਼ਾਹ ਨੂੰ ਮੁਖ਼ਾਤਿਬ ਕਰਕੇ ਇਕ ਕਵਿਤਾ ਲਿਖੀ:-

-ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦਮੰਦਾ ਦਿਆ ਦਰਦ ਦੀਆ! ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਛੇ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਅੰਮ੍ਰਿਤਾ ਨੇ ਕਵਿਤਾ, ਨਾਵਲ, ਜੀਵਨੀ, ਨਿਬੰਧ ਆਦਿ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ। ਇਨ੍ਹਾਂ ਵਿਚ ਪੰਜਾਬੀ ਲੋਕ ਗੀਤਾਂ ਦਾ ਇਕ ਸੰਗ੍ਰਹਿ ਅਤੇ ਆਤਮਕਥਾ ਵੀ ਸ਼ਾਮਲ ਹੈ। ਉਸ ਦੀਆਂ ਕਈ ਕਿਤਾਬਾਂ ਦਾ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਨੂੰ 1956 'ਚ ਸੁਨੇਹੜੇ ਕਾਵਿ-ਸੰਗ੍ਰਹਿ ਤੇ ਸਾਹਿਤ ਐਕਡਮੀ ਪੁਰਸਕਾਰ ਮਿਲਿਆ, 1958 ਵਿਚ ਭਾਸ਼ਾ ਵਿਭਾਗ ਵਲੋਂ ਸਨਮਾਨ ਮਿਲਿਆ, 1969 ਵਿਚ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ, ਸਾਹਿਤ ਕਲਾ ਪ੍ਰੀਸ਼ਦ ਵਲੋਂ 1974 'ਚ ਇਨਾਮ ਮਿਲਿਆ, ਕੰਨੜ ਸਾਹਿਤ ਸੰਮੇਲਨ ਵਿਚ ਆਪ ਨੂੰ 1978 ਵਿਚ ਇਨਾਮ ਮਿਲਿਆ, 1982 'ਚ ਕਾਗਜ਼ ਅਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਮਿਲਿਆ, 1988 ਵਿਚ ਬਲਗਾਰਿਆ ਵੈਰੋਵ ਇਨਾਮ (ਅੰਤਰਰਾਸ਼ਟਰੀ) ਮਿਲਿਆ, ਆਪਣੀ ਜ਼ਿੰਦਗੀ ਦੇ ਅੰਤਿਮ ਦਿਨਾਂ 2005 ਵਿਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਮਿਲਿਆ।

31 ਅਕਤੂਬਰ, 2005 ਨੂੰ 86 ਸਾਲ ਦੀ ਉਮਰ ਵਿਚ ਅੰਮ੍ਰਿਤਾ ਪ੍ਰੀਤਮ ਦੀ ਦਿੱਲੀ ਵਿਖੇ ਮੌਤ ਹੋ ਗਈ ਪਰ ਉਹ ਭਾਵੇਂ ਸਾਡੇ ਕੋਲੋਂ ਸਰੀਰਕ ਤੌਰ 'ਤੇ ਚਲੀ ਗਈ ਹੈ ਪਰ ਉਸ ਦਾ ਲਿਖਿਆ ਸਾਹਿਤ ਦਾ ਵੱਡਮੁੱਲਾ ਸਰਮਾਇਆ ਸਾਡੇ ਕੋਲ ਹੈ।

# ਇਨਸਾਫ ਪਸੰਦ ਅਤੇ ਇਮਾਨਦਾਰੀ ਦੇ ਪ੍ਰਤੀਕ : ਬਿਕਰਮ ਸਿੰਘ ਗਰੇਵਾਲ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਸਰਕਾਰੀ ਨੌਕਰੀ ਦੌਰਾਨ ਇਮਾਨਦਾਰੀ, ਵਚਨਬੱਧਤਾ ਅਤੇ ਲੋਕਾਂ ਨੂੰ ਇਨਸਾਫ ਦੇਣਾ ਸੱਚੇ-ਸੁੱਚੇ ਅਧਿਕਾਰੀਆਂ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ, ਤਾਂ ਹੀ ਲੋਕ ਰਾਜ ਦੇ ਅਰਥਾਂ ਦਾ ਲਾਭ ਉਠਾਇਆ ਜਾ ਸਕਦਾ ਹੈ। ਸਰਕਾਰੀ ਨੌਕਰੀ ਤੋਂ ਸੇਵਾਮੁਕਤੀ ਤੋਂ ਬਾਅਦ ਪਛਤਾਉਣ ਦਾ ਕੋਈ ਲਾਭ ਨਹੀਂ ਹੁੰਦਾ। ਜਿਹੜੇ ਸਰਕਾਰੀ ਅਧਿਕਾਰੀ ਲੋਕਾਂ ਨੂੰ ਇਨਸਾਫ ਦਿੰਦੇ ਹਨ, ਉਨ੍ਹਾਂ ਦਾ ਬੁਢਾਪਾ ਸ਼ਾਂਤਮਈ ਗੁਜ਼ਰਦਾ ਹੈ। ਫਿਰ ਬੁਢਾਪਾ ਸਰਾਪ ਨਹੀਂ, ਸਗੋਂ ਵਰਦਾਨ ਹੁੰਦਾ ਹੈ। ਬੁਢਾਪਾ ਅਹਿਸਾਸ ਦਾ ਦੂਜਾ ਨਾਮ ਹੈ। ਜਿਹੋ ਜਿਹਾ ਇਨਸਾਨ ਸੋਚਦਾ ਹੈ, ਉਹੋ ਜਿਹਾ ਮਹਿਸੂਸ ਕਰਦਾ ਹੈ। ਮਨੁੱਖੀ ਜੀਵਨ ਪ੍ਰਮਾਤਮਾ ਵੱਲੋਂ ਇੱਕ ਵਾਰ ਦਿੱਤਾ ਤੋਹਫ਼ਾ ਹੁੰਦਾ ਹੈ। ਇਸ ਤੋਹਫ਼ੇ ਦੀ ਵਰਤੋਂ ਹਰ ਇਨਸਾਨ ਨੇ ਆਪੋ-ਆਪਣੀ ਸਮਝ ਅਨੁਸਾਰ ਕਰਨੀ ਹੁੰਦੀ ਹੈ। ਜਿਹੜਾ ਇਨਸਾਨ ਮਨੁੱਖੀ ਜੀਵਨ ਨੂੰ ਉਸਾਰੂ ਸੋਚ ਨਾਲ ਵੰਗਾਰ ਸਮਝਕੇ ਲੈਂਦਾ ਹੈ, ਉਹ ਹਮੇਸ਼ਾ ਸਫਲਤਾ ਪ੍ਰਾਪਤ ਕਰਦਾ ਸਥਾਪਤ ਨਿਸ਼ਾਨੇ 'ਤੇ ਪਹੁੰਚਦਾ ਹੈ, ਜਿਹੜਾ ਇਸ ਜੀਵਨ ਨੂੰ ਭਾਰ ਸਮਝਣ ਲੱਗਦਾ ਹੈ, ਉਹ ਸੁੱਖਮਈ ਨਹੀਂ ਰਹਿ ਸਕਦਾ ਅਤੇ ਹਮੇਸ਼ਾ ਨਿਰਾਰਥਕ ਜੀਵਨ ਬਤੀਤ ਕਰਦਾ ਹੈ। ਸਾਕਾਰਤਮਕ ਸੋਚ, ਸੰਤੁਸ਼ਟਤਾ ਤੇ ਇਮਾਨਦਾਰੀ ਇਨਸਾਨ ਨੂੰ ਆਨੰਦ ਤੇ ਲੰਬੀ ਉਮਰ ਬਖ਼ਸ਼ਦੀ ਹੈ। ਬੁਢਾਪੇ ਨੂੰ ਜੇਕਰ ਇਨਸਾਨ ਸਹਿਜਤਾ ਨਾਲ ਲੈਂਦਾ ਹੋਇਆ ਆਪਣੇ ਆਪ ਨੂੰ ਰੁਝੇਵਿਆਂ ਵਿਚ ਰੱਖੇਗਾ, ਤਾਂ ਜ਼ਿੰਦਗੀ ਦਾ ਆਨੰਦ ਮਾਣੇਗਾ। ਮੈਂ ਇਕ ਅਜਿਹੇ 100 ਤੋਂ ਵੱਧ ਉਮਰ ਦੇ ਵਿਅਕਤੀ ਬਿਕਰਮ ਸਿੰਘ ਗਰੇਵਾਲ ਨਾਲ ਮਿਲਾਉਣ ਜਾ ਰਿਹਾ ਹਾਂ, ਜਿਹੜੇ ਇਸ ਉਮਰ ਵਿਚ ਵੀ ਜ਼ਿੰਦਗੀ ਦਾ ਆਨੰਦ ਬਾਖ਼ੂਬੀ ਨਾਲ ਮਾਣ ਰਹੇ ਹਨ। ਉਹ 1981 ਵਿਚ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਏ ਸਨ ਪ੍ਰੰਤੂ ਸੇਵਾਮੁਕਤੀ ਤੋਂ ਬਾਅਦ ਆਪਣੀ ਕਾਰ ਆਪ ਚਲਾ ਕੇ 98 ਸਾਲ ਦੀ ਉਮਰ ਤੱਕ ਗੋਲਫ ਕਲੱਬ ਚੰਡੀਗੜ੍ਹ ਵਿਚ ਗੋਲਫ ਖੇਡਦੇ ਰਹੇ। ਸਿਰਫ ਪਿਛਲੇ ਦੋ ਸਾਲਾਂ ਤੋਂ ਗੋਲਫ਼ ਖੇਡਣਾ ਛੱਡਿਆ ਹੈ। ਅਜੇ ਵੀ ਉਹ ਚੁਸਤ-ਫਰੁਸਤ, ਤੰਦਰੁਸਤ ਅਤੇ ਤੁਰਦੇ-ਫਿਰਦੇ ਹਨ। ਉਨ੍ਹਾਂ ਦੀ ਯਾਦਾਸ਼ਤ ਬਰਕਰਾਰ ਹੈ। ਇਮਾਨਦਾਰੀ ਦੀ ਆਵਾਜ਼ ਉਸੇ ਤਰ੍ਹਾਂ ਗੜ੍ਹਕਦੀ ਹੈ। 11 ਫ਼ਰਵਰੀ, 2023 ਨੂੰ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਇੰਜੀਨੀਅਰਜ਼ ਅਲੂਮਨੀ ਨੇ ਬਿਕਰਮ ਸਿੰਘ ਗਰੇਵਾਲ ਨੂੰ ਬਿਹਤਰੀਨ ਜ਼ਿੰਦਗੀ ਦੇ 100 ਸਾਲ ਪੂਰੇ ਕਰਨ ਲਈ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਕੀਤਾ ਸੀ। ਉਨ੍ਹਾਂ ਨੇ ਆਪਣਾ 100ਵਾਂ ਜਨਮ ਦਿਨ 15 ਫਰਵਰੀ 2023 ਨੂੰ ਮਨਾਇਆ ਸੀ, ਉਸ ਸਮੇਂ ਲੈਫ਼. ਕਰਨਲ ਇੰਜ. ਸੰਜੀਵ ਕੌਲ ਨੇ ਆਪਣੇ ਵਧਾਈ ਸੰਦੇਸ਼ ਵਿਚ ਕਿਹਾ ਸੀ ਕਿ "ਬਿਕਰਮ ਸਿੰਘ ਗਰੇਵਾਲ ਇੰਜੀਨੀਅਰਿੰਗ ਜਗਤ ਲਈ ਰੋਲ ਮਾਡਲ ਦਾ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੈਕਲਾਗਨ ਇੰਜੀਨੀਅਰਿੰਗ ਕਾਲਜ ਲਾਹੌਰ ਦੇ ਜੀਵਤ ਉਹ ਸਭ ਤੋਂ ਸੀਨੀਅਰ ਇੰਜੀਨੀਅਰ ਹਨ, ਜਿਨ੍ਹਾਂ ਦਿਆਨਤਦਾਰੀ ਨਾਲ ਨੌਕਰੀ ਕਰਦਿਆਂ ਜ਼ਿੰਦਗੀ ਦੇ 10 ਦਹਾਕਿਆਂ ਦਾ ਲੁਤਫ਼ ਲਿਆ ਹੈ"। ਇਸ ਲਈ ਬੁਢਾਪੇ ਨੂੰ ਜ਼ਿੰਦਗੀ ਦਾ ਆਨੰਦ ਮਾਨਣ ਦਾ ਸਭ ਤੋਂ ਵਧੀਆ ਸਮਾਂ ਸਮਝਣਾ ਚਾਹੀਦਾ ਹੈ ਕਿਉਂਕਿ ਕੋਈ ਝਮੇਲਾ ਨਹੀਂ ਹੁੰਦਾ।



ਸਮੇਂ ਦੀ ਤਬਦੀਲੀ ਨਾਲ ਬੇਸ਼ੱਕ ਸਮਾਜ ਦੀਆਂ ਕਦਰਾਂ-ਕੀਮਤਾਂ ਵੀ ਬਦਲ ਜਾਂਦੀਆਂ ਹਨ। ਵਰਤਮਾਨ ਸਮੇਂ ਵਿਚ ਇਮਾਨਦਾਰੀ ਅਤੇ ਭ੍ਰਿਸ਼ਟਾਚਾਰ ਦੇ ਅਰਥ ਹੀ ਬਦਲਦੇ ਜਾ ਰਹੇ ਹਨ। ਖਾਸ ਤੌਰ 'ਤੇ ਸਰਕਾਰੀ ਨੌਕਰੀ ਵਿਚ ਤਾਂ ਕਦਰਾਂ-ਕੀਮਤਾਂ 'ਚ ਅਣਕਿਆਸੀ ਗਿਰਾਵਟ ਆ ਗਈ ਹੈ। ਇਸ ਸਮੇਂ ਜੇਕਰ ਕੋਈ ਛੋਟਾ ਅਧਿਕਾਰੀ ਵੀ ਨੌਕਰੀ 'ਤੇ ਨਿਯੁਕਤ ਹੋ ਜਾਵੇ, ਤਾਂ ਉਹ ਵਿਭਾਗ 'ਚ ਮਨਮਾਨੀਆਂ ਕਰਨ ਨੂੰ ਪਹਿਲ ਦਿੰਦਾ ਹੈ ਕਿਉਂਕਿ ਉਹ ਸਾਰੇ ਆਪਸ ਵਿਚ ਰਲ-ਮਿਲ ਜਾਂਦੇ ਹਨ। ਉਨ੍ਹਾਂ ਵੱਲੋਂ ਨਿਯਮਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਜਾਂਦਾ ਹੈ। ਪ੍ਰੰਤੂ ਮੈਂ ਤੁਹਾਨੂੰ ਬਿਕਰਮ ਸਿੰਘ ਗਰੇਵਾਲ ਬਹੁਤ ਹੀ ਸੀਨੀਅਰ ਸੇਵਾਮੁਕਤ ਅਧਿਕਾਰੀ ਬਾਰੇ ਜਾਣਕਾਰੀ ਦੇਣ ਲੱਗਿਆ ਹਾਂ, ਜਿਹੜੇ ਸਾਰੀ ਉਮਰ ਸੱਚਾਈ ਅਤੇ ਇਮਾਨਦਾਰੀ 'ਤੇ ਪਹਿਰਾ ਦਿੰਦੇ ਰਹੇ ਹਨ। ਸਰਦਾਰ ਬਿਕਰਮ ਸਿੰਘ ਗਰੇਵਾਲ, ਸੇਵਾਮੁਕਤ ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਪੰਜਾਬ ਹਨ। ਉਨ੍ਹਾਂ ਆਪਣੀ ਸਾਰੀ ਨੌਕਰੀ ਧੜੱਲੇ ਅਤੇ ਖ਼ੁਦਦਾਰੀ ਨਾਲ ਆਪਣੀਆਂ ਸ਼ਰਤਾਂ 'ਤੇ ਕੀਤੀ ਅਤੇ ਨਾ ਹੀ ਕਿਸੇ ਦੀ ਈਨ ਮੰਨੀ ਅਤੇ ਨਾ ਮਨਵਾਈ ਹੈ। ਇਨਸਾਫ ਦੀ ਤਰਾਜੂ ਨੂੰ ਕਦੇ ਵੀ ਡੋਲਣ ਨਹੀਂ ਦਿੱਤਾ। ਹਮੇਸ਼ਾ ਸੱਚਾਈ 'ਤੇ ਪਹਿਰਾ ਦਿੱਤਾ ਹੈ। ਕਦੀਂ ਵੀ ਕਿਸੇ ਸੀਨੀਅਰ ਅਧਿਕਾਰੀ ਜਾਂ ਸਿਆਸਤਦਾਨ ਦੇ ਕਹਿਣ 'ਤੇ ਗ਼ਲਤ ਕੰਮ ਨਹੀਂ ਕੀਤਾ, ਭਾਵੇਂ ਉਨ੍ਹਾਂ ਨੂੰ ਇਸ ਕਰਕੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ। ਸੀਨੀਅਰ ਅਧਿਕਾਰੀਆਂ ਦੀ ਤਾਂ ਛੱਡੋ, ਉਹ ਤਾਂ ਪੰਜਾਬ ਦੇ ਮੁੱਖ ਮੰਤਰੀ ਦੇ ਵੀ ਗ਼ਲਤ ਹੁਕਮਾਂ ਨੂੰ ਅਣਡਿੱਠ ਕਰ ਦਿੰਦੇ ਸਨ। ਉਨ੍ਹਾਂ ਆਪਣੀ ਸਾਰੀ ਨੌਕਰੀ ਆਪਣੀਆਂ ਸ਼ਰਤਾਂ 'ਤੇ ਕੀਤੀ ਹੈ। ਕੋਈ ਵੀ ਵਿਅਕਤੀ ਛੇਤੀ ਕੀਤਿਆਂ ਉਨ੍ਹਾਂ ਕੋਲ ਕਿਸੇ ਕਿਸਮ ਦੀ ਸ਼ਿਫਾਰਸ਼ ਕਰਨ ਦੀ ਤਾਂ ਦੂਰ ਦੀ ਗੱਲ ਹੈ, ਉਨ੍ਹਾਂ ਕੋਲ ਜਾਣ ਤੋਂ ਹੀ ਤਿਬਕਦਾ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਉਹ ਸਹੀ ਕੰਮ ਹੀ ਕਰਨਗੇ। ਜੇਕਰ ਕਿਸੇ ਕਰਮਚਾਰੀ ਜਾਂ ਅਧਿਕਾਰੀ ਦੀ ਕੋਈ ਸਮੱਸਿਆ ਹੁੰਦੀ, ਤਾਂ ਉਹ ਉਨ੍ਹਾਂ ਨੂੰ ਸਿੱਧਾ ਆ ਕੇ ਮਿਲ ਸਕਦਾ ਸੀ ਪ੍ਰੰਤੂ ਕੰਮ ਉਹ ਤਾਂ ਹੀ ਕਰਦੇ ਸਨ, ਜੇਕਰ ਜਾਇਜ਼ ਅਤੇ ਸਰਕਾਰੀ ਨਿਯਮਾਂ ਦੇ ਅਨੁਸਾਰ ਹੋ ਸਕਦਾ ਹੁੰਦਾ ਸੀ। ਵਿਭਾਗ ਵਿਚ ਉਹ ਕਿਸੇ ਨਾਲ ਨਾ ਬੇਇਨਸਾਫੀ ਕਰਦੇ ਸਨ ਅਤੇ ਨਾ ਹੀ ਕਰਨ ਦਿੰਦੇ ਸਨ। ਉਨ੍ਹਾਂ ਨੇ ਵਿਭਾਗ ਦੇ ਮੁਖੀ ਹੁੰਦਿਆਂ ਭ੍ਰਿਸ਼ਟਾਚਾਰ ਨਹੀਂ ਹੋਣ ਦਿੱਤਾ। ਉਨ੍ਹਾਂ ਦੀ ਸਰਕਾਰੀ ਅਧਿਕਾਰੀ ਦੇ ਤੌਰ 'ਤੇ ਵੱਖ-ਵੱਖ ਅਹੁਦਿਆਂ ਸਬ ਡਵੀਜਨਲ ਇੰਜੀਨੀਅਰ ਤੋਂ ਮੁੱਖ ਇੰਜੀਨੀਅਰ ਤੱਕ ਦੀ 37 ਸਾਲ ਦਾ ਕੈਰੀਅਰ ਬੇਦਾਗ਼ ਰਿਹਾ। ਲੋਕ ਨਿਰਮਾਣ ਵਿਚ ਸੜਕਾਂ, ਪੁਲਾਂ ਅਤੇ ਉਸਾਰੀ ਦੇ ਕੰਮ ਚਲਦੇ ਰਹਿੰਦੇ ਸਨ, ਜਦੋਂ ਉਹ ਦੌਰੇ 'ਤੇ ਜਾਂਦੇ ਸਨ, ਤਾਂ ਆਪਣਾ ਖਾਣਾ ਨਾਲ ਹੀ ਲੈ ਜਾਂਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਵੰਡ ਤੋਂ ਬਾਅਦ ਸਾਂਝਾ ਪੰਜਾਬ ਬਹੁਤ ਵੱਡਾ ਸੀ, ਕਈ ਵਾਰ ਕਈ ਰਾਤਾਂ ਬਾਹਰ ਕੱਟਣੀਆਂ ਪੈਂਦੀਆਂ ਸਨ, ਤਾਂ ਉਹ ਆਪਣਾ ਬਿਸਤਰਾ, ਖਾਣੇ ਦਾ ਸਾਰਾ ਸਾਮਾਨ, ਸਟੋਵ, ਦਾਲਾਂ, ਸਬਜ਼ੀਆਂ ਅਤੇ ਆਟਾ ਨਾਲ ਹੀ ਲੈ ਜਾਂਦੇ ਸਨ। ਕਿਸੇ ਦਫ਼ਤਰ ਦੇ ਅਧਿਕਾਰੀ ਕੋਲੋਂ ਚਾਹ ਤੱਕ ਨਹੀਂ ਪੀਂਦੇ ਸਨ, ਇਥੋਂ ਤੱਕ ਕਿ ਕੋਈ ਅਧਿਕਾਰੀ ਚਾਹ ਜਾਂ ਖਾਣੇ ਬਾਰੇ ਕਹਿਣ ਦੀ ਹਿੰਮਤ ਵੀ ਨਹੀਂ ਰੱਖਦੇ ਸਨ। ਉਨ੍ਹਾਂ ਦਾ ਪਰਿਵਾਰ ਸਰਦਾਰ ਬਿਕਰਮ ਸਿੰਘ ਗਰੇਵਾਲ ਦੀ ਵਿਰਾਸਤ 'ਤੇ ਪਹਿਰਾ ਦੇ ਰਿਹਾ ਹੈ।

ਬਿਕਰਮ ਸਿੰਘ ਗਰੇਵਾਲ ਦਾ ਸਿੱਖਿਆ ਪ੍ਰਾਪਤ ਕਰਨ ਦਾ ਵੀ ਰਿਕਾਰਡ ਵੀ ਬਿਹਤਰੀਨ ਰਿਹਾ ਹੈ। ਉਹ ਹਮੇਸ਼ਾ ਹਰ ਕਲਾਸ ਵਿਚੋਂ ਪਹਿਲੇ ਦਰਜੇ ਵਿਚ ਪਾਸ ਹੁੰਦੇ ਰਹੇ। ਉਨ੍ਹਾਂ ਨੇ ਅੱਠਵੀਂ 1936 ਤੇ ਦਸਵੀਂ 1938 ਵਿਚ ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਫਸਟ ਡਵੀਜ਼ਨ ਵਿਚ ਪਾਸ ਕਰਕੇ 1940 ਵਿਚ ਫੈਕਿਲਿਟੀ ਆਫ ਸਾਇੰਸ (ਐੱਫ.ਐੱਸ.ਸੀ.) ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਫਿਰ ਉਨ੍ਹਾਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਕਰਨ ਲਈ ਮੈਕਲਾਗਨ ਇੰਜੀਨੀਅਰਿੰਗ ਕਾਲਜ ਲਾਹੌਰ ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ 1943 ਵਿਚ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਡਿਗਰੀ ਕਰਨ ਤੋਂ ਤੁਰੰਤ ਬਾਅਦ 1944 ਵਿਚ ਉਨ੍ਹਾਂ ਦੀ ਸਾਂਝੇ ਪੰਜਾਬ ਦੇ ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ) ਵਿਚ ਬਤੌਰ ਸਬ ਡਵੀਜ਼ਨਲ ਇੰਜੀਨੀਅਰ ਦੀ ਚੋਣ ਹੋ ਗਈ। ਉਨ੍ਹਾਂ ਦੀ ਸਭ ਤੋਂ ਪਹਿਲੀ ਪੋਸਟਿੰਗ ਅੰਡਰ ਟਰੇਨਿੰਗ ਰਾਵਲਪਿੰਡੀ ਵਿਚ ਹੋਈ ਸੀ। ਉਸ ਤੋਂ ਬਾਅਦ ਜਲੰਧਰ ਵਿਖੇ ਨਿਯੁਕਤ ਹੋ ਗਏ। 1951 ਵਿਚ ਉਨ੍ਹਾਂ ਦੀ ਤਰੱਕੀ ਕਾਰਜਕਾਰੀ ਇੰਜੀਨੀਅਰ ਦੀ ਹੋ ਗਈ ਅਤੇ ਫਿਰੋਜ਼ਪੁਰ ਵਿਖੇ ਤਾਇਨਾਤ ਕਰ ਦਿੱਤੇ ਗਏ। ਇਸ ਤੋਂ ਬਾਅਦ 1963 ਵਿਚ ਤਰੱਕੀ ਤੋਂ ਬਾਅਦ ਸੁਪਰੀਟੈਂਡੈਂਟ ਇੰਜੀਨੀਅਰ ਬਣ ਗਏ। 1966 ਵਿਚ ਪੰਜਾਬ ਦੀ ਵੰਡ ਹੋਣ ਤੋਂ ਬਾਅਦ 1971 ਵਿਚ ਮੁੱਖ ਇੰਜੀਨੀਅਰ ਦੀ ਤਰੱਕੀ ਹੋ ਗਈ ਅਤੇ ਉਨ੍ਹਾਂ ਨੂੰ ਵਿਭਾਗ ਦੇ ਮੁਖੀ ਨਿਯੁਕਤ ਕਰ ਦਿੱਤਾ ਗਿਆ। 10 ਸਾਲ ਵਿਭਾਗ ਦੇ ਮੁਖੀ ਰਹਿਣ ਸਮੇਂ ਉਨ੍ਹਾਂ ਨੇ ਵਿਭਾਗ ਦੀ ਕਾਰਜਪ੍ਰਣਾਲੀ ਵਿਚ ਵਿਲੱਖਣ ਤਬਦੀਲੀਆਂ ਲਿਆਂਦੀਆਂ। ਉਨ੍ਹਾਂ ਦੇ ਸਮੇਂ ਬਹੁਤ ਸਾਰੇ ਵਿਭਾਗੀ ਪੁਲਾਂ ਅਤੇ ਸਰਕਾਰੀ ਇਮਾਰਤਾਂ ਦੀ ਉਸਾਰੀ ਹੋਈ। ਇਸ ਤੋਂ ਇਲਾਵਾ ਉਨ੍ਹਾਂ ਨੇ ਪਟਿਆਲਾ ਅਤੇ ਅੰਮ੍ਰਿਤਸਰ ਦੇ ਨਵੇਂ ਬਲਾਕਾਂ ਅਤੇ ਰੋਹਤਕ ਵਿਖੇ ਨਿਊ ਮੈਡੀਕਲ ਕਾਲਜ ਰੋਹਤਕ ਦੀਆਂ ਇਮਾਰਤਾਂ ਦੀ ਉਸਾਰੀ ਕਰਵਾਈ, ਜਿਹੜੀ ਅੱਜ ਤੱਕ ਬਿਹਤਰੀਨ ਉਸਾਰੀ ਦੀ ਤਕਨੀਕ ਦਾ ਨਮੂਨਾ ਹਨ। ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੀ ਉਸਾਰੀ ਵੀ ਕਰਵਾਈ ਸੀ। ਪਿੰਡਾਂ ਨੂੰ ਦਿਹਾਤੀ ਸੜਕਾਂ ਨਾਲ ਜੋੜਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉਹ 37 ਸਾਲ ਦੀ ਬੇਦਾਗ਼ ਨੌਕਰੀ ਕਰਨ ਤੋਂ ਬਾਅਦ ਫਰਵਰੀ 1981 ਵਿਚ ਸੇਵਾਮੁਕਤ ਹੋਏ ਸਨ।

ਬਿਕਰਮ ਸਿੰਘ ਗਰੇਵਾਲ ਦਾ ਜਨਮ ਪਿਤਾ ਸ. ਬੂਟਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਲੁਧਿਆਣਾ ਜ਼ਿਲ੍ਹੇ ਦੇ ਲਲਤੋਂ ਪਿੰਡ ਵਿਖੇ 15 ਫਰਵਰੀ, 1923 ਨੂੰ ਹੋਇਆ। ਉਨ੍ਹਾਂ ਦਾ ਵਿਆਹ ਬੀਬੀ ਨਿਰਮਲਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਲੜਕੇ ਹਰਜੀਤ ਇੰਦਰ ਸਿੰਘ ਗਰੇਵਾਲ ਅਤੇ ਜਸਟਿਸ ਅਨੂਪ ਇੰਦਰ ਸਿੰਘ ਗਰੇਵਾਲ ਹਨ। ਹਰਜੀਤ ਇੰਦਰ ਸਿੰਘ ਗਰੇਵਾਲ ਆਈ.ਏ.ਐੱਸ. ਅਧਿਕਾਰੀ ਸਨ, ਜਿਹੜੇ ਕਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ, ਡਵੀਜ਼ਨਲ ਕਮਿਸ਼ਨਰ ਅਤੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਡਿਪਟੀ ਪ੍ਰਿੰਸੀਪਲ ਸਕੱਤਰ ਰਹੇ ਸਨ। ਅਨੂਪ ਇੰਦਰ ਸਿੰਘ ਗਰੇਵਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਹਨ। ਇੱਕ ਲੜਕੀ ਨੀਨਾ ਸਿੰਘ ਹੈ, ਜਿਹੜੀ ਬਰਜੇਸ਼ਵਰ ਸਿੰਘ ਆਈ.ਏ.ਐੱਸ. (ਸੇਵਾਮੁਕਤ) ਨੂੰ ਵਿਆਹੀ ਹੋਈ ਹੈ। ਬਰਜੇਸ਼ਵਰ ਸਿੰਘ ਭਾਰਤ ਸਰਕਾਰ ਦੇ ਕਈ ਵਿਭਾਗਾਂ ਵਿਚ ਸਕੱਤਰ ਰਹੇ ਹਨ।

# ਅੱਖੀਂ ਵੇਖਿਆ ਸਿੱਕਮ

**ਕੁਦਰਤੀ ਸੁਹੱਪਣ ਦਾ ਨਮੂਨਾ ਹੈ ਦੁਨੀਆਂ ਦੀ ਸਭ ਤੋਂ ਉੱਚੀ ਨੀਲੇ ਪਾਣੀ ਦੀ ਝੀਲ.. ਬੱਦਲ਼ਾਂ ਦੀਆਂ ਹਿੱਕ ਨਾਲ ਖਹਿੰਦੀ ਸਿੱਕਮ ਦੀ ਰਮਣੀਕ ਧਰਤੀ..**



ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
(Punjab Mail USA)


ਭਾਰਤ ਦੇ ਪੂਰਬੀ ਸੂਬੇ ਸਿੱਕਮ ਨੂੰ ਜੇਕਰ ਅਸਮਾਨ ਦੇ ਵਿਚ ਵਸਿਆ ਹੋਇਆ ਕੁਦਰਤੀ ਸੁੰਦਰਤਾ ਨਾਲ ਲਪਾਲਪ ਜੰਨਤ ਵੀ ਆਖ ਦੇਈਏ, ਤਾਂ ਕੁਝ ਵੀ ਗਲਤ ਨਹੀਂ ਹੋਵੇਗਾ ਕਿਉਂਕਿ ਸਮੁੰਦਰੀ ਤਲ ਤੋਂ ਸਿੱਕਮ ਦੇ ਸਭ ਤੋਂ ਸਿਖ਼ਰਲੇ ਕਸਬਿਆਂ ਦੀ ਉਚਾਈ 18 ਹਜ਼ਾਰ ਫੁੱਟ ਦੇ ਲਗਭਗ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਡਾਂਗਮਾਰ ਸਾਹਿਬ ਸੁਸ਼ੋਭਿਤ ਤੇ ਸਿੱਕਮ ਦੀ ਪੰਜਾਬ ਤੋਂ ਦੂਰੀ 1940 ਕਿਲੋਮੀਟਰ ਹੈ। ਇੱਥੇ ਹੀ ਨੀਲੀ ਝੀਲ ਦਾ ਸ਼ਾਂਤ ਪਾਣੀ ਮਨੁੱਖੀ ਮਨ ਦੇ ਅੰਦਰ 'ਸੁੱਚੀ ਸੋਚ ਦੀ ਲਹਿਰ' ਨੂੰ ਹੁਲਾਰਾ ਦਿੰਦਾ ਹੈ। ਮਈ 16 ਸੰਨ 1975 ਨੂੰ ਸਿੱਕਮ ਨੂੰ ਭਾਰਤੀ ਸੂਬੇ ਵਜੋਂ ਮਾਨਤਾ ਮਿਲੀ। ਅਸੀਂ ਇਸ ਵਰ੍ਹੇ ਆਪਣੀ 8 ਮੈਂਬਰੀ ਟੀਮ ਸਮੇਤ ਸਿੱਕਮ ਅਤੇ ਮੇਘਾਲਿਆ ਦਾ ਟੂਰ ਪ੍ਰੋਗਰਾਮ ਬਣਾਇਆ। ਸੋਚਿਆ ਤਾਂ ਸੀ ਕਿ ਛੋਟੇ ਵੀਰ ਅਮਨਦੀਪ ਦੇ ਨਾਲ ਦੱਖਣ ਭਾਰਤ ਦੇ ਟੂਰ ਤੋਂ ਬਾਅਦ ਸਿੱਕਮ ਦੀ ਧਰਤੀ 'ਤੇ ਫੇਰਾ ਪਾਉਣਾ ਹੈ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਅਮਨਦੀਪ ਪਹਿਲਾਂ ਹੀ ਵਿਛੋੜਾ ਦੇ ਗਿਆ। ਖੈਰ, ਜੋ ਮਾਲਕ ਨੂੰ ਭਾਵੇ। ਕਿਸੇ ਵੀ ਸੱਜਣ ਵੱਲੋਂ ਹਵਾਈ ਜਹਾਜ਼ ਰਾਹੀਂ ਲਗਭਗ ਢਾਈ ਘੰਟਿਆਂ ਦੇ ਸਫ਼ਰ ਤੋਂ ਬਾਅਦ ਬੰਗਾਲ ਦੇ ਬਾਗਡੋਗਰਾ ਵਿਖੇ ਰਹਿਣ ਬਸੇਰਾ ਬਣਾਇਆ ਜਾ ਸਕਦਾ ਹੈ। ਉਸ ਤੋਂ ਬਾਅਦ ਸ਼ਹਿਰ ਸਿੱਲੀਗੁੜੀ ਤੋਂ ਸੜਕੀ ਰਸਤੇ ਰਾਹੀਂ ਅਸਮਾਨ ਵੱਲ ਨੂੰ ਲਗਭਗ 112 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਤੋਂ ਬਾਅਦ ਸਿੱਕਮ ਦੀ ਰਾਜਧਾਨੀ ਗੰਗਟੋਕ ਆਉਂਦੀ ਹੈ।

ਬੇਹੱਦ ਸੋਹਣਾ ਇਹ ਸ਼ਹਿਰ ਵੀ ਸਵਰਗ ਤੋਂ ਘੱਟ ਨਹੀਂ ਜਾਪਦਾ। ਛੋਟੀਆਂ-ਵੱਡੀਆਂ ਪਹਾੜੀਆਂ, ਪਾਣੀ ਦੇ ਝਰਨੇ ਅਤੇ ਹਰਿਆਵਲ ਦੇ ਨਾਲ ਲਪਾਲਪ ਵੱਡੇ ਪਰਬਤ ਅਤੇ ਘਾਹਦਾਰ ਮੈਦਾਨ ਇੱਥੋਂ ਦੀ ਸੁੰਦਰਤਾ ਨੂੰ ਚਾਰ ਚੰਨ੍ਹ ਲਗਾਉਂਦੇ ਹਨ। ਭਾਵੇਂ ਇਹ ਸ਼ਹਿਰ ਛੋਟਾ ਹੈ ਅਤੇ ਇਸ ਦੀ ਆਬਾਦੀ ਕਾਫੀ ਘੱਟ ਹੈ ਪਰ ਬੱਦਲਾਂ ਨਾਲ ਅਠਖੇਲੀਆਂ ਕਰਦੇ ਬਾਜ਼ਾਰ ਅਤੇ ਆਲੀਸ਼ਾਨ ਇਮਾਰਤਾਂ ਕਿਸੇ ਬਾਹਰਲੇ ਮੁਲਕ ਦਾ ਪਰ ਭੁਲੇਖਾ ਜ਼ਰੂਰ ਪਾਉਂਦੀਆਂ ਹਨ। ਸਫ਼ਾਈ ਪੱਖੋਂ ਸਿੱਕਮ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਸੜਕਾਂ 'ਤੇ ਰੱਖੇ ਡਸਟਬੀਨ ਆਪਣੇ ਆਪ ਵਿਚ ਸਫ਼ਾਈ ਪੱਖੋਂ ਦਿੱਤੀ ਜਾ ਰਹੀ ਅਹਿਮੀਅਤ ਨੂੰ ਦਰਸਾਉਂਦੇ ਹਨ। ਸਿੱਕਮ ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਇਸ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸੈਲਾਨੀਆਂ ਵੱਲੋਂ ਉੱਤਰ, ਦੱਖਣ, ਪੂਰਬ, ਪੱਛਮ ਨੂੰ ਹੀ 6 ਜ਼ਿਲ੍ਹੇ ਰੂਪੀ ਭਾਗਾਂ ਵਿਚ ਵੰਡ ਕੇ ਵੇਖਿਆ ਜਾਂਦਾ ਹੈ। ਸਾਡੀ ਟੂਰ ਟੀਮ ਦੇ ਇੰਚਾਰਜ ਗੁਰਜੀਤ ਸਿੰਘ ਸਿੱਧੂ ਨੂੰ ਸਿੱਕਮ ਪ੍ਰਤੀ ਕਾਫੀ ਜਾਣਕਾਰੀ ਹੋਣ ਕਾਰਨ ਸਾਡਾ ਰਾਹ ਪੱਧਰਾ ਹੁੰਦਾ ਚਲਾ ਗਿਆ।



ਸਿੱਕਮ ਦੀ ਰਾਜਧਾਨੀ ਗੰਗਟੋਕ ਤੋਂ ਬਾਅਦ ਹੋਰ ਉਪਰ ਵੱਲ ਜਾਈਏ, ਤਾਂ ਸ਼ਹਿਰ ਚੁੰਗਥਾਂਗ ਆ ਜਾਂਦਾ ਹੈ, ਉਥੇ ਵੀ ਇਕ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਪਰ ਇਸ ਸ਼ਹਿਰ ਵਿਚ ਪੰਜਾਬੀ ਪਰਿਵਾਰ ਕੋਈ ਵੀ ਨਹੀਂ ਰਹਿੰਦਾ ਹੈ। ਸਿਰਫ ਗੁਰਦੁਆਰਾ ਸਾਹਿਬ ਅੰਦਰ ਹੀ 8 ਦੇ ਕਰੀਬ ਸੇਵਾਦਾਰ ਹਨ। ਉਸ ਤੋਂ ਬਾਅਦ ਫਿਰ ਹੋਰ ਉੱਪਰ ਵੱਲ ਨੂੰ ਸਫ਼ਰ ਕਰੀਏ, ਤਾਂ ਲਗਭਗ 14 ਹਜ਼ਾਰ ਫੁੱਟ ਦੀ ਉਚਾਈ 'ਤੇ ਜਾ ਕੇ ਕਾਲਾ ਪੱਥਰ ਨਾਂ ਦਾ ਇਕ ਪਹਾੜੀ ਸਥਾਨ ਅਤੇ ਮਸ਼ਹੂਰ ਨਥੂਲਾ ਪਾਸ ਆਉਂਦਾ ਹੈ, ਜਿੱਥੇ ਸੈਲਾਨੀਆਂ ਦੀ ਗਿਣਤੀ ਕਾਫ਼ੀ ਮਾਤਰਾ ਵਿਚ ਹੁੰਦੀ ਹੈ। ਇੱਥੇ ਸਾਰਾ ਸਾਲ ਬਰਫ਼ ਦੇ ਨਜ਼ਾਰੇ ਵੇਖਣ ਨੂੰ ਮਿਲਦੇ ਹਨ। ਇੱਥੇ ਕਈ-ਕਈ ਫੁੱਟ ਬਰਫ ਆਮ ਪੈਂਦੀ ਹੈ। ਇੱਕ ਪਾਸੇ ਚੀਨ ਅਤੇ ਦੂਜੇ ਪਾਸੇ ਭਾਰਤ ਤੇ ਫ਼ੌਜੀ ਜਵਾਨ ਆਪੋ-ਆਪਣੇ ਦੇਸ਼ਾਂ ਦੀ ਸੁਰੱਖਿਆ ਦੇ ਲਈ ਹਰ ਸਮੇਂ ਤਾਇਨਾਤ ਰਹਿੰਦੇ ਹਨ। ਸਫ਼ਾਈ ਪੱਖੋਂ ਇਹ ਨਜ਼ਾਰੇ ਭਰਪੂਰ ਸਥਾਨ ਵਿਕਾਸ ਦੇਖਣਯੋਗ ਹਨ।

ਫਿਰ ਵਾਰੀ ਆਉਂਦੀ ਹੈ ਸਿੱਕਮ ਦੇ ਸਭ ਤੋਂ ਸਿਖ਼ਰਲੇ ਲਗਭਗ 18 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਡਾਂਗਮਾਰ ਸਾਹਿਬ ਅਤੇ ਨੀਲੇ ਪਾਣੀ ਦੀ ਝੀਲ ਤੋਂ ਇਲਾਵਾ ਬਰਫ਼ ਨਾਲ ਭਰੀਆਂ ਪਹਾੜੀਆਂ। ਇਕ ਪਾਸੇ ਚੀਨ ਅਤੇ ਦੂਜੇ ਪਾਸੇ ਨੇਪਾਲ, ਬੇਹੱਦ ਖ਼ੂਬਸੂਰਤ ਨਜ਼ਾਰਾ ਹੈ ਇਨ੍ਹਾਂ ਸਥਾਨਾਂ ਦਾ, ਜੋ ਆਪਣੇ ਆਪ ਵਿਚ ਵਿਲੱਖਣ ਹਨ। ਭਾਵੇਂ ਇਸ ਜਗ੍ਹਾ ਦੀ ਦੂਰੀ ਸਿਲੀਗੁੜੀ ਤੋਂ ਲਗਭਗ 260 ਕਿਲੋਮੀਟਰ ਦੇ ਕਰੀਬ ਹੈ ਪਰ ਪਹਾੜੀ ਏਰੀਆ ਹੋਣ ਕਾਰਨ ਇਹ ਸਫ਼ਰ ਦੁੱਗਣਾ ਹੋ ਕੇ ਨਿਬੜਦਾ ਹੈ। ਗੁਰਦੁਆਰਾ ਡਾਂਗਮਾਰ ਸਾਹਿਬ ਦਾ ਝਗੜਾ ਪਿਛਲੇ ਸਮੇਂ ਤੋਂ ਚੱਲਣ ਕਾਰਨ ਉਥੋਂ ਦੇ ਪ੍ਰਸ਼ਾਸਨ ਵੱਲੋਂ ਅੱਜਕੱਲ੍ਹ ਗੁਰਦੁਆਰਾ ਸਾਹਿਬ ਨੂੰ ਜਿੰਦਰਾ ਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਤਿਕਾਰ ਸਹਿਤ ਚੁੰਗਥਾਂਗ ਵਿਖੇ ਪਹੁੰਚਦਾ ਕਰ ਦਿੱਤਾ ਹੈ। ਆਖਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਤੀਜੀ ਉਦਾਸੀ ਮੌਕੇ ਇਥੇ ਆਏ ਸਨ, ਜਿਥੇ ਅੱਜਕੱਲ੍ਹ ਗੁਰਦੁਆਰਾ ਸਾਹਿਬ ਸਥਿਤ ਹੈ। ਇਥੇ ਜੋ ਨੀਲੇ ਪਾਣੀ ਦੀ ਝੀਲ ਮੌਜੂਦ ਹੈ, ਉਹ ਵੀ ਦੁਨੀਆਂ ਦੀ ਸਭ ਤੋਂ ਉੱਚੀ ਝੀਲ ਮੰਨੀ ਜਾਂਦੀ ਹੈ। ਚਾਰੇ ਪਾਸੇ ਉਚੀਆਂ ਪਹਾੜੀਆਂ ਦੇ ਵਿਚਕਾਰ ਨੀਲੇ ਪਾਣੀ ਦੀ ਝੀਲ ਇਕ ਮਹਾਂ ਦਿਲਕਸ਼ ਨਜ਼ਾਰਾ ਪੇਸ਼ ਕਰਦੀ ਹੈ। ਇਥੇ ਜਾ ਕੇ ਕਿਸੇ ਵੀ ਇਨਸਾਨ ਨੂੰ ਸਾਹ ਲੈਣ ਵਿਚ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।





ਨੀਲੀ ਝੀਲ ਦੀ ਨੁੱਕਰੇ ਬਣੀ ਗੁਰਦੁਆਰਾ ਸਾਹਿਬ ਦੀ ਇਮਾਰਤ ਵੇਖਣ ਵਾਲਿਆਂ ਲਈ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੈ। ਧਰਤੀ ਤੋਂ ਬਾਅਦ ਪਹਾੜ ਅਤੇ ਫਿਰ ਪਹਾੜਾਂ ਤੋਂ ਅੱਗੇ ਬੱਦਲਾਂ ਦੇ ਵਿਚ ਦੀ ਜਾ ਕੇ ਇੱਕ ਪੱਧਰ ਰਸਤੇ ਰਾਹੀਂ ਇਸ ਸਥਾਨ 'ਤੇ ਜਾ ਕੇ ਇਨਸਾਨ ਦੇ ਮਨ ਅੰਦਰ ਜ਼ਿੰਦਗੀ ਦੇ ਨਾਲ ਪਿਆਰ ਦੀ ਗਲਵੱਕੜੀ ਪੀਢੀ ਹੋ ਜਾਂਦੀ ਹੈ। ਸਿੱਕਮ ਨੂੰ ਸਿਆਸੀ ਨਜ਼ਰੀਏ ਤੋਂ ਵਾਚੀਏ, ਤਾਂ ਇੱਥੋਂ ਦੇ ਲੋਕਾਂ ਵੱਲੋਂ ਚੁਣੇ ਹੋਏ ਵਿਧਾਇਕਾਂ ਦੇ ਰੂਪ ਵਿਚ ਨੁਮਾਇੰਦਿਆਂ ਦੀ ਗਿਣਤੀ 32 ਅਤੇ 1 ਮੈਂਬਰ ਪਾਰਲੀਮੈਂਟ ਦੀ ਚੋਣ ਕੀਤੀ ਜਾਂਦੀ ਹੈ। ਇਸ ਸਮੇਂ ਸਿੱਕਮ ਅੰਦਰ ਖੇਤਰੀ ਪਾਰਟੀ ਐੱਸ.ਕੇ.ਐੱਫ. (ਸਿੱਕਮ ਕ੍ਰਾਂਤੀਕਾਰੀ ਮੋਰਚਾ) ਦਾ ਰਾਜ ਕਾਲ ਹੈ। ਇੱਥੋਂ ਦੇ ਲੋਕ ਆਪਣੇ ਸੂਬੇ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਉਨ੍ਹਾਂ ਦਾ ਮੁੱਖ ਕਿੱਤਾ ਚਾਹ ਦੇ ਬਾਗਾਂ ਤੋਂ ਇਲਾਵਾ ਸੈਲਾਨੀਆਂ ਦੀ ਆਮਦ 'ਤੇ ਨਿਰਭਰ ਹੈ। ਟੈਕਸੀ ਸਰਵਿਸ ਬਹੁਤ ਜ਼ਿਆਦਾ ਮਹਿੰਗੀ ਹੈ। ਕਿਸੇ ਦੂਜੇ ਸੂਬੇ ਦੀਆਂ ਕਾਰਾਂ ਸਿਰਫ ਇਕ ਹੱਦ ਤੱਕ ਹੀ ਸਿੱਕਮ ਦੇ ਵਿਚ ਜਾ ਸਕਦੀਆਂ ਹਨ, ਉਨ੍ਹਾਂ 'ਤੇ ਸਖ਼ਤ ਪਾਬੰਦੀ ਹੈ। ਕਿਸੇ ਸੋਹਣੇ ਸੱਜਣ ਦੇ ਗਹਿਣੇ ਵਰਗੇ ਇਸ ਸੂਬੇ ਦੀ ਆਬਾਦੀ ਪੌਣੇ 7 ਲੱਖ ਦੇ ਆਸਪਾਸ ਹੈ।

ਸੈਲਾਨੀਆਂ ਨੂੰ ਵੱਖ-ਵੱਖ ਸਥਾਨਾਂ 'ਤੇ ਦੇਖਣ ਸਮੇਂ ਰੁਪਈਆਂ ਦੇ ਰੂਪ ਵਿਚ ਲਗਾਇਆ ਜਾਂਦਾ ਜਜੀਆ ਰੂਪੀ ਟੈਕਸ ਸਿੱਕਮ ਦੀ ਸੁਹੱਪਣ ਭਰੀ ਯਾਤਰਾ 'ਤੇ ਇਕ ਕਾਲੇ ਟਿੱਕੇ ਦੀ ਤਰ੍ਹਾਂ ਜ਼ਰੂਰ ਅੱਖਰਦਾ ਹੈ। ਪੈਕੇਜ ਦੇਣ ਵਾਲੇ ਸੱਜਣ ਵੀ ਸੈਲਾਨੀਆਂ 'ਤੇ ਚੰਗਾ ਹੱਥ ਸਾਫ ਕਰਦੇ ਹਨ। ਸਿੱਕਮ ਅੰਦਰ ਪੰਜਾਬੀਆਂ ਦੀ ਗਿਣਤੀ ਨਾਮਾਤਰ ਤਾਂ ਹੈ ਹੀ ਪਰ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਉੱਥੇ ਸੈਲਾਨੀਆਂ ਦੀ ਗਿਣਤੀ ਵਿਚ ਵੀ ਕੋਈ ਪੰਜਾਬੀ ਵੇਖਣ ਨੂੰ ਨਹੀਂ ਮਿਲਦਾ। ਇਥੋਂ ਦੇ ਲੋਕ ਆਪਣੀ ਮਾਤ-ਭਾਸ਼ਾ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਾਰ ਹਨ। ਉਨ੍ਹਾਂ ਵੱਲੋਂ ਹਿੰਦੀ ਜਾਂ ਹੋਰ ਭਾਸ਼ਾਵਾਂ ਨੂੰ ਨਕਾਰ ਕੇ ਆਪਣੀ ਮਾਂ-ਬੋਲੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਥਾਨਕ ਲੋਕਾਂ ਦੇ ਨਾਲ ਗੱਲਬਾਤ ਕਰਨ ਸਮੇਂ ਅੰਗਰੇਜ਼ੀ ਜਾਂ ਥੋੜ੍ਹਾ ਬਹੁਤ ਹਿੰਦੀ ਨੂੰ ਵਰਤਿਆ ਜਾਂਦਾ ਹੈ। ਕੁੱਲ ਮਿਲਾ ਕੇ ਸਿੱਕਮ ਨੂੰ ਅਸਮਾਨ ਦੇ ਵਿਚ ਵਸਿਆ ਕੁਦਰਤੀ ਨਜ਼ਾਰਿਆ ਨਾਲ ਲਬਰੇਜ਼ ਜੰਨਤ ਜ਼ਰੂਰ ਆਖ ਸਕਦੇ ਹਾਂ।

# ਰੱਬ ਬਣ ਕੇ ਬਹੁੜੇ ਹਨ ਹਿਮਾਚਲ ਵਿਚ ਗੁਰਦੁਆਰੇ ਅਤੇ ਸਿੱਖ ਸੰਗਤ ਹੜ੍ਹ ਪੀੜਤਾਂ ਵਾਸਤੇ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)







ਇਸ ਵਾਰ ਦੀ ਬਰਸਾਤ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਪਟਿਆਲੇ ਦਾ ਇੱਕ ਡੀ.ਐੱਸ.ਪੀ. ਆਪਣੇ ਪਰਿਵਾਰ ਸਮੇਤ ਛੁੱਟੀਆਂ ਮਨਾਉਣ ਲਈ ਹਿਮਾਚਲ ਪ੍ਰਦੇਸ਼ ਗਿਆ ਸੀ। ਉਸ ਨੇ ਸੁੰਦਰ ਨਗਰ ਦੇ ਨਜ਼ਦੀਕ ਸੇਬਾਂ ਨਾਲ ਲੱਦੇ ਇੱਕ ਖੂਬਸੂਰਤ ਇਕਾਂਤ ਪਹਾੜੀ ਪਿੰਡ ਵਿਖੇ ਹੋਮ ਸਟੇਅ ਵਿਚ ਕਮਰੇ ਬੁੱਕ ਕਰਵਾਏ ਹੋਏ ਸਨ। ਪਰ ਅਗਲੇ ਹੀ ਦਿਨ ਬਾਰਸ਼ ਸ਼ੁਰੂ ਹੋ ਗਈ ਤੇ ਛੱਪਰ ਪਾੜ ਮੀਂਹ ਕਾਰਨ ਆਏ ਹੜ੍ਹਾਂ ਨੇ ਮੰਡੀ ਮਨਾਲੀ ਰੋਡ ਨੂੰ ਜਗ੍ਹਾ-ਜਗ੍ਹਾ ਤੋਂ ਨਸ਼ਟ ਕਰ ਦਿੱਤਾ। ਉਨ੍ਹਾਂ ਨੇ ਤਿੰਨ-ਚਾਰ ਦਿਨ ਇੰਤਜ਼ਾਰ ਕੀਤਾ ਪਰ ਜਦੋਂ ਸੜਕਾਂ ਖੁੱਲਣ੍ਹ ਦੀ ਕੋਈ ਉਮੀਦ ਨਾ ਰਹੀ, ਤਾਂ ਉਹ ਆਪਣੀ ਗੱਡੀ ਉਥੇ ਹੀ ਛੱਡ ਕੇ ਪੈਦਲ ਸੁੰਦਰ ਨਗਰ ਵੱਲ ਚੱਲ ਪਏ ਕਿਉਂਕਿ ਡੀ.ਐੱਸ.ਪੀ. ਦੀਆਂ ਛੁੱਟੀਆਂ ਵੀ ਖਤਮ ਹੋ ਗਈਆਂ ਸਨ। ਜਿਸ ਘਰ ਵਿਚ ਉਹ ਠਹਿਰੇ ਸਨ, ਉਸ ਦੇ ਮਾਲਕ ਨੇ ਦੱਸਿਆ ਕਿ ਇਥੋਂ 10-12 ਕਿ.ਮੀ. ਦੂਰ ਮੇਨ ਰੋਡ 'ਤੇ ਇੱਕ ਸਿੰਘ ਸਭਾ ਗੁਰਦੁਆਰਾ ਹੈ ਤੇ ਇਸ ਵੇਲੇ ਪੰਜਾਬ ਪਹੁੰਚਣ ਲਈ ਸਿਰਫ ਉਥੋਂ ਹੀ ਮਦਦ ਮਿਲ ਸਕਦੀ ਹੈ। ਬੁਰੇ ਹਾਲਾਤ ਵਿਚ ਪੈਦਲ ਚੱਲ ਕੇ ਉਹ ਗੁਰਦੁਆਰੇ ਪਹੁੰਚੇ, ਤਾਂ ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਵਰਗੇ 30-35 ਹੋਰ ਸੈਲਾਨੀ ਵੀ ਉਥੇ ਸ਼ਰਨ ਲਈ ਬੈਠੇ ਸਨ।

ਗੁਰਦੁਆਰੇ ਵਾਲਿਆਂ ਨੇ ਉਨ੍ਹਾਂ ਦੇ ਰਹਿਣ ਵਾਸਤੇ ਹਾਲਾਂ ਅਤੇ ਕਮਰਿਆਂ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਗੁਰੂ ਕਾ ਲੰਗਰ ਅਟੁੱਟ ਵਰਤ ਰਿਹਾ ਸੀ। ਜਦੋਂ ਡੀ.ਐੱਸ.ਪੀ. ਨੇ ਆਪਣੀ ਛੁੱਟੀ ਖਤਮ ਹੋਣ ਕਾਰਨ ਪੰਜਾਬ ਪਹੁੰਚਣ ਦੀ ਮਜਬੂਰੀ ਦੱਸੀ, ਤਾਂ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਟਰੈਕਟਰਾਂ ਦੀ ਮਦਦ ਨਾਲ ਸੁੰਦਰ ਨਗਰ ਤੋਂ ਅੱਗੇ ਉਸ ਜਗ੍ਹਾ 'ਤੇ ਪਹੁੰਚਾ ਦਿੱਤਾ, ਜਿੱਥੋਂ ਪੰਜਾਬ ਵਾਸਤੇ ਟੈਕਸੀਆਂ ਮਿਲ ਰਹੀਆਂ ਸਨ। ਡੀ.ਐੱਸ.ਪੀ. ਨੇ ਗੁਰਦੁਆਰੇ ਦੇ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਮਦਦ ਨਾਲ ਉਹ ਟਾਈਮ ਸਿਰ ਆਪਣੀ ਡਿਊਟੀ 'ਤੇ ਪਹੁੰਚ ਸਕਿਆ।

ਇਸ ਵਾਰ ਦੇ ਹੜ੍ਹਾਂ ਨੇ ਐਨੀ ਤਬਾਹੀ ਮਚਾਈ ਹੈ ਕਿ ਇੱਕ ਵਾਰ ਤਾਂ ਹਿਮਾਚਲ ਸਰਕਾਰ ਵੀ ਬੇਵੱਸ ਹੋ ਗਈ ਸੀ। ਭਾਰੀ ਬਾਰਸ਼ ਨੇ ਤਬਾਹੀ ਅਤੇ ਮੌਤ ਦਾ ਅਜਿਹਾ ਤਾਂਡਵ ਕੀਤਾ ਕਿ ਜ਼ਿੰਦਗੀ ਇੱਕ ਵਾਰ ਰੁੱਕ ਜਿਹੀ ਗਈ। ਸੜਕਾਂ ਪਾਣੀ ਨਾਲ ਭਰ ਗਈਆਂ, ਹਾਈਵੇ ਖਤਮ ਹੋ ਗਏ, ਘਰ ਅਤੇ ਗੱਡੀਆਂ ਪਾਣੀ ਵਿਚ ਰੁੜ੍ਹ ਗਈਆਂ ਅਤੇ ਬਿਜਲੀ, ਪਾਣੀ ਤੇ ਟੈਲੀਫੂਨ ਸਰਵਿਸ ਕਈ ਹਫਤਿਆਂ ਤੱਕ ਬੰਦ ਰਹੀ। ਇਸ ਮੁਸੀਬਤ ਦੀ ਘੜੀ ਗੁਰਦੁਆਰੇ ਅਤੇ ਸਿੱਖ ਸੰਗਤ ਪਹਾੜਾਂ ਵਿਚ ਫਸੀ ਆਮ ਜਨਤਾ ਤੇ ਸੈਲਾਨੀਆਂ ਲਈ ਰੱਬ ਬਣ ਕੇ ਬਹੁੜੇ। ਹਿਮਾਚਲ ਵਿਚ ਜਿੱਥੇ ਵੀ ਹੜ੍ਹ ਆਏ, ਉਥੇ ਹੀ ਸਿੱਖ ਸੰਗਤਾਂ ਨੇ ਆਪਣੀ ਜਾਨ 'ਤੇ ਖੇਡ ਕੇ ਸੈਲਾਨੀਆਂ ਅਤੇ ਸਥਾਨਕ ਲੋਕਾਂ ਦੀ ਮਦਦ ਕੀਤੀ। ਇਥੇ ਕੁਝ ਗੁਰਦੁਆਰਿਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜਦੋਂ ਮੰਡੀ-ਕੁੱਲੂ ਹਾਈਵੇ ਬੰਦ ਹੋ ਗਈ, ਤਾਂ ਮੰਡੀ ਸ਼ਹਿਰ ਦਾ ਸਾਰੇ ਸੂਬੇ ਨਾਲੋਂ ਸੰਪਰਕ ਟੁੱਟ ਗਿਆ ਸੀ ਕਿਉਂਕਿ ਇਸ ਦੇ ਆਲੇ-ਦੁਆਲੇ ਦੇ ਸੱਤ ਪੁੱਲ ਨੁਕਸਾਨੇ ਗਏ ਸਨ। ਇਸ ਵੇਲੇ ਮੰਡੀ ਦੇ ਇਤਿਹਾਸਿਕ ਗੁਰੂਘਰ, ਗੁਰਦੁਆਰਾ ਗੁਰੂ ਗੋਬਿੰਦ ਸਿੰਘ ਦੇ ਪ੍ਰਬੰਧਕ ਅਤੇ ਸੰਗਤ ਪੀੜਤਾਂ ਦੀ ਮਦਦ ਲਈ ਸਾਹਮਣੇ ਆਏ।

ਉਨ੍ਹਾਂ ਨੇ ਲੰਗਰ ਤਿਆਰ ਕੀਤਾ ਤੇ ਆਪਣੀ ਜਾਨ 'ਤੇ ਖੇਡ ਕੇ ਸ਼ੂਕਦੇ ਪਾਣੀ ਥਾਣੀਂ ਲੰਘ ਕੇ ਜਗ੍ਹਾ-ਜਗ੍ਹਾ ਫਸੇ ਸੈਲਾਨੀਆਂ ਨੂੰ ਉਨ੍ਹਾਂ ਦੀਆਂ ਗੱਡੀਆਂ ਤੱਕ ਪਹੁੰਚਾਇਆ। ਇਸ ਤੋਂ ਬਾਅਦ ਉਨ੍ਹਾਂ ਨੇ ਸੈਲਾਨੀਆਂ ਵਾਸਤੇ ਗੁਰਦੁਆਰੇ ਵਿਖੇ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੀਤਾ ਤੇ ਉਦੋਂ ਤੱਕ ਉਨ੍ਹਾਂ ਨੂੰ ਆਪਣੇ ਕੋਲ ਰੱਖਿਆ, ਜਦ ਤੱਕ ਰਸਤੇ ਸਾਫ ਨਾ ਹੋ ਗਏ। ਸੈਲਾਨੀਆਂ ਤੋਂ ਇਲਾਵਾ ਉਨ੍ਹਾਂ ਨੇ ਝੁੱਗੀ-ਝੌਂਪੜੀ ਵਾਲਿਆਂ ਸਮੇਤ ਉਨ੍ਹਾਂ ਸਾਰੇ ਲੋਕਾਂ ਨੂੰ ਗੁਰਦੁਆਰੇ ਵਿਚ ਸ਼ਰਣ ਦਿੱਤੀ, ਜਿਨ੍ਹਾਂ ਦੇ ਘਰ-ਬਾਰ ਇਸ ਬਾਰਸ਼ ਕਰਨ ਤਬਾਹ ਹੋ ਗਏ ਸਨ। ਸਿੰਘ ਸਭਾ ਗੁਰਦੁਆਰਾ ਅਖਾੜਾ ਬਾਜ਼ਾਰ ਕੁੱਲੂ ਨੇ ਵੀ ਇਸ ਤਬਾਹੀ ਦੇ ਸਮੇਂ ਲੋਕਾਈ ਦੀ ਵੱਡੀ ਸੇਵਾ ਕੀਤੀ। ਉਨ੍ਹਾਂ ਨੇ ਆਪਣੇ ਸਾਰੇ 18 ਕਮਰੇ ਲੋੜਵੰਦਾਂ ਲਈ ਖੋਲ੍ਹ ਦਿੱਤੇ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ। ਕਿਉਂਕਿ ਘਰਾਂ ਵਿਚੋਂ ਗੈਸ ਖਤਮ ਹੋ ਗਈ ਸੀ ਤੇ ਬਿਜਲੀ ਬੰਦ ਸੀ, ਇਸ ਲਈ ਸ਼ਹਿਰ ਦੇ ਸੈਂਕੜੇ ਲੋਕ ਰੋਜ਼ਾਨਾ ਗੁਰਦੁਆਰੇ ਵਿਖੇ ਲੰਗਰ ਛਕਦੇ ਸਨ। ਜਿਨ੍ਹਾਂ ਸੈਲਾਨੀਆਂ ਕੋਲ ਪੈਸੇ ਖਤਮ ਹੋ ਗਏ ਸਨ, ਉਨ੍ਹਾਂ ਦੀ ਮਾਇਆ ਨਾਲ ਵੀ ਮਦਦ ਕੀਤੀ ਗਈ।

ਭੁੰਤਰ ਵਿਖੇ ਸਥਿਤ ਗੁਰਦੁਆਰਾ ਗੋਦੜੀ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਨੇ ਲੋਕਾਂ ਦੀ ਰਿਹਾਇਸ਼ ਅਤੇ ਲੰਗਰ ਨਾਲ ਸੇਵਾ ਕਰਨ ਤੋਂ ਇਲਾਵਾ ਇਲਾਕੇ ਦੀਆਂ ਬੰਦ ਸੜਕਾਂ ਖੋਲ੍ਹਣ ਲਈ ਪੀ.ਡਬਲਯੂ.ਡੀ. ਦੇ ਮੁਲਾਜ਼ਮਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਚੌਵੀ-ਚੌਵੀ ਘੰਟੇ ਕੰਮ ਕੀਤਾ। ਇਨ੍ਹਾਂ ਮੁਲਾਜ਼ਮਾਂ ਦਾ ਲੰਗਰ ਗੁਰਦੁਆਰੇ ਤੋਂ ਪਹੁੰਚਾਇਆ ਜਾਂਦਾ ਸੀ। ਜਦੋਂ ਹੜ੍ਹ ਆਇਆ, ਤਾਂ ਉਸ ਵੇਲੇ ਗੁਰਦੁਆਰਾ ਮਣੀਕਰਨ ਵਿਖੇ 1500 ਦੇ ਕਰੀਬ ਸ਼ਰਧਾਲੂ ਮੌਜੂਦ ਸਨ। ਗੁਰਦੁਆਰੇ ਦੀ ਬਿਜਲੀ ਲਗਾਤਾਰ 15 ਦਿਨ ਬੰਦ ਰਹੀ ਸੀ। ਸ਼ਰਧਾਲੂਆਂ ਦੇ ਮੋਬਾਇਲ ਆਦਿ ਚਾਰਜ ਕਰਨ ਵਾਸਤੇ ਦਿਨ ਵਿਚ ਇੱਕ ਘੰਟਾ ਜਨਰੇਟਰ ਚਲਾ ਕੇ ਬਿਜਲੀ ਸਪਲਾਈ ਕੀਤੀ ਜਾਂਦੀ ਸੀ। ਇਸ ਸਮੇਂ ਵੀ ਲੰਗਰ ਅਟੁੱਟ ਵਰਤਦਾ ਰਿਹਾ। ਇਨ੍ਹਾਂ ਗੁਰੂਘਰਾਂ ਤੋਂ ਇਲਾਵਾ ਸਿੰਘ ਸਭਾ ਗੁਰਦੁਆਰਾ ਕਾਂਗੜਾ ਅਤੇ ਪਹਾੜੀ ਸ਼ਹਿਰਾਂ ਵਿਖੇ ਸਥਿਤ ਦਰਜ਼ਨਾਂ ਹੋਰ ਗੁਰਦੁਆਰਿਆਂ ਨੇ ਸਥਾਨਕ ਜਨਤਾ ਅਤੇ ਸੈਲਾਨੀਆਂ ਦੀ ਸੇਵਾਂ ਵਿਚ ਕੋਈ ਕਸਰ ਨਹੀਂ ਸੀ ਛੱਡੀ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਬੰਬੇ ਕਿ ਮੁੰਬਈ, ਮਹਾਨਗਰੀ ਕਿ ਮਾਇਆਨਗਰੀ

-ਅਮਰਬੀਰ ਸਿੰਘ ਚੀਮਾ
ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
(Punjab Mail USA)





19 92-93 ਵਿਚ ਅਚਾਨਕ ਬਾਬਰੀ ਮਸਜਿਦ ਦਾ ਮੁੱਦਾ ਭੜਕ ਗਿਆ। ਦੇਸ਼ ਦੇ ਕਈ ਹੋਰ ਸ਼ਹਿਰਾਂ ਵਾਂਗ ਬਿਦਰ ਵਿਖੇ ਵੀ ਹਾਲਾਤ ਖਰਾਬ ਹੋ ਗਏ। ਦੁਕਾਨਾਂ ਦੀ ਲੁੱਟਮਾਰ ਤੇ ਭੰਨਤੋੜ ਸ਼ੁਰੂ ਹੋ ਗਈ। ਭੜਕੀ ਭੀੜ ਵੱਲੋਂ ਬੱਸਾਂ-ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਸ਼ਹਿਰ ’ਚ ਕਰਫਿਊ ਵਰਗੇ ਹਾਲਾਤ ਬਣ ਗਏ, ਜਿਸ ਦੇ ਮੱਦੇਨਜ਼ਰ ਉਥੋਂ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਹਿਰ ਦੇ ਸਾਰੇ ਵਿੱਦਿਅਕ ਅਦਾਰੇ ਬੰਦ ਕਰ ਦਿੱਤੇ।

ਇਸ ਨੂੰ ਬਚਪਣਾ ਹੀ ਕਹਿ ਸਕਦੇ ਹਾਂ ਕਿ ਪੜ੍ਹਾਈ ਦੇ ਪਹਿਲੇ ਸਾਲ ਦੌਰਾਨ ਹੀ ਅਜਿਹੇ ਨਾਜ਼ੁਕ ਮੌਕੇ ਉਸੇ ਰਾਤ ਮੈਂ, ਮੇਰਾ ਰੂਮਮੇਟ ਸੱਤਾ ਗੁਰਦਾਸਪੁਰ ਵਾਲਾ ਤੇ ਮੁਹਾਲੀ ਵਾਲੇ ਰਾਣੇ ਨੇ ਬੰਬੇ (ਮੁੰਬਈ) ਘੁੰਮਣ ਦਾ ਪ੍ਰੋਗਰਾਮ ਬਣਾ ਲਿਆ। ਬੰਬੇ ਦੇ ਥਾਣੇ ਖੇਤਰ ਵਿਖੇ ਸੱਤੇ ਦੇ ਚਾਚੇ ਰਹਿੰਦੇ ਸਨ, ਇਸ ਲਈ ਉੱਥੇ ਰਹਿਣ ਤੇ ਖਾਣ-ਪੀਣ ਦੀ ਕੋਈ ਫਿਕਰ ਨਹੀਂ ਸੀ। ਅਸੀਂ ਤਿੰਨਾਂ ਨੇ ਆਪਣੇ ਸਾਮਾਨ ਵਾਲੇ ਬੈਗ ਪੈਕ ਕੀਤੇ ਤੇ ਕਮਰੇ ਦੀ ਬਾਰੀ ਥਾਈਂ ਹੋਸਟਲ ਦੇ ਪਿਛਲੇ ਪਾਸੇ ਥੱਲੇ ਸੁੱਟ ਦਿੱਤੇ ਤੇ ਆਪ ਅਸੀਂ ਤਿੰਨੇ ਹੋਸਟਲ ਦੇ ਮੇਨ ਗੇਟ ਦੇ ਸਾਹਮਣੇ ਵੱਲੋਂ ਹੀ ਆਮ ਵਾਂਗ ਤੁਰੇ ਜਾਂਦੇ ਬਾਹਰ ਨੂੰ ਨਿਕਲ ਗਏ ਤੇ ਪਿਛਲੇ ਪਾਸਿਓਂ ਆਪਣੇ ਬੈਗ ਚੁੱਕ ਕੇ ਬਾਹਰ ਵੱਲ ਚਲੇ ਗਏ।

ਉਸ ਸਮੇਂ ਉਥੋਂ ਇੱਕ ਚੌਕ ਤੋਂ ਨੋਬਲ ਟਰੈਵਲਜ਼ ਨਾਮਕ ਪ੍ਰਾਈਵੇਟ ਬੱਸ ਸ਼ਾਮੀਂ 7 ਕੁ ਵਜੇ ਬੰਬੇ ਲਈ ਚੱਲਦੀ ਹੁੰਦੀ ਸੀ। ਅਸੀਂ ਫਟਾਫਟ ਟਿਕਟਾਂ ਲਈਆਂ ਤੇ ਬੱਸ ’ਚ ਬੈਠ ਗਏ। ਸਹੀ ਸਮੇਂ ਬੱਸ ਚੱਲ ਪਈ। ਘੰਟੇ ਕੁ ਦੀ ਡ੍ਰਾਈਵ ਉਪਰੰਤ ਜਹੀਰਾਬਾਦ ਪਹੁੰਚ ਕੇ ਬੱਸ ਮੇਨ ਹਾਈਵੇ, ਜੋ ਕਿ ਹੈਦਰਾਬਾਦ ਤੋਂ ਸ਼ੋਲਾਪੁਰ, ਪੂਣੇ ਹੁੰਦਾ ਹੋਇਆ ਬੰਬੇ ਜਾਂਦਾ ਸੀ, ’ਤੇ ਦੌੜਨ ਲੱਗੀ। ਠੰਢ ਦਾ ਸਮਾਂ ਸੀ। ਮੈਨੂੰ ਯਾਦ ਹੈ ਕਿ ਰਾਤ ਨੂੰ 3-4 ਘੰਟੇ ਤੱਕ ਲਗਾਤਾਰ ਚੱਲਦੇ ਰਹਿਣ ਉਪਰੰਤ ਮੈਨੂੰ ਬਾਥਰੂਮ ਦਾ ਪ੍ਰੈਸ਼ਰ ਪੈ ਗਿਆ। ਮੈਂ ਕੰਡਕਟਰ ਨੂੰ 2-3 ਵਾਰ ਬੇਨਤੀ ਕੀਤੀ ਪਰ ਉਹ ਟਾਲਦਾ ਰਿਹਾ ਕਿ ਥੋੜ੍ਹੀ ਅੱਗੇ ਜਾ ਕੇ ਬੱਸ ਰੋਕਦੇ ਹਾਂ। ਜਦੋਂ ਕੰਮ ਅਸਹਿ ਹੋ ਗਿਆ ਤਾਂ ਚੱਲਦੀ ਬੱਸ ’ਚੋਂ ਹੀ ਬਾਰੀ ਖੋਲ੍ਹ ਕੇ ਫੁਹਾਰਾ ਚਲਾ ਦਿੱਤਾ ਸੀ। ਰਾਤ ਭਰ ਦੀ ਡਰਾਈਵਿੰਗ ਉਪਰੰਤ ਖੰਡਾਲਾ ਘਾਟੀਆਂ ਪਾਰ ਕਰਦੇ ਹੋਏ ਸਵੇਰੇ 7 ਕੁ ਵਜੇ ਅਸੀਂ ਮੁੰਬਈ ਟਰਮੀਨਲ ਪਹੁੰਚੇ। ਉੱਥੋਂ ਥਾਣੇ ਲਈ ਟੈਕਸੀ ’ਚ ਬੈਠ ਸੱਤੇ ਦੇ ਚਾਚਿਆਂ ਦੇ ਘਰ ਪੁੱਜ ਕੇ ਨਾਸ਼ਤਾ ਕੀਤਾ। ਉਨ੍ਹਾਂ ਨੇ ਸਾਡੀ ਚੰਗੀ ਆਓ ਭਗਤ ਕਰਦਿਆਂ ਘਰ ਉਪਰਲਾ ਚੁਬਾਰਾ ਤੇ ਘੁੰਮਣ ਲਈ ਡਰਾਈਵਰ ਸਮੇਤ ਆਪਣੀ ਜੀਪ ਉਪਲਬਧ ਕਰਵਾ ਦਿੱਤੀ। ਸਰਹਿੰਦ ਵਰਗੇ ਛੋਟੇ ਜਿਹੇ ਕਸਬੇ ਤੋਂ ਬਿਦਰ ਵਰਗੇ ਕਸਬੇ ਵਿਚ ਪੜ੍ਹਾਈ ਕਰਨ ਪਹੁੰਚਣ ਦੌਰਾਨ ਮੁੰਬਈ ਵਰਗੇ ਮਹਾਂਨਗਰ ਦੀ ਚਕਾਚੌਂਧ ’ਚ ਸਾਡੀਆਂ ਅੱਖਾਂ ਚੁੰਧਿਆ ਗਈਆਂ। ਇਸ ਤੋਂ ਪਹਿਲਾਂ ਮੁੰਬਈ ਮਹਾਨਗਰ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਸਿਰਫ ਟੈਲੀਵਿਜਨ ’ਚ ਹੀ ਦੇਖੀਆਂ ਸਨ।

ਅਸੀਂ ਸਵੇਰੇ ਰੋਜ਼ ਮਹਾਂਨਗਰੀ ਵਿਚ ਘੁੰਮਣ ਨਿਕਲ ਜਾਂਦੇ ਤੇ ਦੇਰ ਰਾਤ ਤੱਕ ਵਾਪਸ ਆਉਂਦੇ। ਇੱਕ ਦਿਨ ਥਾਣੇ ਵਿਖੇ ਹੀ ਇੱਕ ਵੱਡੀ ਚੌਪਾਟੀ ’ਚ ਬੋਟਿੰਗ ਕਰਦਿਆਂ ਸਾਡੀ ਕਿਸ਼ਤੀ ਦੂਜੇ ਕਿਨਾਰੇ ਜਾ ਪਹੁੰਚੀ। ਅਸੀਂ ਕਿਸ਼ਤੀ ਨੂੰ ਵਾਪਸੀ ਵੱਲ ਲਿਜਾਣ ਲਈ ਚੱਪੂ ਚਲਾਈਏ ਪਰ ਉਹ ਹੋਰ ਉਲਟ ਦਿਸ਼ਾ ਵੱਲ ਜਾਈ ਜਾਵੇ। ਇੰਨੇ ਨੂੰ ਕਿਸ਼ਤੀ ਦਾ ਟਾਈਮ ਪੂਰਾ ਹੋ ਗਿਆ ਤੇ ਚੌਪਾਟੀ ਦੇ ਪ੍ਰਬੰਧਕ ਉੱਚੀ-ਉੱਚੀ ਵਿਸਲਾਂ ਵਜਾਉਣ ਲੱਗੇ। ਦੂਜੇ ਕਿਨਾਰੇ ਤੋਂ ਅਸੀਂ ਆਪਣੇ ਹੱਥ ਖੜ੍ਹੇ ਕਰ ਦਿੱਤੇ। ਫਿਰ ਦੂਜੀ ਕਿਸ਼ਤੀ ’ਚ ਉਹ ਸਾਡੇ ਕੋਲ ਆਏ ਤੇ ਸਾਡੀ ਕਿਸ਼ਤੀ ਨੂੰ ਰੱਸੀ ਪਾ ਕੇ ਕਿਨਾਰੇ ਤੱਕ ਲੈ ਕੇ ਗਏ। ਇਸੇ ਤਰ੍ਹਾਂ ਉਥੇ ਗੇਟਵੇਅ ਆਫ ਇੰਡੀਆ, ਸਮੁੰਦਰ ਕਿਨਾਰੇ ਜੂਹੂ ਬੀਚ ਤੇ ਹੋਰ ਵੇਖਣਯੋਗ ਥਾਂਵਾਂ ਘੁੰਮੀਆਂ ਤੇ ਉਥੋਂ ਦੀ ਤੇਜ਼-ਤਰਾਰ ਜ਼ਿੰਦਗੀ ਨੂੰ ਨੇੜਿਓਂ ਵਾਚਿਆ। ਜੂਹੂ ਬੀਚ ਵਾਲਾ ਦ੍ਰਿਸ਼ ਤਾਂ ਹੂਬਹੂ ਅੱਜ ਵੀ ਅੱਖਾਂ ਸਾਹਮਣੇ ਘੁੰਮਦਾ ਹੈ। ਬੀਚ ’ਤੇ ਕੀਤੀ ਊਠ ਦੀ ਸਵਾਰੀ ਵੀ ਰੁਮਾਂਚਕ ਸੀ। ਇਥੋਂ ਦਾ ਵੜਾਪਾਓ ਤਾਂ ਸਾਰੇ ਦੇਸ਼ ’ਚ ਮਸ਼ਹੂਰ ਹੈ, ਸੋ ਅਸੀਂ ਕਿੱਦਾਂ ਪਿੱਛੇ ਰਹਿੰਦੇ। ਕਿਉਂਕਿ ਉੱਥੇ ਸਾਡਾ ਰਹਿਣ ਦਾ ਤੇ ਖਾਣ-ਪੀਣ ਦਾ ਜ਼ਿਆਦਾ ਖਰਚਾ ਨਹੀਂ ਸੀ, ਇਸ ਲਈ ਅਸੀਂ ਬਹੁਤ ਹੀ ਘੱਟ ਪੈਸਿਆਂ ਵਿਚ ਸਭ ਤੋਂ ਮਹਿੰਗਾ ਸ਼ਹਿਰ ਘੁੰਮਣ ਦਾ ਆਨੰਦ ਮਾਣਿਆ।

ਇਸੇ ਤਰ੍ਹਾਂ ਇੱਕ ਦਿਨ ਰਸਤੇ ’ਚ ਇੱਕ ਪੰਜਾਬੀ ਰੈਸਟੋਰੈਂਟ ਦਿਸਿਆ, ਉੱਥੇ ਖਾਣਾ ਖਾਣ ਦੀ ਮਨਸ਼ਾ ਨਾਲ ਅੰਦਰ ਜਾ ਕੇ ਦੇਖਿਆ ਤਾਂ ਹਿੰਦੀ ਫਿਲਮੀ ਗਾਣਿਆਂ ’ਤੇ ਕੈਬਰੇ ਡਾਂਸ ਚੱਲ ਰਿਹਾ ਸੀ। ਉੱਥੇ ਉਨ੍ਹਾਂ ਨੇ ਤਿੰਨ ਪੰਜਾਬੀਆਂ ਨੂੰ ਦੇਖ ਕੇ ਉਸ ਤੋਂ ਬਾਅਦ ਤੂਤਕ ਤੂਤਕ ਤੂਤੀਆਂ ਗਾਣਾ ਚਲਾਇਆ, ਜਿਸ ’ਤੇ ਅਸੀਂ ਵੀ ਖੂਬ ਨੱਚੇ। ਉੱਥੋਂ ਦੇ ਰੈੱਡ ਲਾਈਟ ਖੇਤਰ ‘ਘਾਟਕੋਪਰ’ ਵਿਖੇ ਵੀ ਗੇੜੀ ਮਾਰੀ, ਜਿਥੇ ਸੂਰਜ ਡੁੱਬਣ ਉਪਰੰਤ ਕਿਸੇ ਮਜਬੂਰੀ ਜਾਂ ਸ਼ੌਕ ਲਈ ਆਪਣੇ ਪੇਟ ਜਾਂ ਜਿਸਮ ਦੀ ਅੱਗ ਬੁਝਾਉਣ ਲਈ ਵੱਡੇ-ਵੱਡੇ ਬਲਬਾਂ ਹੇਠ ਖੜ੍ਹੀਆਂ ਕੁੜੀਆਂ ਗਾਹਕਾਂ ਨੂੰ ਵਾਜਾਂ ਮਾਰਨ ਲੱਗ ਜਾਂਦੀਆਂ ਹਨ। ਬੰਬੇ ਜੋ ਹੁਣ ਮੁੰਬਈ ਹੈ, ਪਰ ਅਸਲ ’ਚ ਇਹ ਮਹਾਨਗਰੀ ਦੇ ਨਾਲ-ਨਾਲ ਮਾਇਆ ਨਗਰੀ ਵੀ ਹੈ।

ਉਸ ਤੋਂ ਅਗਲੇ ਦਿਨ ਗੇਟਵੇਅ ਆਫ ਇੰਡੀਆ ’ਤੇ ਸਮੁੰਦਰ ਕਿਨਾਰੇ ਦਾ ਨਜ਼ਾਰਾ ਦੇਖਿਆ, ਜਿਥੇ ਸੈਲਾਨੀਆਂ ਦੀ ਪੂਰੀ ਭੀੜ ਇਕੱਤਰ ਸੀ। ਇਥੋਂ ਅੰਦਰ ਜਾ ਕੇ ਦੇਖਿਆ ਕਿ ਸਮੁੰਦਰ ’ਚ ਕਰੂਜ਼ ਦੀ ਸਵਾਰੀ ਕਰਨ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਅਸੀਂ ਵੀ ਲਾਈਨ ’ਚ ਲੱਗ ਟਿਕਟਾਂ ਲਈਆਂ ਤੇ ਕਿਨਾਰੇ ਖੜ੍ਹੇ ਬੇੜੇ (ਮੋਟਰ ਬੋਟ) ’ਚ ਸਵਾਰ ਹੋ ਗਏ। ਸਮੁੰਦਰ ਦੇ ਪਾਣੀ ਦੀਆਂ ਲਹਿਰਾਂ ਨੂੰ ਚੀਰਦਾ ਬੇੜਾ ਜਿਉਂ-ਜਿਉਂ ਅੱਗੇ ਵੱਧ ਰਿਹਾ ਸੀ, ਤਿਉਂ-ਤਿਉਂ ਸਮੁੰਦਰ ਕਿਨਾਰੇ ਬਣੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਦਾ ਅਕਸ ਧੁੰਦਲਾ ਹੁੰਦਾ ਜਾ ਰਿਹਾ ਸੀ। ਇਹ ਅਦਭੁੱਤ ਨਜ਼ਾਰਾ ਵੀ ਅਭੁੱਲ ਹੀ ਹੈ। ਬੇੜੇ ਦੇ ਇਰਦ-ਗਿਰਦ ਬੰਨ੍ਹੇ ਮੋਟੇ ਰੱਸੇ ਨੂੰ ਹੱਥ ਪਾ ਕੇ ਖੜ੍ਹੇ ਅਸੀਂ ਤਿੰਨੇ ਜਿਵੇਂ ਲਹਿਰਾਂ ਨਾਲ ਲੁੱਕਣਮੀਟੀ ਖੇਡ ਰਹੇ ਹੋਈਏ। ਹੋਰ ਅੱਗੇ ਗਏ ਤਾਂ ਚਾਰੇ ਪਾਸੇ ਪਾਣੀ ਹੀ ਪਾਣੀ ਸੀ, ਧਰਤੀ ਦਾ ਕਿਨਾਰਾ ਪਿੱਛੇ ਰਹਿ ਗਿਆ ਸੀ। ਇੰਝ ਲੱਗਦਾ ਸੀ ਕਿ ਕਿਤੇ ਬਹੁਤ ਦੂਰ ਆ ਗਏ ਹਾਂ। ਘੰਟੇ ਕੁ ਬਾਅਦ ਦੁਬਾਰਾ ਕਿਨਾਰਾ ਨਜ਼ਰੀਂ ਪਿਆ। ਕਰੂਜ਼ ਦਾ ਉਹ ਪਹਿਲਾ ਝੂਟਾ ਹਾਲੇ ਤੀਕਰ ਵੀ ਪਹਿਲਾ ਹੀ ਹੈ। ਗੇਟਵੇਅ ਆਫ ਇੰਡੀਆ ਦੇ ਬਾਹਰਵਾਰ ਬਿਲਕੁਲ ਸਾਹਮਣੇ ਬਹੁਤ ਵੱਡੀ ਗਿਣਤੀ ’ਚ ਕਬੂਤਰ ਦਾਣਾ ਚੁੱਗ ਰਹੇ ਸਨ, ਉਹੀ ਕਬੂਤਰ, ਜਿਹੜੇ ਕਈ ਹਿੰਦੀ ਫਿਲਮਾਂ ’ਚ ਵੀ ਦਿਖਾਏ ਗਏ ਹਨ। ਭਾਰਤੀਆਂ ਤੋਂ ਇਲਾਵਾ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਵੀ ਬਹੁਤ ਸੀ।

ਉਸ ਟੂਰ ਦੌਰਾਨ ਉਥੇ ਇਕ ਹੀ ਘਾਟ ਰਹੀ ਕਿ ਕਿਸੇ ਵੀ ਬੌਲੀਵੁੱਡ ਦੀ ਫਿਲਮੀ ਹਸਤੀ ਨੂੰ ਦੇਖਣ ਜਾਂ ਮਿਲਣ ਦਾ ਮੌਕਾ ਜਾਂ ਸਬੱਬ ਨਹੀਂ ਬਣਿਆ। ਪੰਜਵੇਂ ਦਿਨ ਅਸੀਂ ਉਸ ਪਰਿਵਾਰ ਕੋਲੋਂ ਅਲਵਿਦਾ ਤੇ ਮਹਾਂਨਗਰੀ ਦੀਆਂ ਯਾਦਾਂ ਮਨ ’ਚ ਸਮੇਟ ਫਿਰ ਉਸੇ ਨੋਬੇਲ ਟਰੈਵਲਜ਼ ਦੀ ਬੱਸ ਰਾਹੀਂ ਬੰਬੇ ਤੋਂ ਵਾਪਸ ਬਿਦਰ ਪਹੁੰਚ ਗਏ। ਭਾਵੇਂ ਅੱਜ ਸੱਤਾ ਤੇ ਰਾਣਾ ਦੋਵੇਂ ਇਸ ਦੁਨੀਆਂ ’ਚ ਨਹੀਂ ਹਨ, ਪਰ ਬੰਬੇ ਸ਼ਹਿਰ ਦੀਆਂ ਯਾਦਾਂ ਵਾਂਗ ਉਹ ਦੋਵਾਂ ਯਾਰ ਵੀ ਸਦੀਵੀ ਚੇਤਿਆਂ ’ਚ ਵੱਸੇ ਰਹਿਣਗੇ।

# ਪਤੀਆਂ ਨੂੰ ‘ਨੌਕਰੀ ਨਹੀਂ’ ਪਤਨੀਆਂ ਕਿਉਂ ਪਸੰਦ ਹਨ?

-ਡਾ. ਸਤਿਆਵਾਨ ‘ਸੌਰਭ’
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
(Punjab Mail USA)



ਮਰਦ-ਪ੍ਰਧਾਨ ਸਮਾਜ ਵਿਚ ਔਰਤਾਂ ਦਾ ਪੈਸਾ ਨਾ ਕਮਾਉਣਾ ਉਨ੍ਹਾਂ ਦੀ ਇੱਛਾ ਜਾਂ ਪਛੜੇਪਣ ਦੀ ਨਿਸ਼ਾਨੀ ਨਹੀਂ, ਸਗੋਂ ਉਨ੍ਹਾਂ ਦੇ ਸੱਭਿਆਚਾਰ ਦਾ ਸਬੂਤ ਹੈ। ਜੇਕਰ ਲੜਕੀ ਨੌਕਰੀ ਅਤੇ ਕਰੀਅਰ ਵਿਚ ਅੱਗੇ ਵਧਣ ਦੀ ਇੱਛਾ ਰੱਖਦੀ ਹੈ, ਤਾਂ ਉਸ ਨੂੰ ਵਿਆਹ ਦੇ ਰਿਸ਼ਤੇ ਬਣਾਉਣ ਵਿਚ ਵੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿੱਥੇ ਇੱਕ ਮਰਦ ਆਪਣੀ ਔਰਤ ਨੂੰ ਹੰਕਾਰ ਅਤੇ ਜਨੂੰਨ ਨਾਲ ਕੰਮ ਕਰਕੇ ਧੱਕੇਸ਼ਾਹੀ ਕਰਦਾ ਹੈ, ਉੱਥੇ ਦੂਜੇ ਪਾਸੇ ਇੱਕ ਔਰਤ ਸਾਰਾ ਦਿਨ ਘਰ ਦਾ ਕੰਮ ਸੰਭਾਲਣ ਦੇ ਬਾਵਜੂਦ ਵੀ ਉਸੇ ਮਰਦ ਦੇ ਪੈਰਾਂ ਵਿਚ ਜੁੱਤੀ ਸਮਝੀ ਜਾਂਦੀ ਹੈ। ਉਹ ਆਪਣੀ ਮਰਜ਼ੀ ਨਾਲ ਕਿਤੇ ਵੀ ਨਹੀਂ ਆ ਸਕਦੀ, ਉਹ ਆਪਣੇ ਹੁਨਰ ਦੇ ਆਧਾਰ ’ਤੇ ਕੁਝ ਨਹੀਂ ਕਮਾ ਸਕਦੀ ਕਿਉਂਕਿ ਇਸ ਪ੍ਰਣਾਲੀ ਵਿਚ ਔਰਤਾਂ ਦੁਆਰਾ ਪੈਸਾ ਨਾ ਕਮਾਉਣਾ ਆਪਣੀ ਪਸੰਦ ਜਾਂ ਪਛੜੇਪਣ ਦੀ ਨਿਸ਼ਾਨੀ ਨਹੀਂ ਮੰਨਿਆ ਜਾਂਦਾ ਹੈ, ਸਗੋਂ ਆਪਣੇ ਸੱਭਿਆਚਾਰ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।

ਤੁਸੀਂ ਕਈ ਘਰਾਂ ਵਿਚ ਅਕਸਰ ਸੁਣਿਆ ਹੋਵੇਗਾ ਕਿ ਘਰ ਦੀ ਦੇਖਭਾਲ ਕਰਨਾ ਔਰਤਾਂ ਦਾ ਕੰਮ ਹੈ ਅਤੇ ਬਾਹਰੋਂ ਪੈਸਾ ਕਮਾਉਣਾ ਪੁਰਸ਼ਾਂ ਦਾ ਕੰਮ ਹੈ। ਇਹ ਸਿਰਫ਼ ਇੱਕ ਵਾਕ ਨਹੀਂ ਹੈ, ਇਹ ਔਰਤ ਲਈ ਬਣੀ ਚਾਰ ਦੀਵਾਰੀ ਅਤੇ ਬੇੜੀਆਂ ਹਨ, ਜੋ ਉਸ ਤੋਂ ਉਸ ਦੀ ਆਜ਼ਾਦੀ ਦੇ ਨਾਲ-ਨਾਲ ਸਵੈ-ਮਾਣ ਨਾਲ ਜਿਊਣ ਦਾ ਹੱਕ ਵੀ ਖੋਹ ਲੈਂਦੀਆਂ ਹਨ। ਅੱਜ ਦੇ ਬਦਲਦੇ ਸਮੇਂ ਵਿਚ ਵੀ ਬਹੁਤ ਸਾਰੇ ਲੋਕ ਪੜ੍ਹੀਆਂ-ਲਿਖੀਆਂ ਨੂੰਹਾਂ ਚਾਹੁੰਦੇ ਹਨ, ਪਰ ਰੁਜ਼ਗਾਰ ਨਹੀਂ। ਇੱਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ ਦੇ ਲੜਕੇ ਵਿਆਹ ਦੇ ਸਮੇਂ ਨੌਕਰੀ ਕਰਨ ਵਾਲੀਆਂ ਕੁੜੀਆਂ ਨਾਲੋਂ ਘਰੇਲੂ ਕੁੜੀਆਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਇਸ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਜੇਕਰ ਕਿਸੇ ਲੜਕੀ ਵਿਚ ਨੌਕਰੀ ਅਤੇ ਕਰੀਅਰ ਵਿਚ ਅੱਗੇ ਵਧਣ ਦੀ ਇੱਛਾ ਹੈ, ਤਾਂ ਉਸ ਨੂੰ ਵਿਆਹ ਦਾ ਰਿਸ਼ਤਾ ਬਣਾਉਣ ਵਿਚ ਵੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।



ਭਾਰਤੀ ਲੋਕਾਂ ਵਿਚ ਵਿਆਹ ਲਈ ਕੰਮ ਕਰਨ ਵਾਲੀਆਂ, ਰੁਜ਼ਗਾਰ ਵਾਲੀਆਂ ਕੁੜੀਆਂ ਦੀ ਬਹੁਤ ਘੱਟ ਮੰਗ ਹੈ। ਭਾਰਤੀ ਔਰਤਾਂ ਵਿਚ ਇਹ ਬਹੁਤ ਆਮ ਗੱਲ ਹੈ ਕਿ ਔਰਤਾਂ ਆਪਣੇ ਪਤੀਆਂ ਨਾਲ ਮਿਲ ਕੇ ਫੈਸਲਾ ਕਰਦੀਆਂ ਹਨ ਕਿ ਉਨ੍ਹਾਂ ਦੀ ਕਮਾਈ ਨੂੰ ਕਿਵੇਂ ਖਰਚ ਕਰਨਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਵਿਚ 99 ਫੀਸਦੀ ਔਰਤਾਂ ਦਾ ਵਿਆਹ 40 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਹੋ ਜਾਂਦਾ ਹੈ। ਜਦੋਂ ਔਰਤਾਂ ਨੂੰ ਲੱਗਦਾ ਹੈ ਕਿ ਨੌਕਰੀ ਕਰਨ ’ਤੇ ਉਨ੍ਹਾਂ ਨੂੰ ਵਿਆਹ ’ਚ ਮੁਸ਼ਕਲ ਆਵੇਗੀ, ਤਾਂ ਉਹ ਆਪਣੇ ਕਰੀਅਰ ਨੂੰ ਲੈ ਕੇ ਲਾਪ੍ਰਵਾਹ ਹੋ ਜਾਂਦੀਆਂ ਹਨ। ਇੱਕ ਤਰ੍ਹਾਂ ਨਾਲ ਉਹ ਵਿਆਹ ਤੋਂ ਪਹਿਲਾਂ ਕੈਰੀਅਰ ਬਣਾਉਣ ਜਾਂ ਵਿਆਹ ਤੋਂ ਬਾਅਦ ਨੌਕਰੀ ਵਿਚ ਰਹਿਣ ਦਾ ਵਿਚਾਰ ਛੱਡ ਦਿੰਦੀ ਹੈ। ਵਿਆਹ ਤੋਂ ਬਾਅਦ ਲੜਕੀ ਨੂੰ ਆਪਣੇ ਪਤੀ ਅਤੇ ਸਹੁਰੇ ਦੋਹਾਂ ਦੀ ਗੱਲ ਸੁਣਨੀ ਪੈਂਦੀ ਹੈ। ਉਨ੍ਹਾਂ ’ਤੇ ਹਰ ਸਮੇਂ ਉਨ੍ਹਾਂ ਨੂੰ ਖੁਸ਼ ਰੱਖਣ ਦਾ ਦਬਾਅ ਹੈ। ਉਸ ’ਤੇ ਨਾ ਸਿਰਫ਼ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਸੁੱਟੀਆਂ ਗਈਆਂ ਹਨ, ਪਰ ਉਸ ਤੋਂ ਸੰਪੂਰਨ ਹੋਣ ਦੀ ਵੀ ਉਮੀਦ ਕੀਤੀ ਜਾਂਦੀ ਹੈ। ਇਹ ਵੀ ਇੱਕ ਕਾਰਨ ਹੈ ਕਿ ਸਹੁਰਿਆਂ ਕਾਰਨ ਉਸ ਦਾ ਕਰੀਅਰ ਸੈਕੰਡਰੀ ਬਣ ਜਾਂਦਾ ਹੈ। ਅਜਿਹੇ ’ਚ ਜਦੋਂ ਤੱਕ ਉਹ ਆਪਣੀ ਕੰਮ ਦੀ ਜ਼ਿੰਦਗੀ ਅਤੇ ਨਿੱਜੀ ਜ਼ਿੰਦਗੀ ’ਚ ਸੰਤੁਲਨ ਬਣਾ ਕੇ ਰੱਖ ਪਾਉਂਦੀ ਹੈ, ਉਦੋਂ ਤੱਕ ਠੀਕ ਹੈ, ਨਹੀਂ ਤਾਂ ਉਸ ਨੂੰ ਕੰਮ ਤੋਂ ਹੱਥ ਧੋਣੇ ਪੈਂਦੇ ਹਨ।

ਵੈਸੇ ਤਾਂ ਸਾਡੇ ਦੇਸ਼ ਵਿਚ ਅੱਜ ਵੀ ਵਿਆਹ ਇੱਕ ਵੱਡਾ ਮੁੱਦਾ ਹੈ, ਨੌਕਰੀ ਨਹੀਂ। ਕੁੜੀਆਂ ਦਾ ਪੜ੍ਹਨਾ-ਲਿਖਣਾ ਤਾਂ ਠੀਕ ਹੈ ਪਰ ਜ਼ਿਆਦਾਤਰ ਲੋਕ ਕੰਮਕਾਜੀ ਔਰਤਾਂ ਨਹੀਂ ਚਾਹੁੰਦੇ। ਕਈ ਪਰਿਵਾਰ ਪੜ੍ਹੀ-ਲਿਖੀ ਨੂੰਹ ਲਿਆਉਣਾ ਚਾਹੁੰਦੇ ਹਨ, ਪਰ ਉਹ ਵਿਆਹ ਤੋਂ ਬਾਅਦ ਨੌਕਰੀ ਕਰਨ ਦੇ ਹੱਕ ਵਿਚ ਨਹੀਂ ਹਨ। ਦਲੀਲ ਦਿੱਤੀ ਜਾਂਦੀ ਹੈ ਕਿ ਉਸ ਦਾ ਪਰਿਵਾਰ ਅਮੀਰ ਹੈ, ਨੌਕਰੀ ਦੀ ਕੀ ਲੋੜ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕੰਮ ਕਰਨ ਵਾਲੀ ਲੜਕੀ ਨੂੰ ਘਰ ਦੀ ਦੇਖਭਾਲ ਕਰਨ ਲਈ ਘੱਟ ਸਮਾਂ ਮਿਲੇਗਾ, ਜਿਸ ਕਾਰਨ ਘਰ ਦੇ ਕੰਮਾਂ ਵਿਚ ਮੁਸ਼ਕਲਾਂ ਆਉਣਗੀਆਂ। ਕਿਉਂਕਿ ਭਾਰਤ ਦੇ ਬਹੁਤੇ ਹਿੱਸਿਆਂ ਵਿਚ ਆਮ ਵਿਸ਼ਵਾਸ ਇਹ ਹੈ ਕਿ ਘਰ ਦੀ ਦੇਖਭਾਲ ਕਰਨਾ ਔਰਤਾਂ ਦਾ ਕੰਮ ਹੈ। ਪਤਿਤਪੁਣੇ ਦੇ ਗੁਲਾਮ ਇਹ ਸੋਚਦੇ ਹਨ ਕਿ ਜੇ ਨੂੰਹ ਘਰੋਂ ਬਾਹਰ ਜਾ ਕੇ ਕੋਈ ਕੰਮ ਕਰਦੀ ਹੈ, ਉਸ ਦੇ ਹੱਥ ਵਿਚ ਪੈਸਾ ਹੈ, ਤਾਂ ਉਸ ਨੂੰ ਘਰ ਦੇ ਜੀਆਂ ਦੀ ਕੁਝ ਸਮਝ ਨਹੀਂ ਆਵੇਗੀ। ਇਸ ਪਿੱਛੇ ਇੱਕ ਭਾਵਨਾ ਹੈ ਕਿ ਕੁੜੀ ਆਜ਼ਾਦ ਹੋਵੇਗੀ। ਉਹ ਆਪਣੇ ਲਈ ਫੈਸਲੇ ਲਵੇਗੀ ਅਤੇ ਇਸ ਨਾਲ ਉਸ ਉੱਤੇ ਉਸਦਾ ਅਧਿਕਾਰ ਘੱਟ ਜਾਵੇਗਾ। ਘਰ ਦੀ ਇੱਜ਼ਤ ਦਾ ਨਾਂ ਦੇ ਕੇ ਘਰ ਵਿਚ ਧੀਆਂ-ਭੈਣਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਬਹੁਤ ਸਾਰੇ ਮਰਦਾਂ ਵਿਚ ਇਹ ਸੋਚ ਭਾਰੂ ਹੈ ਕਿ ਜੇਕਰ ਔਰਤਾਂ ਨੌਕਰੀਆਂ ਕਰਨਗੀਆਂ ਤਾਂ ਉਨ੍ਹਾਂ ਦੀ ਗਤੀਸ਼ੀਲਤਾ ਵਧੇਰੇ ਹੋਵੇਗੀ, ਸੰਪਰਕ ਵਧੇਰੇ ਹੋਵੇਗਾ। ਘਰੋਂ ਬਾਹਰ ਜਾ ਕੇ ਬਾਹਰ ਬੰਦਿਆਂ ਨਾਲ ਗੱਲਾਂ ਕਰਨਗੇ। ਉਹ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਮਰਦਾਂ ਨੂੰ ਲੱਗਦਾ ਹੈ ਕਿ ਜੇਕਰ ਉਹ ਕੰਮ ਕਰਦੇ ਹਨ ਤਾਂ ਔਰਤਾਂ ਉਨ੍ਹਾਂ ’ਤੇ ਨਿਰਭਰ ਨਹੀਂ ਰਹਿਣਗੀਆਂ। ਉਹ ਖੁਦ ਫੈਸਲੇ ਲੈ ਸਕੇਗੀ, ਇਹ ਉਸਦੇ ਲਈ ਕੰਮ ਨਹੀਂ ਕਰੇਗੀ। ਇਸੇ ਲਈ ਉਹ ਨੌਕਰੀ ਕਰਨ ਵਾਲੀਆਂ ਔਰਤਾਂ ਨੂੰ ਪਸੰਦ ਨਹੀਂ ਕਰਦੇ। ਕਾਰਨ ਭਾਵੇਂ ਕੁਝ ਵੀ ਹੋਵੇ ਪਰ ਅਸਲੀਅਤ ਇਹ ਹੈ ਕਿ ਔਰਤਾਂ ਨੂੰ ਅੱਜ ਤੱਕ ਪਿਤਾਪੁਰਖੀ ਤੋਂ ਆਜ਼ਾਦੀ ਨਹੀਂ ਮਿਲ ਸਕੀ। ਸਵੇਰੇ ਉੱਠਦੇ ਹੀ ਉਸਦੇ ਦਿਮਾਗ ਵਿਚ ਘੰਟੀ ਵੱਜਦੀ ਹੈ, ਘੜੀ ਤੇਜ਼ੀ ਨਾਲ ਚੱਲਣ ਲੱਗਦੀ ਹੈ, ਬਹੁਤ ਸਾਰੇ ਕੰਮਾਂ ਦੀ ਸੂਚੀ ਬਣ ਜਾਂਦੀ ਹੈ ਅਤੇ ਉਹ ਕੰਮ ਜਲਦੀ ਖਤਮ ਕਰਨ ਲਈ ਰੋਬੋਟ ਵਾਂਗ ਇਧਰ-ਉਧਰ ਭੱਜਣ ਲੱਗਦੀ ਹੈ। ਇਸ ਕਾਰਨ ਉਸ ਨੂੰ ਰੋਜ਼ਾਨਾ ਮਾਨਸਿਕ ਅਤੇ ਸਰੀਰਕ ਥਕਾਵਟ ਮਹਿਸੂਸ ਹੁੰਦੀ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਦੂਜਿਆਂ ਦੇ ਪੈਸੇ ’ਤੇ ਰੋਟੀ ਕਮਾਉਣ ਵਾਲਾ ਕਿਹਾ ਜਾਂਦਾ ਹੈ। ਕੁੱਲ ਮਿਲਾ ਕੇ, ਇੱਕ ਕੁੜੀ ਨੂੰ ਕੀ ਕਰਨਾ ਚਾਹੀਦਾ ਹੈ? ਇਹ ਉਸ ਨੂੰ ਛੱਡ ਕੇ ਹਰ ਕੋਈ ਤੈਅ ਕਰਦਾ ਹੈ। ਇਸ ਮਰਦ-ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਘਰ ਦੇ ਅੰਦਰ ਹੀ ਰੱਖਣ ਦਾ ਤਰੀਕਾ ਉਨ੍ਹਾਂ ਨੂੰ ਨੌਕਰੀਆਂ ਨਾ ਕਰਨ ਦੇਣਾ ਹੈ। ਇਸੇ ਲਈ ਪਤੀਆਂ ਨੂੰ ‘ਨੋ-ਜੌਬ’ ਪਤਨੀਆਂ ਪਸੰਦ ਹਨ।

# ਆਜ਼ਾਦੀ ਸੰਘਰਸ਼ ਦੇ ਅਣਗੌਲੇ ਗਦਰੀ ਫੌਜ਼ੀ ਸ਼ਹੀਦਾਂ ਦੀ ਗਾਥਾ

## 3 ਸਤੰਬਰ 1915 ਦੇ 12 ਸ਼ਹੀਦਾਂ ਨੂੰ ਸਮਰਪਿਤ


ਕੰਵਲਬੀਰ ਸਿੰਘ ਪੰਨੂੰ
ਚੌਧਰੀ ਵਾਲਾ, ਨੌਸ਼ਹਿਰਾ ਪੰਨੂੰਆਂ,
ਤਰਨ ਤਾਰਨ
ਮੋ: 98766-98068




(Punjab Mail USA)

ਜਿਸ ਸੁਤੰਤਰਤਾ ਦਾ ਅਸੀਂ ਨਿੱਘ ਮਾਣ ਰਹੇ ਹਾਂ, ਇਸ ਦੀ ਉਸਾਰੀ ਲਈ ਰੱਖੀਆਂ ਡੂੰਘੀਆਂ ਨੀਹਾਂ ਵਿਚ ਕਿੰਨੇ ਲੋਕਾਂ ਨੇ ਆਪਣੇ ਪ੍ਰਾਣ ਪਾਏ, ਲਹੂ ਡੋਲਿਆ ਅਤੇ ਹੱਡੀਆਂ ਚੁਣੀਆਂ, ਕੌਣ ਜਾਣਦਾ ਹੈ। ਇਤਿਹਾਸ ਵਿਚ ਉਨ੍ਹਾਂ ਲੋਕਾਂ ਦਾ ਹੀ ਜ਼ਿਕਰ ਹੈ, ਜੋ ਕਿਸੇ ਉਧਾਰ ਲੇਖਕ ਦੇ ਧਿਆਨ ਵਿਚ ਆ ਗਏ, ਨਹੀਂ ਤਾਂ ਕੌਣ ਪ੍ਰਵਾਹ ਕਰਦਾ ਹੈ ਉਨ੍ਹਾਂ ਪਰਵਾਨਿਆਂ ਦੀ, ਜਿਨ੍ਹਾਂ ਸੱਚੀ ਲਗਨ ਨਾਲ ਦੇਸ਼ ਦੇ ਲੇਖੇ ਆਪਾ ਕੁਰਬਾਨ ਕਰ ਦਿੱਤਾ। ਲਾਹੌਰ ਮੀਆਂ ਮੀਰ ਛਾਉਣੀ ਦੇ 23 ਨੰਬਰ ਰਸਾਲੇ ਦੇ ਇਸ ਤਰ੍ਹਾਂ ਦੇ ਬਹਾਦਰ ਫੌਜੀ ਯੋਧਿਆਂ ਦੀ ਵੀਰ ਗਾਥਾ (ਜਿਨ੍ਹਾਂ 'ਚੋਂ 12 ਸੂਰਬੀਰਾਂ ਨੂੰ ਅੰਗਰੇਜ਼ ਸਰਕਾਰ ਨੇ 3 ਸਤੰਬਰ 1915 ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦਿੱਤੀ ਸੀ) ਦਾ ਸੰਖੇਪ ਵੇਰਵਾ ਦੇਣ ਦਾ ਯਤਨ ਕੀਤਾ ਗਿਆ ਹੈ।

1912-13 ਵਿਚ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ, ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ, ਉਨ੍ਹਾਂ ਨੇ ਭਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਦੀ ਸਥਾਪਨਾ ਕੀਤੀ। ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗੈਰ ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ। ਜਿਸ ਦੀ ਪ੍ਰਾਪਤੀ ਲਈ ਭਾਰਤ ਦੇ ਆਮ ਲੋਕਾਂ ਅਤੇ ਫੌਜੀਆਂ ਦੀ ਮਦਦ ਨਾਲ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜ ਸੀ। ਗਦਰ ਲਹਿਰ ਦੇ ਸੰਗਰਾਮ ਵਿਚ ਫੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਜਿਹੜੇ ਫੌਜੀ ਇਸ ਲਹਿਰ ਵਿਚ ਸ਼ਾਮਲ ਹੋਏ ਉਨ੍ਹਾਂ ਵਿਚੋਂ ਸੈਂਕੜੇ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉਡਾਏ ਗਏ ਅਤੇ 70 ਨੂੰ ਫਾਂਸੀ ਦਿੱਤੀ ਗਈ। 190 ਤੋਂ ਵੱਧ ਫੌਜੀਆਂ ਨੂੰ ਉਮਰ ਕੈਦ, ਜਲਾਵਤਨੀ ਤੇ ਜਾਇਦਾਦ ਜਬਤੀ ਦੀ ਸਜਾ ਦਿੱਤੀ ਗਈ। ਕਈਆਂ ਨੂੰ ਫੌਜ ਵਿਚੋਂ ਕੱਢ ਦਿੱਤਾ ਗਿਆ।

ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ, ਜਿਸ ਵਿਚ ਅੰਗਰੇਜ਼ ਬੁਰੀ ਤਰ੍ਹਾਂ ਫਸ ਗਏ। ਗਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਲਈ ਇਹ ਮੌਕਾ ਢੁਕਵਾਂ ਜਾਣਿਆ। ਪਾਰਟੀ ਨੇ 5 ਅਗਸਤ, 1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗਦਰੀ ਵੱਖ-ਵੱਖ ਜ਼ਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਇਸੇ ਸਮੇਂ ਦੌਰਾਨ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਕਾਮਾਗਾਟਾਮਾਰੂ ਨਾਮੀ ਜਹਾਜ਼ ਰਾਹੀਂ ਕਨੇਡਾ ਪਹੁੰਚਣ ਵਾਲੇ ਭਾਰਤੀ ਮੁਸਾਫਿਰਾਂ ਨਾਲ਼ ਜੋ ਸਲੂਕ ਵੈਨਕੂਵਰ 'ਚ ਹੋਇਆ ਅਤੇ 29 ਸਤੰਬਰ 1914 ਨੂੰ ਜ਼ਹਾਜ਼ ਦੇ ਕਲਕੱਤੇ ਵਾਪਸ ਬਜਬਜ ਘਾਟ ਪੁੱਜਣ 'ਤੇ ਅੰਗਰੇਜ਼ੀ ਸਰਕਾਰ ਨੇ ਗੋਲੀਆਂ ਚਲਾ ਕੇ 19 ਮੁਸਾਫਿਰ ਮਾਰ ਦਿੱਤੇ, 96 ਗ੍ਰਿਫਤਾਰ ਕਰ ਲਏ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਭਾਰਤ ਦੀ ਅੰਗਰੇਜ਼ੀ ਸਰਕਾਰ ਨੂੰ ਏਜੰਸੀਆਂ ਰਾਹੀਂ ਗਦਰੀਆਂ ਦੀਆਂ ਸਰਗਰਮੀਆਂ ਦਾ ਪਤਾ ਲੱਗ ਚੁੱਕਾ ਸੀ। ਇਸ ਲਈ ਬਾਹਰੋਂ ਆ ਰਹੇ ਗਦਰੀਆਂ ਨੂੰ ਫੜਨ ਲਈ 'ਇਗਰਨੈਸ ਆਰਡੀਨੈਂਸ' ਜਾਰੀ ਕਰਾ ਲਿਆ। ਵੱਖ-ਵੱਖ ਸਮੁੰਦਰੀ ਜਹਾਜ਼ਾਂ ਰਾਹੀ ਭਾਰਤ ਪੁੱਜਣ ਵਾਲਿਆਂ ਗਦਰੀਆਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਸਰਦਾਰ ਕਰਤਾਰ ਸਿੰਘ ਸਰਾਭਾ, ਬਾਬਾ ਵਸਾਖਾ ਸਿੰਘ ਦਦੇਹਰ ਸਾਹਿਬ, ਬਾਬਾ ਕੇਸਰ ਸਿੰਘ ਠੱਠਗੜ੍ਹ, ਕਰਤਾਰ ਸਿੰਘ ਸਰਾਭਾ, ਕੇਹਰ ਸਿੰਘ ਮਰਹਾਣਾ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਗੁੱਜਰ ਸਿੰਘ, ਬਾਬਾ ਜਿੰਦਰ ਸਿੰਘ ਚੌਧਰੀਵਾਲਾ ਆਦਿ ਸੈਂਕੜੇ ਇਨਕਲਾਬੀ ਸ਼ਾਮਲ ਸਨ। ਬਹੁਤ ਸਾਰੇ ਇਨਕਲਾਬੀਆਂ ਨੂੰ ਜਹਾਜ਼ਾਂ ਤੋਂ ਉਤਰਦਿਆਂ ਹੀ ਗ੍ਰਿਫਤਾਰ ਕਰਕੇ ਜੇਲ੍ਹਾਂ ਜਾਂ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ। ਬਾਕੀ ਬਚੇ ਗਦਰੀ ਯੋਧਿਆਂ ਨੇ ਲਹਿਰ ਨੂੰ ਜਥੇਬੰਦ ਕਰਕੇ ਵੱਖ-ਵੱਖ ਥਾਂਵਾਂ 'ਤੇ ਗਦਰ ਅੱਡੇ ਸਥਾਪਿਤ ਕੀਤੇ। ਪੰਜਾਬ ਦੇ ਮਾਝਾ ਖੇਤਰ ਵਿਚ ਦਦੇਹਰ ਸਾਹਿਬ, ਝਾੜ ਸਾਹਿਬ, ਸਰਹਾਲੀ, ਸੁਰਸਿੰਘ ਪ੍ਰਮੁੱਖ ਗਦਰੀ ਅੱਡੇ ਸਨ।

ਇਸ ਸਮੇਂ ਦੌਰਾਨ ਲਾਹੌਰ ਦੀ ਮੀਆਂਮੀਰ ਛਾਉਣੀ ਵਿਚਲੀ ਰੈਜ਼ੀਮੈਂਟ ਦੇ 23ਵੇਂ ਰਸਾਲੇ, ਜਿਸ ਵਿਚ ਬਹੁਗਿਣਤੀ ਮਾਝੇ ਦੇ ਫੌਜੀ ਸਵਾਰਾਂ ਦੀ ਸੀ, ਦਾ ਸੰਪਰਕ ਗਦਰ ਪਾਰਟੀ ਨਾਲ ਬਣ ਗਿਆ। ਨਵੰਬਰ 1914 ਦੇ ਸ਼ੁਰੂ ਵਿਚ ਇਸ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਕੁੱਝ ਦਿਨ ਦੀ ਛੁੱਟੀ ਕੱਟ ਕੇ ਵਾਪਸ ਗਿਆ, ਤਾਂ ਉਸਨੇ ਸਾਥੀਆਂ ਲਾਂਸ ਦਫੇਦਾਰ ਲਛਮਣ ਸਿੰਘ ਚੂਸਲੇਵੜ (ਟਰੁਪ-7), ਸਵਾਰ ਮਹਾਰਾਜ ਸਿੰਘ ਕਸੇਲ, ਇੰਦਰ ਸਿੰਘ ਅਤੇ ਸੁਰੈਣ ਸਿੰਘ ਨੂੰ ਦੱਸਿਆ ਕਿ ਅਮਰੀਕਾ ਤੋਂ ਵਾਪਸ ਆਏ ਗਦਰੀ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਤੇ ਸੁੰਦਰ ਸਿੰਘ ਚੋਹਲਾ ਸਾਹਿਬ ਉਸ ਨੂੰ ਮਿਲੇ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਗਦਰੀ ਇਨਕਲਾਬੀਆਂ ਦੀਆਂ ਗਦਰੀ ਯੋਜਨਾਵਾਂ ਦੱਸਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੀ ਇੱਕ ਯੋਜਨਾ ਹੈ ਕਿ ਸਭ ਤੋਂ ਪਹਿਲਾਂ ਲਾਹੌਰ ਕਿਲ੍ਹੇ 'ਤੇ ਕਬਜ਼ਾ ਕੀਤਾ ਜਾਵੇ। ਇਸ ਮਿਸ਼ਨ ਲਈ ਸੈਂਕੜੇ ਗਦਰੀ 15 ਨਵੰਬਰ ਨੂੰ ਲਾਹੌਰ ਰੱਖ ਵਿਚ ਇਕੱਠੇ ਹੋਣਗੇ ਤੇ ਇਸ ਕੰਮ ਲਈ ਉਹ ਸਿੱਖ ਰੈਜ਼ੀਮੈਂਟ ਦੀ ਮਦਦ ਚਾਹੁੰਦੇ ਹਨ। ਇਹ ਸੁਣਕੇ ਲਾਂਸ ਦਫੇਦਾਰ ਲ਼ਛਮਣ ਸਿੰਘ ਚੂਸਲੇਵੜ ਤੇ ਸਾਥੀ ਸਹਿਮਤ ਹੋ ਗਏ। ਉਸੇ ਸ਼ਾਮ ਲਛਮਣ ਸਿੰਘ ਨੇ ਆਪਣੇ ਕੁਆਟਰ ਤੇ ਸਾਥੀਆਂ ਨਾਲ ਮੀਟਿੰਗ ਕਰਕੇ ਟਰੂਪ-1 ਦੇ ਦਫੇਦਾਰ ਗੰਢਾ ਸਿੰਘ ਨਾਲ ਗੱਲ ਕਰਨ ਦਾ ਫੈਸਲਾ ਕੀਤਾ।

ਦੋ ਦਿਨ ਬਾਅਦ ਦੁਪਹਿਰੇ 2:30 ਵਜੇ ਛਾਉਣੀ ਕਬਰਸਤਾਨ 'ਚ ਦੇਸ਼ ਭਗਤ ਫੌਜੀਆਂ ਦੀ ਇਕੱਤਰਤਾ ਹੋਈ, ਜਿਸ ਵਿਚ ਟਰੂਪ-1 ਦੇ ਲਾਂਸ ਦਫੇਦਾਰ ਗੰਢਾ ਸਿੰਘ, ਸਵਾਰ ਲਛਮਣ ਸਿੰਘ ਸ਼ਾਬਾਜਪੁਰ ਨੰਦ ਸਿੰਘ ਬੁਰਜ ਰਾਏ ਕੇ ਵੀ ਸ਼ਾਮਲ ਹੋਏ। ਫੈਸਲਾ ਹੋਇਆ ਕਿ ਗੰਢਾ ਸਿੰਘ ਜੋ ਦੋ ਦਿਨ ਦੀ ਛੁੱਟੀ ਜਾ ਰਿਹਾ ਹੈ, ਗਦਰੀਆਂ ਨਾਲ ਸੰਪਰਕ ਕਰਕੇ ਆਪਸੀ ਮਿਲਵਰਤਣ ਸੰਬੰਧੀ ਗੱਲਬਾਤ ਕਰਕੇ ਆਵੇਗਾ।

ਗੰਢਾ ਸਿੰਘ ਦਫੇਦਾਰ ਦੀ ਵਾਪਸੀ ਤੋਂ ਕੁੱਝ ਦਿਨਾਂ ਬਾਅਦ ਦੁਪਹਿਰੇ ਇੱਕ ਵਜੇ ਕਬਰਸਤਾਨ ਵਿਚ ਇਨ੍ਹਾਂ ਫੌਜੀਆਂ ਨੇ ਦੁਬਾਰਾ ਮੀਟਿੰਗ ਕੀਤੀ, ਜਿਸ ਵਿਚ ਕੇਸਰ ਸਿੰਘ ਅਤੇ ਇੰਦਰ ਸਿੰਘ ਸ਼ਾਬਾਜਪੁਰ ਵੀ ਸ਼ਾਮਲ ਹੋਏ। ਲਾਂਸ ਦਫੇਦਾਰ ਗੰਢਾ ਸਿੰਘ ਨੇ ਦੱਸਿਆ ਕਿ ਸਾਡੇ ਨਾਲ ਸੰਪਰਕ ਕਰਨ ਲਈ ਛੇਤੀ ਹੀ ਗਦਰ ਪਾਰਟੀ ਦਾ ਏਜੰਟ ਛਾਉਣੀ ਆਵੇਗਾ ਤੇ ਰਣਨੀਤੀ ਬਾਰੇ ਦੱਸੇਗਾ। ਦੋ ਦਿਨ ਬਾਅਦ ਸੁੱਚਾ ਸਿੰਘ ਚੋਹਲਾ ਸਾਹਿਬ ਦੁਬਾਰਾ ਛੁੱਟੀ 'ਤੇ ਗਿਆ ਤੇ ਖਬਰ ਲਿਆਇਆ ਕਿ ਲਾਹੌਰ 'ਤੇ ਹਮਲੇ ਦੀ ਤਾਰੀਕ ਹੁਣ 15 ਦੀ ਥਾਂ 17 ਨਵੰਬਰ ਕਰ ਦਿੱਤੀ ਗਈ ਹੈ। ਛੇਤੀ ਹੀ ਗਦਰੀ ਪ੍ਰੇਮ ਸਿੰਘ ਸੁਰਸਿੰਘ ਛਾਉਣੀ ਆਇਆ ਤੇ ਲਛਮਣ ਸਿੰਘ ਚੂਸਲੇਵੜ ਦੇ ਕੁਆਟਰ 'ਚ ਫੌਜੀਆਂ ਦੀ ਮੀਟਿੰਗ ਹੋਈ। ਪ੍ਰੇਮ ਸਿੰਘ ਨੇ ਦੱਸਿਆ ਕਿ 23 ਨਵੰਬਰ ਦੀ ਰਾਤ ਬਾਹਰੋਂ ਆਏ ਬਹੁਤ ਸਾਰੇ ਗਦਰੀ ਝਾੜ ਸਾਹਿਬ ਨੇੜੇ ਸ਼ਾਬਾਜਪੁਰ ਇਕੱਠੇ ਹੋਣਗੇ ਅਤੇ ਦੋ ਪਾਰਟੀਆਂ ਬਣਾ ਕੇ ਲਾਹੌਰ ਤੇ ਤਰਨਤਾਰਨ ਹਮਲਾ ਕਰਨਗੇ। ਲਾਂਸ ਦਫੇਦਾਰ ਗੰਢਾ ਸਿੰਘ ਨੇ ਢੋਟੀਆਂ ਦੇ ਅਬਦੁੱਲਾ ਨਾਹਲਬੰਦ, ਬੁੱਧ ਸਿੰਘ, ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ, ਪਿੰਡ ਰੂੜੀਵਾਲਾ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਤੇ ਦਫੇਦਾਰ ਵਧਾਵਾ

ਸਿੰਘ ਆਦਿ ਨੂੰ ਵੀ ਗਦਰ ਸੰਬੰਧੀ ਸਹਿਮਤ ਕਰ ਲਿਆ।

13-14 ਨਵੰਬਰ ਨੂੰ ਪ੍ਰੇਮ ਸਿੰਘ ਦੂਜੀ ਵਾਰ ਦੋ ਸਾਥੀਆਂ ਨਾਲ ਲਾਹੌਰ ਛਾਉਣੀ ਆਇਆ ਅਤੇ 23 ਰਸਾਲੇ ਦੇ ਗਦਰੀ ਫੌਜੀਆਂ ਨੂੰ ਆਪਣੇ ਨਾਲ ਹੋਰ ਸਾਥੀਆਂ ਨੂੰ ਜੋੜਨ ਲਈ ਕਿਹਾ। 23 ਨਵੰਬਰ ਨੂੰ ਦੁਪਹਿਰ ਵੇਲੇ ਸੁੱਚਾ ਸਿੰਘ ਚੋਹਲਾ ਸਾਹਿਬ ਪਿੰਡੋਂ ਛੁੱਟੀ ਕੱਟਕੇ ਵਾਪਸ ਛਾਉਣੀ ਆਇਆ, ਤਾਂ ਉਸ ਨੇ ਦੱਸਿਆ ਕਿ ਝਾੜ ਸਹਿਬ ਵਿਖੇ ਇਕੱਠ ਹੋਣ ਤੇ ਹਮਲੇ ਦੀ ਮਿਤੀ ਬਦਲ ਕੇ 27 ਨਵੰਬਰ ਹੋ ਗਈ ਹੈ। 27 ਨਵੰਬਰ 1914 ਨੂੰ ਰਾਤ 10 ਵਜੇ ਲਾਂਸ ਦਫੇਦਾਰ ਗੰਡਾ ਸਿੰਘ ਦੇ ਕੁਵਾਟਰ ਵਿਖੇ ਇਨਕਲਾਬੀ ਫੌਜੀ ਇਕੱਠੇ ਹੋਏ ਅਤੇ ਝਾੜ ਸਾਹਿਬ ਨੂੰ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਸ. ਗੰਢਾ ਸਿੰਘ ਛਾਉਣੀ ਖਜ਼ਾਨੇ ਦਾ 600 ਰੁਪਏ ਕੈਸ਼ ਵੀ ਕੱਢ ਲਿਆਇਆ ਤੇ ਬੁੱਧ ਸਿੰਘ ਢੋਟੀਆ ਰਾਇਫਲ ਰੈਕ ਦੀਆਂ ਚਾਬੀਆਂ। ਅਚਾਨਕ ਮੂਲ ਸਿੰਘ ਗ੍ਰੰਥੀ ਨੇ ਆ ਕੇ ਫੌਜੀ ਸਵਾਰਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ, "ਗਦਰ ਦੀ ਕਾਮਯਾਬੀ ਦੀ ਆਸ ਤਾਂ ਕੋਈ ਵੀ ਨਹੀ, ਐਵੇਂ ਬਦੋ-ਬਦੀ ਖਤਰਾ ਮੁੱਲ ਕਿਉਂ ਲੈਂਦੇ ਹੋ"। ਪਰ ਫਿਰ ਵੀ ਸੁੱਚਾ ਸਿੰਘ, ਸੁਰੈਣ ਸਿੰਘ, ਮਹਿਰਾਜ਼ ਸਿੰਘ ਅਤੇ ਚੰਨਣ ਸਿੰਘ ਉਸਦੀ ਦੀ ਗੱਲ ਨੂੰ ਅਣਸੁਣੀ ਕਰਕੇ ਫੌਜੀ ਛਾਉਣੀ ਛੱਡ ਕੇ




ਨਿਕਲ ਗਏ। ਉਨ੍ਹਾਂ ਨੇ ਸਰਹਾਲੀ ,

ਦਦੇਹਰ, ਤਰਨ ਤਾਰਨ ਆਦਿ ਗਦਰੀ ਕੇਂਦਰਾਂ 'ਤੇ ਗਦਰੀਆਂ ਦੀ ਤਲਾਸ਼ ਕੀਤੀ ਅਤੇ ਅੰਤ ਉਹ ਝਾੜ ਸਾਹਿਬ ਪੁੱਜ ਗਏ, ਜਿੱਥੋਂ ਚੰਨਣ ਸਿੰਘ ਅਗਲੀ ਸਵੇਰ ਵਾਪਸ ਲਾਹੌਰ ਆ ਕੇ ਰਸਾਲੇ ਵਿਚ ਹਾਜ਼ਰ ਹੋ ਗਿਆ। ਬਾਕੀ ਤਿੰਨਾਂ ਨੂੰ ਇੱਕ ਦਸੰਬਰ ਨੂੰ ਗਸ਼ਤ ਕਰਦੀ ਪੁਲਿਸ ਨੇ ਫੜ ਕੇ ਫੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਅਤੇ ਪੁੱਛਗਿੱਛ ਕੀਤੀ ਪਰ ਉਨ੍ਹਾਂ ਨੇ ਕੁੱਝ ਵੀ ਨਹੀਂ ਦੱਸਿਆ। ਚੱਲ ਰਹੀ ਵਿਸ਼ਵ ਜੰਗ ਦੇ ਕਾਰਨ ਉਨ੍ਹਾਂ ਨੂੰ ਗੈਰਹਾਜ਼ਰੀ ਦੀ 2-2 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। 27 ਨਵੰਬਰ ਦੇ ਲਾਹੌਰ ਹਮਲੇ ਵਿਚ ਵੀ ਇਨ੍ਹਾਂ ਫੌਜੀਆਂ ਨੇ ਵੱਡੀ ਭੂਮਿਕਾ ਨਿਭਾਉਣੀ ਸੀ, ਜੇਕਰ ਇਹ ਗੱਦਾਰਾਂ ਕਾਰਨ ਫੇਲ ਨਾ ਹੁੰਦਾ।

ਦਸੰਬਰ 1914 ਤੋਂ ਲੈ ਕੇ ਅਪ੍ਰੈਲ 1915 ਤੱਕ 23ਵੇਂ ਰਸਾਲੇ ਦੇ ਇਹ ਫੌਜ਼ੀ ਗਦਰ ਸੰਬੰਧੀ ਸਲਾਹਾਂ ਕਰਦੇ ਰਹੇ ਅਤੇ ਢੁਕਵੇਂ ਮੌਕੇ ਦੀ ਭਾਲ ਕਰਦੇ ਰਹੇ। ਉਨ੍ਹਾਂ ਦਾ ਸੰਪਰਕ ਗਦਰੀ ਲੀਡਰਸ਼ਿਪ ਨਾਲ ਬਣਿਆ ਰਿਹਾ ਤੇ ਸ. ਪ੍ਰੇਮ ਸਿੰਘ ਸੁਰਸਿੰਘ ਨੇ ਵੱਖ-ਵੱਖ ਸਮਿਆਂ 'ਤੇ ਚਾਰ ਵਾਰ ਛਾਉਣੀ ਆ ਕੇ ਇਨ੍ਹਾਂ ਬਹਾਦਰਾਂ ਨਾਲ ਮੀਟਿੰਗਾਂ ਕੀਤੀਆਂ। 1-2 ਦਸੰਬਰ ਦੀ ਰਾਤ ਨੂੰ ਸ. ਬੁੱਧ ਸਿੰਘ ਤੇ ਅਬਦੁੱਲਾ ਢੋਟੀਆਂ ਨੇ ਭਗਤ ਸਿੰਘ ਤੇ ਤਾਰਾ ਸਿੰਘ ਰੂੜੀਵਾਲਾ ਨਾਲ ਮਿਲਕੇ ਟੈਲ਼ੀਗ੍ਰਾਮ ਤਾਰਾਂ ਨੂੰ ਕੱਟ ਕੇ ਲਾਹੌਰ ਛਾਉਣੀ ਤੇ ਕੋਟ ਲੱਖਪਤ ਦਰਮਿਆਨ ਸੰਚਾਰ ਪ੍ਰਬੰਧ ਨੂੰ ਰੋਕ ਦਿੱਤਾ। ਉਨ੍ਹਾਂ ਨੇ ਗਦਰੀ ਹੀਰਾ ਸਿੰਘ ਚਰੜ ਦੀ ਮਦਦ

ਨਾਲ ਦੇਸੀ ਬੰਬ ਵੀ ਬਣਾਉਣੇ ਸਿੱਖ ਲਏ ਸਨ। ਗਦਰੀਆਂ ਦੁਆਰਾ 21 ਫਰਵਰੀ ਨੂੰ ਵੱਖ-ਵੱਖ ਛਾਉਣੀਆਂ ਦੇ ਭਾਰਤੀ ਫੌਜੀਆਂ ਨਾਲ ਰਲਕੇ ਕੀਤੇ ਜਾਣ ਵਾਲੇ ਗਦਰ ਵਿਚ ਸਰਗਰਮ ਹਿੱਸਾ ਲੈਣ ਦੀ ਇਸ ਰੈਜੀਮੈਂਟ ਦੇ ਜਵਾਨਾਂ ਦੀ ਪੂਰੀ ਤਿਆਰੀ ਸੀ। ਪਰ ਸਰਕਾਰ ਨੂੰ ਗਦਰ ਦੀ ਮਿਤੀ ਦੀ ਪਹਿਲਾਂ ਹੀ ਸੂਹ ਮਿਲਣ ਕਾਰਨ ਅਚਾਨਕ 19 ਫਰਵਰੀ ਸ਼ਾਮੀ 7 ਵਜੇ ਸਾਰੀ ਰੈਜੀਮੈਂਟ ਨੂੰ ਫਾਲਨ ਕਰ ਲਿਆ ਗਿਆ।

ਇਸ ਪਿੱਛੋਂ ਵੀ ਪ੍ਰੇਮ ਸਿੰਘ ਇਨ੍ਹਾਂ ਕੋਲ ਆ ਕੇ ਮੀਟਿੰਗਾਂ ਕਰਕੇ ਗੱਦਾਰਾਂ ਤੇ ਅੰਗਰੇਜ਼ ਅਫਸਰਾਂ ਨੂੰ ਮਾਰਨ ਦੀਆਂ ਯੋਜਨਾਵਾਂ ਬਣਾਉਂਦੇ ਰਹੇ। ਉਨ੍ਹਾਂ ਵੱਲੋਂ 19 ਫਰਵਰੀ ਦੇ ਗਦਰ ਨੂੰ ਫੇਲ ਕਰਨ ਵਾਲੇ ਦੋਸ਼ੀ ਗੱਦਾਰ ਕਿਰਪਾਲ ਸਿੰਘ ਤੇ ਬੇਲਾ ਸਿੰਘ ਜੈਲਦਾਰ ਨੂੰ ਮਾਰਨ ਦੀ ਕੋਸ਼ਿਸ ਕੀਤੀ। ਰੈਜੀਮੈਂਟ ਦੇ ਅੰਗਰੇਜ਼ੀ ਅਫਸਰਾਂ ਨੂੰ ਬੰਬ ਨਾਲ ਉਡਾਉਣ ਦੀ ਸਕੀਮ ਬਣਾਈ, ਪਰ ਉਹ ਕਾਮਯਾਬ ਨਾ ਹੋ ਸਕੇ।

ਵਿਸ਼ਵ ਯੁੱਧ ਚੱਲਦਾ ਹੋਣ ਕਾਰਨ ਸਰਕਾਰ ਨੇ ਅਪ੍ਰੈਲ ਮਹੀਨੇ ਦੇ ਅਖੀਰ ਵਿਚ 23ਵੇਂ ਰਸਾਲੇ ਦੇ ਜਵਾਨਾਂ ਨੂੰ ਵੀ ਬਸਰੇ ਜੰਗ ਦੇ ਮੋਰਚੇ ਵਿਚ ਭੇਜ ਦਿੱਤਾ। ਡੀਪੂ ਵਿਚ ਪਿੱਛੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ, ਵਸਾਵਾ ਸਿੰਘ ਅਤੇ ਅਬਦੁੱਲਾ ਨਾਹਲਬੰਦ ਹੀ ਰਹਿ ਗਏ। ਉਨ੍ਹਾਂ ਦੇ ਰੈਜੀਮੈਂਟ ਡੀਪੂ ਨੂੰ ਵੀ ਨੌਗਾਉਂ, ਯੂ.ਪੀ. ਛਾਉਣੀ ਬਦਲ ਦਿੱਤਾ, ਜੋ ਹਰਪਾਲਪੁਰ ਦੇ ਰੇਲਵੇ ਸਟੇਸ਼ਨ ਤੋਂ ਕੁੱਝ ਦੂਰ ਸੀ। 13 ਮਈ, 1915 ਨੂੰ ਜਿਸ ਵੇਲੇ ਹਰਪਾਲਪੁਰ ਸਟੇਸ਼ਨ 'ਤੇ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰ ਕੇ ਲਾਰੀਆਂ 'ਚ ਰੱਖਿਆ ਜਾ ਰਿਹਾ ਸੀ, ਤਾਂ ਪੂਰਨ ਸਿੰਘ ਦੀ ਪੇਟੀ ਹੇਠਾਂ ਡਿੱਗ ਪਈ ਤੇ ਉਸ ਵਿਚਲਾ ਦੇਸੀ ਬੰਬ ਫਟ ਗਿਆ, ਜਿਸ ਨਾਲ ਪੰਜ ਜਣੇ ਜ਼ਖਮੀ ਹੋ ਗਏ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਮਾਨ ਦੀ ਤਲਾਸ਼ੀ ਲਈ, ਤਾਂ ਪੂਰਨ ਸਿੰਘ ਦੇ ਦੂਸਰੇ ਬਕਸੇ 'ਚੋਂ ਇੱਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁੱਛਗਿੱਛ ਕੀਤੀ। ਦੋਹਾਂ ਨੇ ਆਪਣਾ ਆਪ ਬਚਾਉਣ ਲਈ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਤੇ ਝਾੜ ਸਹਿਬ ਤੋਂ ਫੜੇ ਤਿੰਨਾਂ ਸਵਾਰਾਂ ਬਾਰੇ ਭੇਤ ਖੋਲ੍ਹ ਦਿੱਤਾ।

ਪੂਰਨ ਸਿੰਘ ਕ੍ਰਿਪਾਲ ਸਿੰਘ ਗਦਾਰ ਦਾ ਰਿਸ਼ਤੇਦਾਰ ਸੀ। ਪੂਰਨ ਸਿੰਘ ਅਤੇ ਵਸਾਵਾ ਸਿੰਘ ਨੇ ਵਾਅਦਾ ਮੁਆਫ ਬਣ ਕੇ ਕਈ ਹੋਰ ਸਵਾਰਾਂ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਅਤੇ ਬਸਰੇ ਜਾ ਚੁੱਕੇ ਫੌਜ਼ੀਆਂ ਦੇ ਨਾਮ ਵੀ ਦੱਸ ਦਿੱਤੇ। ਸਰਕਾਰ ਵੱਲੋਂ ਬਸਰੇ ਦੇ ਫੌਜੀ ਕਮਾਂਡਰ ਨੂੰ ਉਨ੍ਹਾਂ ਦੇ ਨਾਂ ਅਤੇ ਨੰਬਰ ਲਿੱਖ ਕੇ ਭੇਜ ਦਿੱਤੇ ਗਏ। ਕਮਾਂਡਰ ਨੇ ਨਾਸਰੀ ਸ਼ਹਿਰ ਵਿਚ ਸਾਰੀ ਰੈਜੀਮੈਂਟ ਦੀ ਬਿਨ੍ਹਾਂ ਹਥਿਆਰਾਂ ਤੋਂ ਪਰੇਡ ਕਰਵਾ ਕੇ 19 ਫੌਜੀਆਂ ਨੂੰ ਵੱਖ ਕੱਢ ਲਿਆ, ਜਿਨ੍ਹਾਂ ਦੇ ਨਾਮ ਆਏ ਸਨ। ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਇਨ੍ਹਾਂ ਨੂੰ ਜਹਾਜ਼ ਵਿਚ ਚੜ੍ਹਾ ਦਿੱਤਾ ਗਿਆ। ਬੰਬਈ ਤੋਂ ਇਨ੍ਹਾਂ ਨੂੰ ਡੱਗਸ਼ਈ ਛਾਉਣੀ, ਜ਼ਿਲ੍ਹਾ ਸ਼ਿਮਲਾ, ਹਿਮਾਚਲ ਪ੍ਰਦੇਸ਼ ਪਹੁੰਚਾ ਦਿੱਤਾ। 11 ਅਗਸਤ, 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡੱਗਸ਼ਈ ਪਹੁੰਚਾਏ ਗਏ। 15 ਅਗਸਤ 1915 ਨੂੰ ਇਨ੍ਹਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਅਗਸਤ, 1915 ਨੂੰ ਫੈਸਲਾ ਸੁਣਾ ਕੇ ਇਨ੍ਹਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਪਿੱਛੋਂ ਇਨ੍ਹਾਂ ਵਿਚੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਕਰ ਦਿੱਤੀ ਗਈ। 30 ਅਗਸਤ, 1915 ਨੂੰ ਫਾਂਸੀ ਵਾਲੇ 12 ਫੌਜੀਆਂ ਨੂੰ ਅੰਬਾਲਾ ਜੇਲ੍ਹ ਲਿਆਂਦਾ ਗਿਆ, ਜਿੱਥੇ 3 ਸਤੰਬਰ, 1915 ਨੂੰ ਉਨ੍ਹਾਂ ਸਾਰਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ :-

1. ਦਫੇਦਾਰ ਲਛਮਣ ਸਿੰਘ ਪੁੱਤਰ ਸ. ਕੱਥਾ ਸਿੰਘ ਮਾਤਾ ਈਸ਼ਰ ਕੌਰ, ਚੂਸਲੇਵੜ, ਤਰਨ ਤਾਰਨ
2. ਸਵਾਰ ਬੂਟਾ ਸਿੰਘ ਪੁੱਤਰ ਸ. ਚੈਂਚਲ ਸਿੰਘ ਕਸੇਲ, ਅੰਮ੍ਰਿਤਸਰ
3. ਸ. ਬੁੱਧ ਸਿੰਘ ਪੁੱਤਰ ਸ. ਹੀਰਾ ਸਿੰਘ ਮਾਤਾ ਜੀਵਨ ਕੌਰ, ਢੋਟੀਆਂ, ਤਰਨ ਤਾਰਨ
4. ਅਬਦੁੱਲਾ ਨਾਹਲਬੰਦ ਪੁੱਤਰ ਅਲਾਦੀਨ ਢੋਟੀਆਂ, ਤਰਨ ਤਾਰਨ
5. ਸ.ਭਾਗ ਸਿੰਘ ਪੁੱਤਰ ਸ. ਬੂੜ ਸਿੰਘ ਮਾਤਾ ਗੁਲਾਬ ਕੌਰ, ਰੂੜੀਵਾਲ, ਤਰਨ ਤਾਰਨ
6. ਸ. ਮੋਤਾ ਸਿੰਘ ਪੁੱਤਰ ਸ. ਈਸ਼ਰ ਸਿੰਘ ਮਾਤਾ ਹੁਕਮ ਕੌਰ, ਰੂੜੀਵਾਲ, ਰਨ ਤਾਰਨ
7. ਸ. ਤਾਰਾ ਸਿੰਘ ਪੁੱਤਰ ਸ. ਸ਼ਾਮ ਸਿੰਘ ਮਾਤਾ ਭੋਲੀ, ਰੂੜੀਵਾਲ, ਤਰਨ ਤਾਰਨ
8. ਦਫੇਦਾਰ ਵਧਾਵਾ ਸਿੰਘ ਪੁੱਤਰ ਸ. ਸੁਰੈਣ ਸਿੰਘ ਮਾਤਾ ਘਈ ਕੌਰ, ਰੂੜੀਵਾਲ, ਤਰਨ ਤਾਰਨ
9. ਸ. ਇੰਦਰ ਸਿੰਘ ਪੁੱਤਰ ਸ. ਜਵੰਦ ਸਿੰਘ ਮਾਤਾ ਖੇਮੀ ਕੌਰ, ਜੀਉਬਾਲਾ, ਤਰਨ ਤਾਰਨ
10. ਸ. ਇੰਦਰ ਸਿੰਘ ਪੁੱਤਰ ਸ. ਭਗਤ ਸਿੰਘ ਮਾਤਾ ਭਾਗਣ ਕੌਰ, ਸ਼ਾਹਬਾਹਪੁਰ ਤਰਨ ਤਾਰਨ
11. ਸ. ਗੁੱਜਰ ਸਿੰਘ ਪੁੱਤਰ ਨਿਹਾਲ ਸਿੰਘ ਮਾਤਾ ਰਤਨ ਕੌਰ, ਲੌਹਕਾ, ਤਰਨ ਤਾਰਨ
12. ਸ. ਜੇਠਾ ਸਿੰਘ ਪੁੱਤਰ ਸ. ਬਹਾਦਰ ਸਿੰਘ ਮਾਤਾ ਪ੍ਰੇਮ ਕੌਰ, ਲੌਹਕਾ, ਤਰਨ ਤਾਰਨ

### ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫੌਜ਼ੀਆਂ ਦਾ ਵੇਰਵਾ

1. ਬਿਸ਼ਨ ਸਿੰਘ ਪੁੱਤਰ ਸ. ਜੀਊਣ ਸਿੰਘ ਢੋਟੀਆਂ, ਤਰਨ ਤਾਰਨ
2. ਬਿਸ਼ਨ ਸਿੰਘ ਪੁੱਤਰ ਸ. ਰਾਮ ਸਿੰਘ ਢੋਟੀਆਂ, ਤਰਨ ਤਾਰਨ
3. ਨੱਥਾ ਸਿੰਘ ਪੁੱਤਰ ਸ. ਸਦਾ ਸਿੰਘ ਢੋਟੀਆਂ, ਤਰਨ ਤਾਰਨ
4. ਕਿਹਰ ਸਿੰਘ ਪੁੱਤਰ ਸ. ਕਾਹਨ ਸਿੰਘ ਢੋਟੀਆਂ, ਤਰਨ ਤਾਰਨ
5. ਨੰਦ ਸਿੰਘ ਪੁੱਤਰ ਸ. ਪੰਜਾਬ ਸਿੰਘ ਰਾਏ ਕਾ ਬੁਰਜ਼, ਤਰਨ ਤਾਰਨ
6. ਚੰਨਣ ਸਿੰਘ ਪੁੱਤਰ ਨੱਥਾ ਸਿੰਘ ਢੰਡ ਕਸੇਲ, ਅੰਮ੍ਰਿਤਸਰ

### ਝਾੜ ਸਾਹਿਬ ਤੋਂ ਗ੍ਰਿਫਤਾਰ ਕੀਤੇ ਫੌਜ਼ੀ ਜਿਨ੍ਹਾਂ ਨੂੰ ਉਮਰ ਕੈਦ ਜਲਾਵਤਨੀ ਦੀ ਸਜ਼ਾ ਹੋਈ ਦਾ ਵੇਰਵਾ:-

1. ਭਾਈ ਮਹਿਰਾਜ ਸਿੰਘ ਪੁੱਤਰ ਨਿਹਾਲ ਸਿੰਘ, ਕਸੇਲ, ਅੰਮ੍ਰਿਤਸਰ
2. ਭਾਈ ਸੁੱਚਾ ਸਿੰਘ ਪੁੱਤਰ ਗੁਰਦਿੱਤ ਸਿੰਘ ਚੋਹਲਾ ਸਾਹਿਬ, ਤਰਨ ਤਾਰਨ

3 ਸਤੰਬਰ, 1915 ਨੂੰ ਫਾਂਸੀ ਲੱਗੇ ਫੌਜੀਆਂ ਵਿਚ ਦਫੇਦਾਰ ਸ. ਲਛਮਣ ਸਿੰਘ ਤੇ ਮੁਸਲਮਾਨ ਅਬਦੁੱਲਾ ਨਾਹਲਬੰਦ ਵੀ ਸੀ। ਦਫੇਦਾਰ ਲਛਮਣ ਸਿੰਘ ਦੂਰ ਦ੍ਰਿਸ਼ਟੀ ਵਾਲਾ ਸੀ। ਸਿਪਾਹੀਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਸੀ। ਸਚਿੰਦਰਨਾਥ ਸਨਿਹਾਲ ਉਸ ਬਾਰੇ ਲਿੱਖਦਾ ਹੈ, "ਲਛਮਣ ਸਿੰਘ ਨੇ ਰੈਜੀਮੈਂਟ ਵਿਚ ਇੱਕ ਇਨਕਲਾਬੀ ਗਰੁੱਪ ਬਣਾਇਆ ਹੋਇਆ ਸੀ, ਜਿਸ ਵਿਚ ਸਿੱਖ ਧਰਮ ਸੰਬੰਧੀ ਪੁਸਤਕਾਂ ਪੜ੍ਹੀਆਂ ਜਾਂਦੀਆਂ ਸਨ ਤੇ ਉਸ ਉੱਪਰ ਵਿਚਾਰ-ਚਰਚਾ ਹੁੰਦੀ ਰਹਿੰਦੀ ਸੀ। ਰੈਜੀਮੈਂਟ ਦੇ ਸਾਰੇ ਸਿਪਾਹੀ ਲਛਮਣ ਸਿੰਘ ਨੂੰ ਧਰਮਾਤਮਾ ਅਤੇ ਉੱਚਾ-ਸੁੱਚਾ ਸਮਝ ਕੇ ਸਤਿਕਾਰ ਕਰਦੇ ਸਨ।" ਫਾਂਸੀ ਦੇ ਹੁਕਮ ਉਪਰੰਤ ਉਸਦੇ ਸਾਥੀ ਅਬਦੁੱਲਾ ਨਾਹਲਬੰਧ ਨੂੰ ਜਾਨ ਬਖਸ਼ੀ ਲਈ ਲਾਲਚ ਦੇ ਕੇ ਹੋਰ ਭੇਤ ਕੱਢਣ ਵਿਚ ਅਧਿਕਾਰੀ ਸਫਲ ਨਾ ਹੋਏ, ਤਾਂ ਇੱਕ ਦਿਨ ਸ. ਲਛਮਣ ਸਿੰਘ ਨੇ ਉਸ ਨੂੰ ਕਿਹਾ, "ਮੌਲਵੀ ਜੀ, ਆਪਾਂ ਸਾਰਿਆਂ ਨੂੰ ਸ਼ਹੀਦ ਕੀਤਾ ਜਾਣਾ ਨਿਸ਼ਚਿਤ ਹੈ ਕਿਉਂ ਨਾ ਤੁਸੀਂ ਵਾਅਦਾ ਮੁਆਫ ਗਵਾਹ ਬਣ ਕੇ ਆਪਣੀ ਜਾਨ ਬਚਾ ਲਉ।" ਅਬਦੁੱਲਾ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਧੰਨਭਾਗ ਸਮਝਦਾ ਹਾਂ ਕਿ "8 ਕਰੋੜ ਮੁਸਲਮਾਨਾਂ ਵਿਚੋਂ ਮੈਂ ਇਕੱਲਾ ਹੀ ਹਾਂ ਤੇ ਕੁਝ ਲੱਖ ਸਿੱਖਾਂ ਵਿਚੋਂ ਤੁਸੀਂ 11 ਜਣੇ ਹੋ, ਜੋ ਦੇਸ਼ ਖਾਤਿਰ ਕੁਰਬਾਨ ਹੋਣ ਜਾ ਰਹੇ ਹੋ, ਅੱਲ੍ਹਾ ਦੀ ਰਹਿਮਤ ਨਾਲ ਮੈਂ ਤੁਹਾਨੂੰ ਸਾਰਿਆਂ ਨੂੰ ਛੱਡ ਕੇ ਆਪਣੀ ਜਾਨ ਬਚਾ ਕੇ ਕਲੰਕਿਤ ਨਹੀਂ ਹੋਣਾ ਚਾਹੁੰਦਾ।" ਉਸ ਨੇ ਮੌਤ ਦੇ ਤਖਤੇ ਉੱਪਰ ਜਾਣ ਵੇਲੇ ਜੇਲਰ ਨੂੰ ਕਿਹਾ ਕਿ, "ਸਾਡੇ ਮਰਨ ਤੋਂ ਬਾਅਦ ਸਾਨੂੰ 12 ਨੂੰ ਵੱਖ ਨਾ ਕੀਤਾ ਜਾਵੇ, ਚਾਹੇ ਸਸਕਾਰ ਕਰ ਦਿੱਤਾ ਜਾਵੇ ਜਾਂ ਦਫਨਾ ਦਿੱਤਾ ਜਾਵੇ।" 100 ਸਾਲ

ਬੀਤਣ ਬਾਅਦ ਵੀ ਅੱਜ ਵੀ 11 ਸਿੱਖਾਂ ਦੇ ਫੁੱਲ਼ ਅਤੇ ਅਬਦੁੱਲਾ ਜੀ ਦੀ ਦੇਹ ਅੰਬਾਲਾ ਜੇਲ੍ਹ ਦੇ ਇੱਕ ਕੋਨੇ ਵਿਚ ਦੱਬੇ ਪਏ ਹਨ।

3 ਸਤੰਬਰ ਦਾ ਦਿਨ ਸਾਨੂੰ ਇਨ੍ਹਾਂ ਮਹਾਨ ਸੂਰਬੀਰ ਫੌਜੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਿਰ ਨੌਕਰੀਆਂ, ਰੁਜ਼ਗਾਰ ਤੇ ਆਪਣੇ ਪਰਿਵਾਰਾਂ ਦੇ ਭਵਿੱਖ ਦੀ ਪ੍ਰਵਾਹ ਕੀਤੇ ਬਿਨ੍ਹਾਂ ਅੰਗਰੇਜ਼ ਹਕੂਮਤ ਦੇ ਖਾਤਮੇ ਲਈ ਸੰਘਰਸ਼ ਕਰਦਿਆਂ ਜਾਨਾਂ ਵਾਰ ਦਿੱਤੀਆਂ। ਸਾਡਾ ਸਿਰ ਇਨ੍ਹਾਂ ਕੌਮੀ ਸੂਰਬੀਰਾਂ ਦੀਆਂ ਕੁਰਬਾਨੀਆਂ ਅੱਗੇ ਆਪ ਮੁਹਾਰੇ ਝੁੱਕ ਜਾਂਦਾ ਹੈ। ਲੋੜ ਹੈ ਇਨ੍ਹਾਂ ਭੁੱਲੇ-ਵਿਸਰੇ ਸ਼ਹੀਦਾਂ ਦੀਆਂ ਉਚਿਤ ਯਾਦਗਾਰਾਂ ਬਣਾਈਆ ਜਾਣ ਤੇ ਇਨ੍ਹਾਂ ਦੇ ਇਤਿਹਾਸ ਨੂੰ ਵਿਦਿਅਕ ਪਾਠਕ੍ਰਮ 'ਚ ਦਰਜ ਕੀਤਾ ਜਾਵੇ ਤੇ ਇਨ੍ਹਾਂ ਦੇ ਸ਼ਹੀਦੀ ਦਿਨ 'ਤੇ ਰਾਜ ਪੱਧਰੀ ਸਮਾਗਮ ਕੀਤੇ ਜਾਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਡੇਰਿਆਂ ਨੂੰ ਯਾਦ ਰੱਖ ਸਕਣ।

# ਮਨੁੱਖੀ ਆਜ਼ਾਦੀ ਅਤੇ ਸਮਾਨਤਾ ਦਾ ਸੰਕਲਪ

## (ਅਬਰਾਹਮ ਲਿੰਕਨ ਦਾ ਗੈਟਿਸਬਰਗ ਸੰਬੋਧਨ)

ਪ੍ਰੋਫ਼ੈਸਰ ਬਸੰਤ ਸਿੰਘ ਬਰਾੜ
305 ਮਾਡਲ ਟਾਊਨ (ਫੇਜ਼-1)
ਬਠਿੰਡਾ-151001
ਫੋਨ : 09814941214
Email:singhbasant82@yahoo.in
(Punjab Mail USA)



ਆਜ਼ਾਦੀ, ਸਮਾਨਤਾ, ਭਾਈਚਾਰਾ, ਇਨਸਾਫ਼ ਅਤੇ ਸਨਮਾਨ ਹਰ ਇਨਸਾਨ ਦੇ ਬੁਨਿਆਦੀ ਹੱਕ ਮੰਨੇ ਜਾਂਦੇ ਹਨ, ਪਰ ਮੁੱਢ-ਕਦੀਮ ਤੋਂ ਹੁਣ ਤੱਕ ਤਾਕਤ ਅਤੇ ਦੌਲਤ ਦੇ ਲੋਭੀ ਜਰਵਾਣੇ ਮਨੁੱਖ ਅਤੇ ਕੌਮਾਂ ਧਰਮ, ਨਸਲ, ਰੰਗ ਆਦਿ ਦੇ ਨਾਂ 'ਤੇ ਬਲ, ਹਿੰਸਾ ਅਤੇ ਜ਼ੁਲਮ ਰਾਹੀਂ ਕਮਜ਼ੋਰਾਂ ਉੱਤੇ ਅਣਮਨੁੱਖੀ ਅੱਤਿਆਚਾਰ ਕਰਦੇ ਆਏ ਹਨ। ਸ਼ਾਂਤੀ ਅਤੇ ਇਨਸਾਫ਼ ਸਿਰਫ਼ ਇਕ ਆਦਰਸ਼ ਅਤੇ ਹਿੰਸਕ ਯੁੱਧ ਅਤੇ ਲੁੱਟ-ਘਸੁੱਟ ਮਨੁੱਖਤਾ ਦਾ ਚੰਦਰਾ ਇਤਿਹਾਸ ਰਹੇ ਹਨ। ਪ੍ਰੰਤੂ ਖੁਸ਼ਕਿਸਮਤੀ ਨਾਲ ਸਮੇਂ-ਸਮੇਂ 'ਤੇ ਹਰ ਦੇਸ਼ ਵਿਚ ਕੁਝ ਮਹਾਨ ਦੈਵੀ ਰੂਹਾਂ ਪ੍ਰਗਟ ਹੁੰਦੀਆਂ ਰਹੀਆਂ ਹਨ, ਜੋ ਸਭ ਕੁਝ ਦਾਅ 'ਤੇ ਲਾ ਕੇ ਸਹੀ ਮਾਰਗ-ਦਰਸ਼ਨ ਕਰਦੀਆਂ ਰਹੀਆਂ ਹਨ।

ਉਨ੍ਹਾਂ ਅਣਗਿਣਤ ਮਹਾਨ ਮਨੁੱਖਾਂ ਵਿਚ ਸੰਯੁਕਤ ਰਾਜ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਾਮ ਲਿੰਕਨ ਦਾ ਨਾਮ ਵੀ ਸੁਨਹਿਰੇ ਅੱਖਰਾਂ ਵਿਚ ਦਰਜ ਹੈ। ਅਮਰੀਕਾ ਦੇ ਨਵੇਂ ਆਬਾਦ ਹੋਏ ਵਿਸ਼ਾਲ ਮਹਾਂਦੀਪ ਉੱਤੇ ਮਜ਼ਦੂਰਾਂ ਦੀ ਕਮੀ ਪੂਰੀ ਕਰਨ ਲਈ ਅਫ਼ਰੀਕਾ ਤੋਂ ਗਰੀਬ, ਅਣਪੜ੍ਹ ਹਬਸ਼ੀ ਸੰਗਲ਼ਾਂ ਵਿਚ ਜਕੜ ਕੇ ਲਿਆਂਦੇ ਜਾਂਦੇ ਸਨ। ਉਨ੍ਹਾਂ ਨੂੰ ਪਸ਼ੂਆਂ ਵਾਂਗ ਮੰਡੀਆਂ ਲਗਾ ਕੇ ਵੇਚਿਆ ਜਾਂਦਾ ਸੀ। ਗੋਰੇ ਮਾਲਕ ਉਨ੍ਹਾਂ ਨੂੰ ਕੁੱਟਦੇ ਮਾਰਦੇ ਸਨ, ਅੱਧਭੁੱਖੇ ਰੱਖਦੇ ਸਨ ਅਤੇ ਗੋਲ਼ੀ ਵੀ ਮਾਰ ਸਕਦੇ ਸਨ। ਇਸ ਅਣਮਨੁੱਖੀ ਪ੍ਰਥਾ ਨੇ ਲਿੰਕਨ ਦੀ ਸੰਵੇਦਨਸ਼ੀਲ ਰੂਹ ਵਲੂੰਧਰ ਦਿੱਤੀ।

ਜਦੋਂ ਲਿੰਕਨ ਰਾਸ਼ਟਰਪਤੀ ਬਣੇ, ਤਾਂ ਉਨ੍ਹਾਂ ਨੇ ਸਿਆਹਫਾਮ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਦਾ ਬੀੜਾ ਚੁੱਕਿਆ। ਇਸ ਨਾਲ ਸਵਾਰਥੀ ਹਿਤ ਵਾਲਿਆਂ ਦਾ ਆਰਥਿਕ ਨੁਕਸਾਨ ਹੋਣਾ ਸੀ। ਦੇਸ਼ ਦੋ ਧਿਰਾਂ ਵਿਚ ਵੰਡਿਆ ਗਿਆ ਅਤੇ ਗ੍ਰਹਿ-ਯੁੱਧ ਸ਼ੁਰੂ ਹੋ ਗਿਆ, ਜੋ ਚਾਰ ਸਾਲ (1861-1865) ਚੱਲਦਾ ਰਿਹਾ। ਨਵੇਂ ਬਣੇ ਦੇਸ਼ ਦੇ ਖੇਰੂੰ-ਖੇਰੂੰ ਹੋਣ ਦਾ ਵੀ ਖਤਰਾ ਸੀ, ਪ੍ਰੰਤੂ ਲਿੰਕਨ ਨੇ ਫ਼ੌਲਾਦੀ ਇਰਾਦੇ ਨਾਲ ਡੱਟ ਕੇ ਇਹ ਜੰਗ ਜਿੱਤੀ ਅਤੇ ਇਹ ਘਿਨਾਉਣੀ ਪ੍ਰਥਾ ਬੰਦ ਕਰਵਾ ਦਿੱਤੀ। ਇਸ ਮਹਾਨ ਕਾਰਜ ਲਈ ਦੋਹਾਂ ਧਿਰਾਂ ਦੇ 6,20,000 ਫ਼ੌਜੀ ਮਾਰੇ ਗਏ ਅਤੇ ਲਿੰਕਨ ਨੂੰ ਆਪਣੀ ਜਾਨ ਵੀ ਵਾਰਨੀ ਪਈ।



ਇੱਥੇ ਅਸੀਂ ਮਨੁੱਖੀ ਇਤਿਹਾਸ ਦੇ ਉਸ ਸ਼ਾਨਦਾਰ ਸੰਘਰਸ਼ ਦਾ ਇਕ ਅਮਰ ਦਸਤਾਵੇਜ਼ ਪੇਸ਼ ਕਰ ਰਹੇ ਹਾਂ। ਸਿਰਫ਼ 272 ਸ਼ਬਦਾਂ ਦਾ ਇਹ ਹੱਥ-ਲਿਖਤ ਸੰਬੋਧਨ ਲਿੰਕਨ ਨੇ ਪੈਨਸਿਲਵੇਨੀਆ ਸੂਬੇ ਦੇ ਗੈਟਿਸਬਰਗ ਸਥਾਨ 'ਤੇ ਹੋਈ ਮਸ਼ਹੂਰ ਲੜਾਈ ਦੀ ਯਾਦ ਵਿਚ ਇਕ ਸ਼ਮਸ਼ਾਨ-ਭੂਮੀ ਕੌਮ ਦੇ ਨਾਂ ਸਮਰਪਿਤ ਕਰਨ ਵੇਲੇ 19 ਨਵੰਬਰ, 1863 ਨੂੰ ਪੜ੍ਹਿਆ ਸੀ। ਇਹ ਸੰਘਰਸ਼ ਹੁਣ ਵੀ ਪ੍ਰਾਸੰਗਿਕ ਹੈ ਕਿਉਂਕਿ ਵਿਸ਼ਵੀਕਰਣ ਦੇ ਯੁਗ ਵਿਚ ਬੇਇਨਸਾਫੀ ਅਤੇ ਕਮਜ਼ੋਰਾਂ ਦੀ ਲੁੱਟ-ਘਸੁੱਟ ਹੋਰ ਵੀ ਗੰਭੀਰ, ਗੁਪਤ ਅਤੇ ਗੁੰਝਲਦਾਰ ਰੂਪ ਧਾਰਨ ਕਰ ਗਈ ਹੈ।

ਲਿੰਕਨ ਦਾ ਗੈਟਿਸਬਰਗ ਸੰਬੋਧਨ

"ਚਾਰ ਵੀਹਾਂ ਅਤੇ ਸੱਤ ਸਾਲ ਪਹਿਲਾਂ ਸਾਡੇ ਪੂਰਵਜਾਂ ਨੇ ਇਸ ਮਹਾਂਦੀਪ ਤੇ ਇਕ ਨਵਾਂ ਰਾਸ਼ਟਰ ਸਿਰਜਿਆ ਸੀ, ਜਿਸ ਦਾ ਆਧਾਰ ਆਜ਼ਾਦੀ ਸੀ ਅਤੇ ਜੋ ਇਸ ਸਿਧਾਂਤ ਨੂੰ ਸਮਰਪਿਤ ਸੀ ਕਿ ਸਾਰੇ ਮਨੁੱਖ ਬਰਾਬਰ ਪੈਦਾ ਕੀਤੇ ਗਏ ਹਨ।

ਇਹ ਪਰਖਣ ਲਈ ਕਿ ਕੀ ਉਹ ਰਾਸ਼ਟਰ, ਜਾਂ ਕੋਈ ਵੀ ਰਾਸ਼ਟਰ ਜੋ ਇਸ ਤਰ੍ਹਾਂ ਸਿਰਜਿਆ ਅਤੇ ਸਮਰਪਿਤ ਕੀਤਾ ਗਿਆ ਹੋਵੇ, ਲੰਬੇ ਸਮੇਂ ਤੱਕ ਕਾਇਮ ਰਹਿ ਸਕਦਾ ਹੈ, ਹੁਣ ਅਸੀਂ ਇਕ ਵੱਡੇ ਗ੍ਰਹਿ ਯੁੱਧ ਵਿਚ ਰੁੱਝੇ ਹੋਏ ਹਾਂ। ਅਸੀਂ ਉਸ ਯੁੱਧ ਦੀ ਇਕ ਪ੍ਰਮੁੱਖ ਰਣਭੂਮੀ 'ਤੇ ਇਕੱਠੇ ਹੋਏ ਹਾਂ। ਜਿਨ੍ਹਾਂ ਯੋਧਿਆਂ ਨੇ ਇਸ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਕਿ ਉਹ ਰਾਸ਼ਟਰ ਕਾਇਮ ਰਹੇ, ਉਨ੍ਹਾਂ ਦੇ ਅੰਤਿਮ ਆਰਾਮ-ਸਥਲ ਦੇ ਤੌਰ 'ਤੇ ਉਸ ਮੈਦਾਨ ਦਾ ਇਕ ਭਾਗ ਸਮਰਪਿਤ ਕਰਨ ਲਈ ਅਸੀਂ ਇੱਥੇ ਆਏ ਹਾਂ। ਇਹ ਬਿਲਕੁਲ ਮੁਨਾਸਬ ਅਤੇ ਉਚਿਤ ਹੈ ਕਿ ਸਾਨੂੰ ਅਜਿਹਾ ਕਰਨਾ ਚਾਹੀਦਾ ਹੈ।

ਪ੍ਰੰਤੂ ਅਧਿਕ ਉੱਚੇ ਅਰਥਾਂ ਵਿਚ, ਅਸੀਂ ਇਹ ਮੈਦਾਨ ਸਮਰਪਿਤ ਨਹੀਂ ਕਰ ਸਕਦੇ, ਪਵਿੱਤਰ ਨਹੀਂ ਕਰ ਸਕਦੇ, ਪੁਨੀਤ ਨਹੀਂ ਕਰ ਸਕਦੇ। ਜਿਨ੍ਹਾਂ ਜਿਊਂਦੇ ਜਾਂ ਸ਼ਹੀਦ ਹੋ ਚੁੱਕੇ ਬਹਾਦਰ ਯੋਧਿਆਂ ਨੇ ਇੱਥੇ ਸੰਘਰਸ਼ ਕੀਤਾ, ਉਨ੍ਹਾਂ ਨੇ ਇਸ ਨੂੰ ਇੰਨਾ ਪਵਿੱਤਰ ਕਰ ਦਿੱਤਾ ਹੈ, ਜੋ ਸਾਡੀ ਇਸ ਵਿਚ ਕੁਝ ਜੋੜਨ ਜਾਂ ਘਟਾਉਣ ਦੀ ਨਿਗੂਣੀ ਸ਼ਕਤੀ ਤੋਂ ਬਹੁਤ ਉੱਪਰ ਹੈ। ਜੋ ਕੁਝ ਅਸੀਂ ਇੱਥੇ ਕਹਿੰਦੇ ਹਾਂ, ਉਸ ਵੱਲ ਨਾ ਤਾਂ ਦੁਨੀਆਂ ਬਹੁਤਾ ਧਿਆਨ ਦੇਵੇਗੀ ਅਤੇ ਨਾ ਹੀ ਬਹੁਤੀ ਦੇਰ ਯਾਦ ਰੱਖੇਗੀ, ਪ੍ਰੰਤੂ ਉਨ੍ਹਾਂ ਬਹਾਦਰਾਂ ਨੇ ਇੱਥੇ ਜੋ ਕੁਝ ਕੀਤਾ, ਉਸ ਨੂੰ ਦੁਨੀਆਂ ਕਦੇ ਨਹੀਂ ਭੁਲਾ ਸਕਦੀ। ਸਗੋਂ ਸਾਡਾ ਜਿਊਂਦੇ ਲੋਕਾਂ ਦਾ ਇਹ ਫ਼ਰਜ਼ ਹੈ ਕਿ ਅਸੀਂ ਆਪਣੇ ਆਪ ਨੂੰ ਉਹ ਅਧੂਰਾ ਕੰਮ ਪੂਰਾ ਕਰਨ ਨੂੰ ਸਮਰਪਿਤ ਕਰੀਏ, ਜਿਹੜਾ ਇੱਥੇ ਯੁੱਧ ਕਰਨ ਵਾਲਿਆਂ ਨੇ ਬਹੁਤ ਬਹਾਦਰੀ ਨਾਲ ਇੰਨੀ ਦੂਰ ਤੱਕ ਅੱਗੇ ਵਧਾਇਆ ਹੈ, ਸਗੋਂ ਸਾਡਾ ਇਹ ਫ਼ਰਜ਼ ਹੈ ਕਿ ਇੱਥੇ ਅਸੀਂ ਸਾਡੇ ਸਾਹਮਣੇ ਬਚੇ ਹੋਏ ਕੰਮ ਨੂੰ ਸਮਰਪਿਤ ਹੋਈਏ — ਕਿ ਅਸੀਂ ਇਨ੍ਹਾਂ ਸਤਿਕਾਰਿਤ ਸ਼ਹੀਦਾਂ ਤੋਂ ਉਸ ਮਹਾਨ ਉਦੇਸ਼ ਪ੍ਰਤੀ ਹੋਰ ਦ੍ਰਿੜ੍ਹ ਸੰਕਲਪ ਨਾਲ ਜੁੱਟ ਜਾਣ ਦੀ ਪ੍ਰੇਰਨਾ ਲਈਏ, ਜਿਸ ਪ੍ਰਤੀ ਉਨ੍ਹਾਂ ਨੇ ਆਪਣੇ ਸਿਦਕ ਨੂੰ ਸੰਪੂਰਨ ਤੌਰ 'ਤੇ ਅਰਪਣ ਕਰ ਦਿੱਤਾ — ਕਿ ਇੱਥੇ ਅਸੀਂ ਦ੍ਰਿੜ੍ਹਤਾ ਨਾਲ ਪ੍ਰਤਿਗਿਆ ਕਰੀਏ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ — ਕਿ ਪ੍ਰਮਾਤਮਾ ਦੀ ਛਤਰ-ਛਾਇਆ ਹੇਠ ਇਸ ਰਾਸ਼ਟਰ ਦੀ ਆਜ਼ਾਦੀ ਦਾ ਪੁਨਰਜਨਮ ਹੋਵੇਗਾ ਅਤੇ ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਵਾਸਤੇ ਸਰਕਾਰ ਧਰਤੀ ਤੋਂ ਅਲੋਪ ਨਹੀਂ ਹੋਵੇਗੀ।"

# ਘਰ ਪਰਿਵਾਰ ਤੇ ਜ਼ਿੰਮੇਵਾਰੀਆਂ

ਗੁਰਿੰਦਰ ਕਲੇਰ
ਗੁਰਦਾਸਪੁਰ
ਮੋਬ : 99145-38888
(Punjab Mail USA)



ਪਰਿਵਾਰ ਵਿਚ ਰਹਿੰਦੇ ਹੋਏ ਕੁਦਰਤੀ ਤੌਰ 'ਤੇ ਹਰੇਕ ਵਿਅਕਤੀ ਦੀ ਜ਼ਿੰਮੇਵਾਰੀ ਤਹਿ ਹੁੰਦੀ ਹੈ। ਜੇਕਰ ਪਰਿਵਾਰ ਦਾ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਚੰਗੀ ਸੂਝ-ਬੂਝ ਅਤੇ ਕੁਸ਼ਲਤਾ ਨਾਲ ਨਿਭਾਏ, ਤਾਂ ਪਰਿਵਾਰ ਵਿਚ ਖੁਸ਼ੀਆਂ ਤੇ ਬਰਕਤਾਂ ਦਾ ਵਾਸਾ ਆਪਣੇ ਆਪ ਹੋਣ ਲੱਗ ਪੈਂਦਾ ਹੈ। ਪਰਿਵਾਰ ਵਿਚ ਚੰਗਾ ਮਾਹੌਲ ਬਣਿਆ ਰਹੇ, ਇਸ ਦੇ ਲਈ ਜ਼ਰੂਰੀ ਹੈ ਕਿ ਪਰਿਵਾਰ ਦੇ ਮੈਂਬਰ ਅਨੁਸ਼ਾਸਨ ਵਿਚ ਅਤੇ ਪਰਿਵਾਰ ਪ੍ਰਤੀ ਗੰਭੀਰ ਰਹਿਣ, ਜਿਸ ਪਰਿਵਾਰ ਵਿਚ ਚਲਾਕੀ, ਹੇਰਾ-ਫੇਰੀ, ਆਪੋ-ਧਾਰ ਆਦਿ ਆ ਜਾਵੇ, ਸਮਝ ਲਵੋ ਉਸ ਪਰਿਵਾਰ ਦਾ ਪਤਨ (ਟੁੱਟਣ) ਦੇ ਦਿਨ ਸੁਰੂ ਹੋ ਗਏ। ਪਰਿਵਾਰ ਨੂੰ ਸਹੀ ਤਰੀਕੇ ਚਲਾਉਣ ਲਈ ਪਰਿਵਾਰ ਦੇ ਸਾਰੇ ਮੈਂਬਰਾਂ ਅਤੇ ਖਾਸ ਤੌਰ 'ਤੇ ਪਰਿਵਾਰ ਦੇ ਮੁਖੀ 'ਤੇ ਨਿਰਭਰ ਕਰਦਾ ਹੈ।

ਪਰਿਵਾਰ ਦੇ ਜੀਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਫਰਜ਼ਾਂ ਨੂੰ ਵੀ ਓਨੀ ਹੀ ਅਹਿਮੀਅਤ ਦੇਣ, ਜਿੰਨੀ ਕਿ ਆਪਣੀਆ ਲੋੜਾਂ ਤੇ ਖਾਹਿਸ਼ਾ ਨੂੰ ਦਿੰਦੇ ਹਨ। ਪਰਿਵਾਰ ਦੇ ਜੀਆਂ ਦੀਆਂ ਲੋੜਾਂ ਦੀ ਪੂਰਤੀ ਵਿਚ ਪੱਖਪਾਤ ਨਹੀਂ ਹੋਣਾ ਚਾਹੀਦਾ। ਪਰਿਵਾਰ ਦੇ ਹਰੇਕ ਵਿਅਕਤੀ ਨੂੰ ਉਸਦੀ ਸੋਚ ਅਨੁਸਾਰ ਚੰਗਾ ਖਾਣ-ਪੀਣ, ਪਹਿਨਣ, ਘੁੰਮਣ-ਫਿਰਨ ਦੀ ਜਾਇਜ਼ ਹੱਦ ਤੱਕ ਖੁੱਲ੍ਹ ਹੋਣੀ ਚਾਹੀਦੀ ਹੈ। ਅਕਸਰ ਜਦੋਂ ਬਚਪਨ ਵਿਚ ਬੱਚੇ ਆਪਣੇ ਮਾਪਿਆਂ ਅੱਗੇ ਕੋਈ ਮੰਗ ਰੱਖਦੇ ਹਨ, ਤਾਂ ਮਾਪੇ ਕਹਿ ਦਿੰਦੇ ਹਨ ਕਿ ਪੜ੍ਹ-ਲਿਖ ਕੇ ਵੱਡੇ ਹੋ ਜਾਉ ਤੇ ਫਿਰ ਆਪਣੀ ਮਰਜ਼ੀ ਦਾ ਖਾ, ਪਹਿਨ ਤੇ ਘੁੰਮ-ਫਿਰ ਲੈਣਾ। ਵੱਡੇ ਹੋਣ 'ਤੇ ਵਿਆਹ-ਸ਼ਾਦੀ ਬੱਚਿਆਂ ਦੀ ਜ਼ਿੰਮੇਵਾਰੀ ਘਰ ਗ੍ਰਹਿਸਥੀ ਰੋਜ਼ੀ-ਰੋਟੀ ਦਾ ਫ਼ਿਕਰ ਆਦਿ ਇਨਸਾਨ ਨੂੰ ਘੇਰ ਲੈਂਦੇ ਹਨ। ਮਨੁੱਖ ਉਸ ਦਿਨ ਦੀ ਉਡੀਕ ਕਰਦਾ ਹੈ ਕਿ ਉਹ ਕਦੋਂ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਫਾਰਗ ਹੋਵੇਗਾ ਅਤੇ ਆਪਣੀ ਜ਼ਿੰਦਗੀ ਆਪਣੀ ਸੋਚ ਅਨੁਸਾਰ ਜੀਊਗਾ। ਜਦਕਿ ਜ਼ਿੰਦਗੀ ਦੀ ਸੱਚਿਆਈ ਇਹ ਹੈ ਕਿ ਮਨੁੱਖ ਆਪਣੇ ਜੀਵਨ ਵਿਚ ਜ਼ਿੰਮੇਵਾਰੀਆਂ ਤੋਂ ਕਦੀ ਵੀ ਮੁਕਤ ਨਹੀਂ ਹੋ ਪਾਉਂਦਾ। ਸਮੇਂ-ਸਮੇਂ ਅਨੁਸਾਰ ਜ਼ਿੰਮੇਵਾਰੀਆਂ ਬਦਲਦੀਆਂ ਜਾਂਦੀਆਂ ਹਨ। ਇਨਸਾਨ ਲਈ ਜ਼ਰੂਰੀ ਇਹ ਹੈ ਕਿ ਜ਼ਿੰਦਗੀ ਨੂੰ ਸੰਤੁਲਨ (ਬੈਲੰਸ) ਵਿਚ ਜੀਆਂ ਜਾਵੇ। ਜ਼ਿੰਦਗੀ ਵਿਚ ਜ਼ਿੰਮੇਵਾਰੀਆਂ ਨਿਭਾਉਣ ਅਤੇ ਮਿਹਨਤ ਕਰਨ ਦੇ ਨਾਲ-ਨਾਲ ਉਹ ਕੰਮ ਵੀ ਕੀਤੇ ਜਾਣ, ਜੋ ਤੁਹਾਨੂੰ ਮਾਨਸਿਕ ਖੁਸ਼ੀ ਦੇਣ। ਮਨੁੱਖ ਅਕਸਰ ਇਹ ਸੋਚ ਲੈਂਦਾ ਹੈ ਕਿ ਉਹ ਬੁਢਾਪੇ ਵਿਚ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਪਣੀ ਮਰਜ਼ੀ ਅਨੁਸਾਰ ਜੀਵਨ ਜਿਊਗਾ, ਖਾਵੇ-ਪੀਵੇਗਾ ਅਤੇ ਘੁੰਮੇ-ਫਿਰੇਗਾ। ਉਹ ਬੁਢਾਪੇ ਤੱਕ ਪਹੁੰਚੇਗਾ ਜਾਂ ਨਹੀਂ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸੋ ਜ਼ਰੂਰੀ ਹੈ ਕਿ ਜ਼ਿੰਦਗੀ ਦੇ ਹਰ ਪਲ ਤੇ ਜੀਵਨ ਦਾ ਆਨੰਦ ਲਿਆ ਜਾਵੇ। ਇਸ ਦੇ ਲਈ ਘਰ ਵਿਚ ਪਿਆਰ ਭਰਿਆ, ਤਣਾਉ ਰਹਿਤ ਮਾਹੌਲ ਹੋਣਾ ਬਹੁਤ ਜ਼ਰੂਰੀ ਹੈ। ਜਿਸ ਘਰ ਵਿਚ ਬੋਲਣ ਦੀ ਖੁੱਲ੍ਹ ਆਪਣੇ ਭਾਵਾਂ ਦਾ ਪ੍ਰਗਟਾਵਾ ਕਰਨ ਦੀ ਆਜ਼ਾਦੀ ਹੋਵੇਗੀ, ਉਸ ਘਰ ਵਿਚ ਈਰਖਾ, ਨਫਰਤ ਦੀ ਗੁੰਜਾਇਸ਼ ਘੱਟ ਰਹਿੰਦੀ ਹੈ। ਘਰ ਦਾ ਮਾਹੌਲ ਇਸ ਤਰ੍ਹਾਂ ਦਾ ਨਹੀਂ ਹੋਣਾ ਚਾਹੀਦਾ ਕਿ ਪਰਿਵਾਰ ਦੇ ਮੈਂਬਰਾਂ ਨੂੰ ਇਹ ਲੱਗੇ ਕਿ ਇੱਥੇ ਸਾਡੀ ਜ਼ਿੰਦਗੀ ਗੁਲਾਮਾਂ ਵਰਗੀ ਹੈ। ਆਜ਼ਾਦੀ ਦਾ ਮਤਲਬ ਲਾਪ੍ਰਵਾਹੀ ਅਤੇ ਗੈਰ-ਜ਼ਿੰਮੇਵਾਰੀ ਨਹੀਂ, ਸਗੋਂ ਤਰੱਕੀ ਕਰਨ, ਅਗਾਂਹ ਵਧਣ ਦੇ ਮੌਕੇ ਤੇ ਖੁੱਲ੍ਹ ਹੈ। ਇਸ ਅਧਿਕਾਰ ਦੀ ਵਰਤੋਂ ਕਰਦੇ ਸਮੇਂ ਹਰੇਕ ਵਿਅਕਤੀ ਵਾਸਤੇ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਪਰਿਵਾਰਕ, ਸਮਾਜਿਕ ਅਤੇ ਮਾਲੀ ਹਲਾਤਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਦੇ ਹੋਏ ਪਰਿਵਾਰਕ ਹਿੱਤ ਵਿਚ ਕੰਮ ਕਰੇ, ਨਾ ਕਿ ਕੁਝ ਅਜਿਹਾ ਕਰੇ, ਜਿਸ ਨਾਲ ਪਰਿਵਾਰ ਨੂੰ ਮੁਸੀਬਤ ਤੇ ਜ਼ਿੱਲਤ ਝੱਲਣੀ ਪਵੇ। ਪਰਿਵਾਰ ਦਾ ਵਿਸ਼ਵਾਸ ਹਮੇਸ਼ਾ ਕਾਇਮ ਰੱਖੋ, ਤਾਂ ਜੋ ਪਰਿਵਾਰ ਤੁਹਾਡੇ 'ਤੇ ਮਾਣ ਕਰ ਸਕੇ ਅਤੇ ਤੁਸੀਂ ਹੋਰਾਂ ਲਈ ਮਾਰਗ ਦਰਸ਼ਕ ਬਣ ਸਕੋ।



# ਨਸ਼ਿਆਂ ਵਿਚ ਗ਼ਲਤਾਨ ਹੋ ਰਹੀ ਨੌਜਵਾਨੀ ਨੂੰ ਬਚਾਉਣ ਲਈ ਸਾਂਝੇ ਯਤਨਾਂ ਦੀ ਲੋੜ

-ਹਰਦੀਪ ਕੌਰ ਨਾਜ਼
ਫ਼ਗਵਾੜਾ, ਪੰਜਾਬ
(Punjab Mail USA)



ਸ਼੍ਰੋਮਣੀ ਭਗਤ ਕਬੀਰ ਜੀ ਦਾ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੜਾ ਸੁੰਦਰ ਬਚਨ ਹੈ:

"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨਾ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥"

ਭਾਵ: ਹੇ ਕਬੀਰ! ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਮਿਲਦਾ ਹੈ, (ਤੇ, ਜੇ ਪ੍ਰਭੂ ਦਾ ਨਾਮ ਵਿਸਾਰ ਕੇ ਨਿਰਾ 'ਦੁਨੀਆਂ' ਵਿਚ ਲੱਗ ਕੇ ਇਕ ਵਾਰੀ ਹੱਥੋਂ ਗਿਆ) ਤਾਂ ਮੁੜ-ਮੁੜ ਨਹੀਂ ਮਿਲਦਾ।

ਪਰ ਅੱਜ ਜਦੋਂ ਪੜ੍ਹੇ-ਲਿਖੇ ਅਤੇ ਅਗਾਂਹਵਧੂ ਸਮਾਜ ਅੰਦਰ, ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਮਾਰੀਆਂ ਜਾ ਰਹੀਆਂ ਵੱਡੀਆਂ-ਵੱਡੀਆਂ ਮੱਲ੍ਹਾਂ ਦੇ ਰੌਲੇ-ਗੌਲ਼ੇ ਵਿਚ ਇਹ ਖ਼ਬਰ ਪੜ੍ਹਨ-ਸੁਨਣ ਨੂੰ ਮਿਲਦੀ ਹੈ ਕਿ ਫਲਾਣੀ ਥਾਂ 'ਤੇ ਅੱਜ ਮੁੜ ਇੱਕ ਮਾਂ ਦੀ ਕੁੱਖ ਨਸ਼ਿਆਂ ਨੇ ਸੱਖਣੀ ਕਰ ਦਿੱਤੀ ਹੈ, ਤਾਂ ਇੱਕ ਔਰਤ ਅਤੇ ਮਾਂ ਹੋਣ ਕਰਕੇ, ਕਾਲਜੇ ਤੱਕ ਧੂਹ ਪੈਂਦੀ ਹੈ। ਪਰ ਜਿਹੜੀਆਂ ਮੇਰੀਆਂ ਭੈਣਾਂ ਜਾਂ ਮਾਵਾਂ ਨਾਲ ਹੀ ਹੱਡੀਂ ਬੀਤਦੀ ਹੈ, ਉਨ੍ਹਾਂ ਦਾ ਵੇਰਵਾ ਲਿਖਣਾ ਸ਼ਾਇਦ ਕਿਸੇ ਵੀ ਕਲਮ ਦੇ ਵੱਸ ਦਾ ਕੰਮ ਨਹੀਂ ਹੈ।

ਕੋਹੜ ਦੀ ਤਰ੍ਹਾਂ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗੱਲ ਕੀ ਘਰ-ਘਰ ਵਿਚ ਫੈਲ ਰਹੀ ਨਸ਼ਿਆਂ ਦੀ ਇਸ ਚੰਦਰੀ ਬਿਮਾਰੀ ਨੇ ਨੌਜਵਾਨੀ ਨੂੰ ਮਾਨਸਿਕ ਅਤੇ ਸਰੀਰਿਕ ਪੱਖੋਂ ਖੋਖਲਾ ਕਰ ਛੱਡਿਆ ਹੈ ਅਤੇ ਚਾਹੁੰਦੇ ਹੋਏ ਵੀ ਇਸ ਨੂੰ ਰੋਕਣਾ ਅੱਜ ਸੰਭਵ ਨਹੀਂ ਜਾਪਦਾ। ਕਾਰਨ ਬੜਾ ਸਪੱਸ਼ਟ ਹੈ ਕਿ ਸਾਡਾ ਸਰਕਾਰੀ ਤੰਤਰ ਇਸ ਮੁੱਦੇ ਉੱਤੇ ਖੋਖਲਾ ਸਾਬਤ ਹੋ ਰਿਹਾ ਹੈ। ਨੌਜਵਾਨ ਦੇਖਾ-ਦੇਖੀ, ਇੱਕ ਦੂਜੇ ਦੇ ਉਕਸਾਉਣ, ਇੱਕ ਵਾਰ ਸੁਆਦ ਚੱਖਣ ਜਾਂ ਆਪਣੀ ਇਕੱਲਤਾ ਅਤੇ ਨਿਰਾਸ਼ਾ ਨੂੰ ਦੂਰ ਕਰਨ ਲਈ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ ਅਤੇ ਫਿਰ ਇਸ ਦਲਦਲ ਵਿਚ ਚਾਹੁੰਦੇ ਹੋਏ ਵੀ ਨਿਕਲ ਨਹੀਂ ਪਾਉਂਦੇ।

ਇਲੈਕਟ੍ਰਾਨਿਕ ਮੀਡੀਆ, ਫ਼ਿਲਮਾਂ, ਟੀ.ਵੀ. ਸੀਰੀਅਲਾਂ ਜਾਂ ਗੀਤਾਂ ਰਾਹੀਂ ਜਿਸ ਢੰਗ ਨਾਲ ਨਸ਼ਿਆਂ ਨੂੰ ਸਟੇਟਸ ਸਿੰਬਲ ਵਜੋਂ ਪ੍ਰਚਾਰਿਆ ਜਾਂਦਾ ਹੈ, ਉਸ ਦਾ ਅਸਰ ਨੌਜਵਾਨ ਵਧੇਰੇ ਕਬੂਲ ਕਰਦੇ ਹਨ। ਭਾਵੇਂ ਕਿ ਸਰਕਾਰ ਦੇ ਆਦੇਸ਼ਾਂ ਤੋਂ ਬਾਅਦ ਹੁਣ ਨਸ਼ਿਆਂ ਨਾਲ ਸਬੰਧਿਤ ਦ੍ਰਿਸ਼ ਮੌਕੇ ਲਿਖਤੀ ਰੂਪ ਵਿਚ ਛੋਟਾ ਨੋਟਿਸ ਚੱਲਦੀ ਸਕਰੀਨ ਉੱਪਰ ਉਭਰ ਆਉਂਦਾ ਹੈ, ਪਰ ਕਿਉਂ ਨਾ ਅਜਿਹੇ ਦ੍ਰਿਸ਼ਾਂ ਨੂੰ ਟੀ.ਵੀ. ਸਕਰੀਨਾਂ ਤੋਂ ਮੁਕੰਮਲ ਰੂਪ ਵਿਚ ਬੰਦ ਕੀਤਾ ਜਾਵੇ?

ਅੱਜ ਹਾਲਾਤ ਐਸੇ ਬਣ ਗਏ ਹਨ ਕਿ ਨਸ਼ਿਆਂ ਵਿਚ ਗ਼ਲਤਾਨ ਨੌਜਵਾਨ ਨਸ਼ਿਆਂ ਦੀ ਪੂਰਤੀ ਲਈ ਲੁੱਟਮਾਰ, ਚੋਰੀਆਂ ਅਤੇ ਕਤਲ ਤੱਕ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਦਿੰਦੇ ਹਨ, ਉਸਦੇ ਨਾਲ ਘਰੇਲੂ ਹਿੰਸਾ ਆਦਿ ਦੀਆਂ ਘਟਨਾਵਾਂ ਵਿਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅੱਜ ਸਕੂਲਾਂ ਵਿਚ ਪੜ੍ਹਦੇ ਨਾ-ਬਾਲਗ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਰਹੇ ਹਨ ਅਤੇ ਪਿੰਡਾਂ/ਕਸਬਿਆਂ ਜਾਂ ਸਰਹੱਦੀ ਖੇਤਰ ਨਾਲ ਲੱਗਦੇ ਇਲਾਕਿਆਂ ਵਿਚ ਤਾਂ ਹਾਲਾਤ ਵਧੇਰੇ ਚਿੰਤਾਜਨਕ ਅਤੇ ਦੁਖਦ ਹਨ।

ਨਸ਼ਿਆਂ ਵਿਚ ਗਰਕ ਹੋ ਰਹੀ ਨੌਜਵਾਨੀ ਕਿਹੜਾ ਮਹਿੰਗੇ ਤੋਂ ਮਹਿੰਗਾ, ਸਸਤੇ ਤੋਂ ਸਸਤਾ ਅਤੇ ਘਟੀਆ ਕਿਸਮ ਦੇ, ਆਪੋ-ਆਪਣੇ ਬਜਟ ਅਨੁਸਾਰ, ਜਾਂ ਲੁੱਟਾਂ-ਖੋਹਾਂ ਕਰਕੇ ਜਿਹੜੇ ਨਸ਼ਿਆਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੇ ਨਾਂ ਲਿਖਣ ਤੋਂ ਵੀ ਡਰ ਲੱਗਦੈ ਕਿਤੇ ਇਹ ਪੜ੍ਹ ਕੇ, ਜਿਨ੍ਹਾਂ ਨੂੰ ਨਹੀਂ ਪਤਾ, ਉਹ ਇਸ ਪਾਸੇ ਨਾ ਤੁਰ ਪੈਣ। ਪਰ ਇਸ਼ਾਰੇ ਮਾਤਰ ਦੱਸਦੀ ਜਾਵਾਂ, ਤਾਂ ਸਰੀਰਿਕ ਰੋਗਾਂ ਨੂੰ ਦੂਰ ਕਰਨ ਲਈ ਹੋਂਦ ਵਿਚ ਆਈਆਂ ਦਵਾਈਆਂ ਦੀ ਮਿਆਰ ਨੂੰ ਵੀ ਘਟਾ-ਵਧਾ ਕੇ ਨਸ਼ਿਆਂ ਵਜੋਂ ਵਰਤਿਆ ਜਾ ਰਿਹਾ ਹੈ, ਤਾਂ ਪਾਠਕ ਖ਼ੁਦ ਹੀ ਸੋਚ ਸਕਦੇ ਹਨ ਕਿ ਸਾਡੀ ਪੀੜ੍ਹੀ ਕਿੰਨੀ ਗਰਕਦੀ ਜਾ ਰਹੀ ਹੈ। ਇਸੇ ਤਰ੍ਹਾਂ ਸ਼ਰਾਬ, ਅਫੀਮ, ਡੋਡੇ, ਭੁੱਕੀ, ਤੰਬਾਕੂ, ਸਮੈਕ, ਹੀਰੋਇਨ ਆਦਿ ਕਈ ਕਿਸਮਾਂ ਦੇ ਨਸ਼ੇ ਸਮਾਜ ਨੂੰ ਗੰਧਲਾ ਕਰ ਰਹੇ ਹਨ।

ਗੱਲ ਇਕੱਲੇ ਪੰਜਾਬ ਦੀ ਹੀ ਨਹੀਂ ਹੈ, ਨਸ਼ੇ ਦੀ ਸਮੱਸਿਆ ਅੱਜ ਹਰ ਸਮਾਜ, ਹਰ ਦੇਸ਼ ਅਤੇ ਕੌਮ ਦੀ ਸਮੱਸਿਆ ਬਣਦੀ ਜਾ ਰਹੀ ਹੈ। ਯੂ.ਐੱਨ. ਆਫਿਸ ਆਪ ਡਰੱਗਸ ਅਤੇ ਕ੍ਰਾਈਮ ਦੀ ਵਰਲਡ ਡਰੱਗ ਰਿਪੋਰਟ 2022 ਦੇ ਅਨੁਸਾਰ ਦੁਨੀਆਂ ਵਿਚ 15-64 ਸਾਲ ਦੀ ਉਮਰ ਦੇ ਲਗਭਗ 28.40 ਕਰੋੜ ਲੋਕ ਨਸ਼ਿਆਂ ਦੀ ਵਰਤੋਂ ਕਰ ਰਹੇ ਸਨ, ਜਦਕਿ ਪਿਛਲੇ ਦਹਾਕੇ ਦੇ ਮੁਕਾਬਲੇ ਇਹ 26 ਫ਼ੀਸਦੀ ਵੱਧ ਹਨ। ਇਹ ਜਾਣ ਕੇ ਵੀ ਹੈਰਾਨੀ ਹੋਵੇਗੀ ਕਿ ਇਕ ਸਰਵੇ ਅਨੁਸਾਰ ਦੇਸੀ ਅਤੇ ਵਿਦੇਸ਼ੀ ਸ਼ਰਾਬ ਦੀ ਖ਼ਪਤ ਪਿੰਡਾਂ ਵਿਚ 117 ਪ੍ਰਤੀਸ਼ਤ ਅਤੇ ਸ਼ਹਿਰਾਂ ਵਿਚ 234 ਪ੍ਰਤੀਸ਼ਤ ਸਾਲਾਨਾ ਦਰ ਨਾਲ ਵੱਧ ਰਹੀ ਹੈ, ਜੋ ਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਵਿਚ ਸਭ ਤੋਂ ਵੱਡੀ ਰੋਕ ਵਜੋਂ ਵੇਖੀ ਜਾਂਦੀ ਚਾਹੀਦੀ ਹੈ। ਪਿਛਲੇ ਸਮੇਂ ਦੌਰਾਨ ਬਿਹਾਰ ਸਰਕਾਰ ਵੱਲੋਂ ਸ਼ਰਾਬਬੰਦੀ ਦਾ ਫ਼ੈਸਲਾ ਲਿਆ ਗਿਆ ਹੈ ਅਤੇ ਇਸੇ ਤਰ੍ਹਾਂ ਗੁਜਰਾਤ, ਨਾਗਾਲੈਂਡ ਅਤੇ ਮਿਜ਼ੋਰਮ ਆਦਿ ਸੂਬਿਆਂ ਵਿਚ ਵੀ ਸੂਬਾ ਸਰਕਾਰਾਂ ਅਜਿਹੇ ਫ਼ੈਸਲੇ ਲੈ ਚੁੱਕੀਆਂ ਹਨ। ਅੱਜ ਪੰਜਾਬ ਸਰਕਾਰ ਨੂੰ ਵੀ ਅਜਿਹੇ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ, ਪਰ ਸਰਕਾਰ ਦੇ ਦੁਕਾਨਾਂ ਤੋਂ ਸ਼ਰਾਬ ਮਿਲਣ ਦੇ ਲਏ ਗਏ ਫ਼ੈਸਲੇ ਸਮਾਜ ਸੇਵੀਆਂ, ਧਾਰਮਿਕ ਆਗੂਆਂ ਨੂੰ ਅਤੇ ਆਮ ਨਾਗਰਿਕਾਂ ਲਈ ਚਿੰਤਾਜਨਕ ਹਨ।

ਯਾਦ ਰਹੇ ਨਸ਼ਿਆਂ ਦੇ ਸੇਵਨ ਨਾਲ ਸਾਦੇ ਸਰੀਰ ਅੰਦਰ ਦੀ ਰੋਗਾਂ ਨਾਲ ਲੜਨ ਵਾਲੀ ਸ਼ਕਤੀ ਘੱਟਦੀ ਹੈ ਅਤੇ ਬਿਮਾਰੀਆਂ ਝੱਟ ਵਿਅਕਤੀ ਨੂੰ ਆਪਣੇ ਗ੍ਰਿਫਤ ਵਿਚ ਲੈ ਲੈਂਦੀਆਂ ਹਨ। ਸਰੀਰ ਕਮਜ਼ੋਰ ਅਤੇ ਥੱਕਿਆ-ਥੱਕਿਆ ਰਹਿੰਦਾ ਹੈ। ਇਸ ਨੂੰ ਦੂਰ ਕਰਨ ਲਈ ਜਦ ਵਿਅਕਤੀ ਮੁੜ ਨਸ਼ੇ ਦਾ ਸੇਵਨ ਕਰਦਾ ਹੈ, ਤਾਂ ਉਹ ਮਹਿਸੂਸ ਕਰਦਾ ਹੈ ਕਿ ਸਰੀਰ ਹੁਣ ਠੀਕ ਹੋ ਗਿਆ ਹੈ, ਪਰ ਇਹ ਸਭ ਆਰਜ਼ੀ ਹੁੰਦਾ ਹੈ ਅਤੇ ਮਨੁੱਖ ਜ਼ਿੰਦਗੀ ਤੋਂ ਦੂਰ ਹੋ ਜਾਂਦਾ ਹੈ।

ਨਸ਼ਿਆਂ ਦੀ ਵਰਤੋਂ ਨਾਲ ਥਕਾਵਟ, ਕਮਜ਼ੋਰੀ ਤੋਂ ਲੈ ਕੇ, ਫੇਫੜੇ/ਲੀਵਰ ਦਾ ਕੈਂਸਰ, ਮੂੰਹ ਦਾ ਕੈਂਸਰ, ਸ਼ੂਗਰ, ਦਿਲ ਦਾ ਰੋਗ ਅਤੇ ਹੋਰ ਕਈ ਤਰ੍ਹਾਂ ਦੀਆਂ ਭਿਆਨਕ ਅਤੇ ਨਾ-ਮੁਰਾਦ ਬਿਮਾਰੀਆਂ ਮਨੁੱਖੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੀਆਂ ਹਨ।

ਗੁਰੂਆਂ ਪੀਰਾਂ ਦੀ ਧਰਤੀ 'ਤੇ ਰਹਿਣ ਵਾਲੇ ਪੰਜਾਬੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨਾਂ ਨੇ ਵੀ ਨਸ਼ਿਆਂ ਦੀ ਸਖ਼ਤ ਮਨਾਹੀ ਕੀਤੀ ਸੀ ਅਤੇ ਮਨੁੱਖ ਨੂੰ ਸਦਾਚਾਰਕ ਨੈਤਿਕ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਸੀ।

"ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲ ਨਾ ਪੀਚਈ ਜੇ ਕਾ ਪਾਰ ਵਸਾਇ॥"

ਨਸ਼ਿਆਂ ਅਤੇ ਵਿਸ਼ਿਆਂ-ਵਿਕਾਰਾਂ ਰਾਹੀਂ ਤਬਾਹ ਕੀਤੇ ਜਾ ਰਹੇ ਇਸ ਮਨੁੱਖੀ ਸਰੀਰ (ਕਾਇਆ) ਦੀ ਮਹੱਤਤਾ ਨੂੰ ਗੁਰੂ ਸਾਹਿਬਾਨ ਨੇ ਇਉਂ ਦ੍ਰਿੜ੍ਹ ਕਰਵਾਇਆ ਹੈ ਕਿ:

"ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥"

ਅਤੇ

"ਤਥਾ ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥"

ਤਾਂ ਸਾਨੂੰ ਇਸ ਮਨੁੱਖੀ ਜਾਮੇ ਦੀ ਕਦਰ ਕਰਕੇ ਆਪਣੇ ਪਰਿਵਾਰ, ਸਮਾਜ, ਦੇਸ ਅਤੇ ਕੌਮ ਦੇ ਚੰਗੇਰੇ ਭਵਿੱਖ ਲਈ ਇਸਦੀ ਵਰਤੋਂ ਕਰਨੀ ਚਾਹੀਦੀ ਹੈ।

ਪ੍ਰਸਿੱਧ ਸਹਿਤ ਮਾਹਰ ਡਾ. ਹਰਸ਼ਿੰਦਰ ਕੌਰ ਜੀ ਲਿਖਦੇ ਹਨ 'ਜੇ ਵੇਲੇ ਸਿਰ ਨਸ਼ਿਆਂ ਨੂੰ ਠੱਲ੍ਹ ਨਾ ਪਾਈ ਗਈ, ਤਾਂ ਉਹ ਵੇਲਾ ਦੂਰ ਨਹੀਂ ਜਦੋਂ ਪੰਜਾਬੀ ਗੱਭਰੂ ਨਸ਼ਿਆਂ ਕਾਰਨ ਨਿਪੁੰਸਕ ਹੋ ਜਾਣਗੇ ਅਤੇ ਪੂਰੀ ਕੌਮ ਤਬਾਹ ਹੋ ਜਾਵੇਗੀ।'

ਸ. ਗੁਰਪ੍ਰੀਤ ਸਿੰਘ ਸਿੱਧੂ ਜੀ ਨਸ਼ੇ ਦੇ ਸੌਦਾਗਰਾਂ ਨੂੰ ਲਾਹਨਤਾਂ ਪਾਉਂਦੇ ਲਿਖਦੇ ਹਨ ਕਿ 'ਤੁਹਾਡੇ ਕਾਰਨ ਪੰਜਾਬ ਵਿਚ ਸਿਵਿਆਂ ਦੀਆਂ ਲੱਕੜਾਂ ਅਤੇ ਚਿੱਟੀਆਂ ਚੁੰਨੀਆਂ ਦੇ ਕਾਰੋਬਾਰ ਵਧੇ-ਫੁੱਲੇ ਹਨ। ਕਈ ਮਾਵਾਂ, ਭੈਣਾਂ, ਧੀਆਂ ਆਪਣੇ ਸਿਰ ਦੇ ਸਾਈਂ, ਭਰਾ ਅਤੇ ਪੁੱਤਰ ਗਵਾ ਕੇ ਕੱਖੋਂ ਹੌਲੀਆਂ ਹੋਈਆਂ ਬੈਠੀਆਂ ਹਨ ਅਤੇ ਕੁਝ ਹੋਣ ਕਿਨਾਰੇ ਨੇ।'

ਇਸੇ ਤਰ੍ਹਾਂ ਰਾਜਨੀਤਕ ਆਗੂ ਪ੍ਰੋ: ਲਕਸ਼ਮੀ ਕਾਂਤਾ ਚਾਵਲਾ ਦੇ ਸ਼ਬਦਾਂ ਵਿਚ "ਸਰਕਾਰ ਹਰ ਸਾਲ ਸ਼ਰਾਬ ਦੀ ਖੱਪਤ ਵਧਾ ਕੇ ਇੱਕੋ-ਇਕ ਟੀਚਾ ਕਿ ਸਰਕਾਰ ਦੀ ਆਮਦਨ ਵਧੇ, ਨੂੰ ਸਾਕਾਰ ਕਰ ਰਹੀ ਹੈ।"

ਨਿਮਰਤ ਕੌਰ ਨੇ ਆਪਣੇ ਇੱਕ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਸਤੰਬਰ 2013 ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸ਼ਰਾਬ ਦੇ ਖੋਖਿਆਂ ਨੂੰ ਕੌਮੀ ਰਾਜ ਮਾਰਗ ਤੋਂ ਹਟਾਉਣ ਦੀ ਹਦਾਇਤ ਦਿੱਤੀ ਸੀ, ਜੋ ਕਿ ਨੈਸ਼ਨਲ ਹਾਈਵੇ ਦੇ ਅਸੂਲਾਂ ਦੀ ਉਲੰਘਣਾ ਹੈ। ਪਾਨੀਪਤ ਤੋਂ ਜਲੰਧਰ ਕੌਮੀ ਰਾਜ ਮਾਰਗ 'ਤੇ ਅਜਿਹੇ 185 ਖੋਖੇ ਹਨ। ਨਿਯਮ ਅਨੁਸਾਰ, ਕਿਸੇ ਵੀ ਰਾਜ ਜਾਂ ਕੌਮੀ ਮਾਰਗ ਦੇ 150 ਗਜ਼ ਦੇ ਦਾਇਰੇ ਵਿਚ ਕੋਈ ਖੋਖਾ ਨਹੀਂ ਹੋਣਾ ਚਾਹੀਦਾ। ਜੁਲਾਈ, 2013 ਵਿਚ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸ਼ਰਾਬ ਦੇ ਨਵੇਂ ਖੋਖਿਆਂ ਦੇ ਲਾਈਸੈਂਸ ਦੇਣ ਤੋਂ ਰੋਕਿਆ ਸੀ। ਸਰਕਾਰ ਵੱਲੋਂ ਕਾਫ਼ੀ ਦਲੀਲਾਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਦਲੀਲ ਸੀ ਕਿ ਖੋਖੇ ਹਟਾਉਣ ਨਾਲ 215 ਕਰੋੜ ਰੁਪਏ ਦਾ ਨੁਕਸਾਨ ਹੋ ਜਾਏਗਾ।' ਹੈਰਾਨੀ ਦੀ ਗੱਲ ਹੈ ਕਿ ਸ਼ਰਾਬ ਤੋਂ ਹੁੰਦੀ ਆਮਦਨ ਪਹਿਲਾਂ ਜਾਂ ਪੰਜਾਬੀਆਂ ਦੀਆਂ ਜਾਨਾਂ?'


ਪ੍ਰਸਿੱਧ ਸਾਹਿਤਕਾਰ ਇਕਵਾਕ ਸਿੰਘ ਪੱਟੀ ਆਪਣੀ ਇੱਕ ਕਿਤਾਬ ਵਿਚ ਜ਼ਿਕਰ ਕਰਦੇ ਹਨ ਕਿ 'ਨਸ਼ਿਆਂ ਦੇ ਖਾਤਮੇ ਲਈ ਸਭ ਤੋਂ ਪਹਿਲਾਂ ਮਾਤਾ-ਪਿਤਾ ਅੱਗੇ ਆਉਣ। ਸਕੂਲ ਅਤੇ ਹੋਰ ਵਿੱਦਿਅਕ ਆਦਾਰੇ ਇਸ ਪਾਸੇ ਵਿਸ਼ੇਸ਼ ਯਤਨ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੇ ਹੋਏ, ਉਨ੍ਹਾਂ ਦਾ ਮਾਰਗ ਦਰਸ਼ਨ ਕਰਨ। ਸੈਂਸਰ ਬੋਰਡ ਰਾਹੀਂ ਫਿਲਮਾਂ, ਸੀਰੀਅਲਾਂ ਵਿਚੋਂ ਨਸ਼ਿਆਂ ਨੂੰ ਬੜਾਵਾ ਦੇਣ ਵਾਲੇ ਦ੍ਰਿਸ਼ਾਂ 'ਤੇ ਪੂਰਨ ਪਾਬੰਦੀ ਲਗਾਈ ਜਾਵੇ। ਨਸ਼ਿਆਂ ਨਾਲੋਂ ਨੌਜਵਾਨਾਂ ਨੂੰ ਫ਼ਲ-ਫਰੂਟ, ਦੁੱਧ, ਦਹੀਂ, ਮੱਖਣ, ਲੱਸੀ ਆਦਿ ਦੇ ਸਰੀਰ ਨੂੰ ਫਾਇਦਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਅਖ਼ਬਾਰਾਂ ਵਿਚ ਵਿਸ਼ੇਸ਼ ਕਾਲਮ ਸ਼ੁਰੂ ਕਰਕੇ ਨਸ਼ਿਆਂ ਸਬੰਧੀ ਜਾਗਰੂਕਤਾ ਲਿਆਂਦੀ ਜਾ ਸਕਦੀ ਹੈ। ਨਸ਼ਿਆਂ ਅਤੇ ਜੀਵਣ ਜਾਂਚ ਦੇ ਸਬੰਧ ਵਿਚ ਧਾਰਮਿਕ ਕਲਾਸਾਂ, ਕੈਂਪ ਅਤੇ ਸੈਮੀਨਾਰ ਹਰ ਸ਼ਹਿਰ, ਪਿੰਡ, ਗਲੀ, ਮੁਹੱਲੇ ਦੇ ਪੱਧਰ 'ਤੇ ਸ਼ੁਰੂ ਕੀਤੇ ਜਾਣ। ਜਨਤਕ ਥਾਵਾਂ 'ਤੇ ਨਸ਼ਿਆਂ ਦੇ ਵਿਰੁੱਧ ਵੱਡੇ ਹੋਰਡਿੰਗ ਬੋਰਡ ਲਗਾਏ ਜਾਣ। ਸਕੂਲੀ ਬੱਚਿਆਂ ਨੂੰ ਖੇਡਾਂ, ਕੁਸ਼ਤੀਆਂ ਆਦਿ ਵੱਲ ਵਿਸ਼ੇਸ਼ ਰੂਪ ਵਿਚ ਪ੍ਰੇਰਿਤ ਕੀਤਾ ਜਾਵੇ। ਮਾਤਾ-ਪਿਤਾ ਆਪ ਵੀ ਘਰ ਵਿਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਕਰਕੇ ਬੱਚਿਆਂ ਲਈ ਉਦਾਹਰਣ ਬਣਨ।'

ਇਸ ਲਈ ਜੇਕਰ ਨਸ਼ਿਆਂ ਨੂੰ ਪੰਜਾਬ ਤੋਂ ਜੜ੍ਹੋਂ ਖ਼ਤਮ ਕਰਨਾ ਹੈ, ਤਾਂ ਸਾਰਿਆਂ ਨੂੰ ਇਕੱਠੇ ਹੋ ਕੇ ਤੁਰਨ ਦੀ ਲੋੜ ਹੈ । ਆਓ! ਇਸ ਕੋਹੜ ਨੂੰ ਖ਼ਤਮ ਕਰਨ ਲਈ ਵੱਡੇ ਪੱਧਰ ਉੱਤੇ ਇਕ ਸਮੂਹਿਕ ਸਮਾਜ ਸੁਧਾਰਕ ਲਹਿਰ ਖੜ੍ਹੀ ਕਰੀਏ। ਇਹ ਲਹਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੰਤਾਂ, ਮਹਾਂਪੁਰਖਾਂ, ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨ, ਅਧਿਆਪਕ, ਸਮਾਜ ਸੇਵੀ ਸੰਸਥਾਵਾਂ, ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਧਰਮ ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸ਼ਾਮਲ ਕਰਕੇ ਹੀ ਖੜ੍ਹੀ ਕੀਤੀ ਜਾ ਸਕਦੀ ਹੈ। ਆਓ ਹੰਭਲਾ ਮਾਰੀਏ, ਇਸ ਵਿਚ ਹੀ ਸਾਡਾ ਸਾਰਿਆਂ ਦਾ ਭਲਾ ਹੈ। ਇਸੇ ਵਿਚ ਹੀ ਪੰਜਾਬ ਦਾ ਭਲਾ ਹੈ, ਦੇਸ਼ ਦਾ ਭਲਾ ਹੈ ਅਤੇ ਕੌਮ ਦਾ ਭਲਾ ਹੈ।



# ਮਨੁੱਖਤਾ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਮਨੁੱਖ ਨੂੰ ਹੋਂਦ ਵਿਚ ਆਇਆ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ ਅਤੇ ਇਸਲਾਮ ਤੇ ਅਤਿ ਆਧੁਨਿਕ ਧਰਮ ਸਿੱਖ ਧਰਮ, ਜਿਹੜਾ ਹਿੰਦੂ ਧਰਮ ਦੀਆਂ ਉਣਤਾਈਆਂ ਦੇਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਤ ਕੀਤੀ ਸੀ ਪਰ ਮਨੁੱਖ ਅਜੇ ਤੱਕ ਪੂਰਨ ਮਨੁੱਖ ਨਹੀਂ ਬਣਿਆ, ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁਝ ਹੋ ਰਿਹਾ ਹੈ? ਮਨੁੱਖ ਦੇ ਹੱਥੋਂ ਮਨੁੱਖ ਦਾ ਹੀ ਘਾਣ ਹੋ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੇ ਜੀਵਨ ਦੇ ਬਾਕੀ ਪਹਿਲੂਆਂ ਵਿਚ ਬਹੁਤ ਉਨਤੀ ਕੀਤੀ ਹੈ, ਜਿਵੇਂ ਆਰਥਿਕ, ਰਾਜਨੀਤਿਕ, ਵਿਗਿਆਨ ਤੇ ਵਿੱਦਿਅਕ ਆਦਿ ਖੇਤਰਾਂ ਵਿਚ। ਪਰ ਨੈਤਿਕ ਕਦਰਾਂ-ਕੀਮਤਾਂ ਪੱਖੋਂ ਮਨੁੱਖ ਪਹਿਲਾਂ ਨਾਲੋਂ ਨਿਘਾਰ ਵਿਚ ਹੈ।

ਅੱਜ ਦਾ ਮਨੁੱਖ ਪੁਰਤਾਨ ਮਨੁੱਖ ਨਾਲੋਂ ਜ਼ਿਆਦਾ ਈਰਖਾਵਾਦੀ, ਅਹੰਕਾਰੀ ਤੇ ਖ਼ੁਦਗਰਜ਼ ਹੋ ਰਿਹਾ ਹੈ। ਸਹਿਣਸ਼ੀਲਤਾ, ਸਬਰ-ਸੰਤੋਖ, ਹਮਦਰਦੀ, ਦਇਆ ਤੇ ਨਿਮਰਤਾ ਆਦਿ ਦੈਵੀ ਗੁਣ ਮਨੁੱਖ ਵਿਚੋਂ ਅਲੋਪ ਹੋ ਰਹੇ ਹਨ। ਪਦਾਰਥਵਾਦ ਮਨੁੱਖੀ ਸ਼ਾਂਤੀ, ਸੁੱਖਮਈ ਤੇ ਖ਼ੁਸ਼ਹਾਲੀ ਦਾ ਇਕੱਲਾ ਹੱਲ ਨਹੀਂ, ਲੋੜ ਹੈ, ਮਨੁੱਖ ਗੁਣਾਂ ਨੂੰ ਅਪਨਾਉਣ ਦੀ, ਭਾਵ ਮਨੁੱਖ ਨੂੰ ਧਰਮ ਦੇ ਸਿਧਾਂਤਾਂ 'ਤੇ ਚੱਲਣ ਦੀ ਲੋੜ ਹੈ।

ਕੋਈ ਮਨੁੱਖ ਵੀ ਆਪਣੇ ਆਪ ਨੂੰ ਸਵੀਕਾਰ ਕਰਨ ਨੂੰ ਤਿਆਰ ਨਹੀਂ, ਸਗੋਂ ਈਰਖਾ ਤੇ ਅਹੰਕਾਰ ਦੀ ਅੱਗ ਵਿਚ ਜਲ ਰਿਹਾ ਹੈ ਤੇ ਫਿਰ ਮਨ ਨੂੰ ਸ਼ਾਂਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ ਤੇ ਸਮਾਜ ਵਿਚ ਲੜਾਈਆਂ, ਝਗੜੇ ਤੇ ਕਤਲੋਗਾਰਤ ਬੰਦ ਕਿਵੇਂ ਹੋ ਸਕਦੇ ਹਨ। ਈਰਖਾਵਾਦੀ ਤੇ ਅਹੰਕਾਰੀ ਤੇ ਖ਼ੁਦਗਰਜ਼ ਲੋਕ ਮਨੁੱਖਤਾ ਦੇ ਕਾਤਲ ਹੁੰਦੇ ਹਨ।

ਆਪ ਚੰਗਾ ਬਣਨ ਲਈ ਤੇ ਦੂਜੇ ਨੂੰ ਨੀਵਾਂ ਦਿਖਾਉਣ ਲਈ ਇਹ ਮਨਮੁਖਿ ਲੋਕ ਕੀ ਕੁਝ ਨਹੀਂ ਕਰਦੇ। ਕਿਹਾ ਜਾਂਦਾ ਹੈ ਕਿ ਸਾਮਰਾਜਵਾਦ ਮਨੁੱਖਤਾ ਦੇ ਘੱਟ ਕਾਤਲ ਨਹੀਂ। ਇਸੇ ਤਰ੍ਹਾਂ ਭੇਖੀ ਲੋਕ ਵੀ ਮਨੁੱਖ ਦੇ ਘੱਟ ਦੁਸ਼ਮਣ ਨਹੀਂ।

ਪੂਰਨ ਸਿੱਖ ਬਣਨਾ ਸੌਖਾ ਨਹੀਂ। "ਫਰਿਸ਼ਤੋ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ"

ਜਿਹੜੇ ਲੋਕ ਬਾਹਰੋਂ ਹੋਰ, ਅੰਦਰੋਂ ਹੋਰ ਹੁੰਦੇ ਹਨ, ਉਹ ਵੀ ਸਮਾਜ ਲਈ ਅਤਿ ਹਾਨੀਕਾਰਕ ਹੁੰਦੇ ਹਨ।

ਸਾਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਸਮਝੀਏ ਤੇ ਸਵੀਕਾਰ ਕਰੀਏ, ਨਾ ਕਿ ਆਪਣੇ ਆਪ ਨੂੰ ਵਧੀਆ ਬਣਨ ਤੇ ਦੂਜੇ ਨੂੰ ਘਟੀਆ ਸਾਬਤ ਕਰਨ ਦਾ ਯਤਨ ਕਰੀਏ। ਦੂਜਿਆਂ ਨੂੰ ਭੀ ਬਣਦਾ ਅਧਿਕਾਰ ਤੇ ਇੱਜ਼ਤ ਦੇਵੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਆਪਣੇ ਅੰਦਰ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਤੇ ਨੈਤਿਕਤਾ ਪੈਦਾ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਬੰਦਾ ਬਣਨ ਦੀ ਸਿੱਖਿਆ ਦਿੰਦੇ ਹਨ, ਜਿਵੇਂ ਫੁਰਮਾਉਂਦੇ ਹਨ: "ਕਰਤੂਤਿ ਪਸ਼ੂ ਕੀ ਮਾਨਸ ਜਾਤਿ"। ਪਰ ਮਨੁੱਖ ਬਣਨਾ ਸੌਖਾ ਨਹੀਂ,

ਪਰ ਮਨੁੱਖ ਬਣਨਾ ਸੌਖਾ ਨਹੀਂ, "ਫਰਿਸ਼ਤੋ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ"। ਆਦਮੀ ਮੇਂ ਲਾਖੋਂ ਜੌਹਰ ਹੋਂ ਅਗਰ ਆਦਮੀਅਤ ਨਹੀਂ ਤੋ ਕੁੱਛ ਭੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ 'ਤੇ ਹੋਣੇਂ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ॥" ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ।

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮ ਮੂਲੇ ਨਾ ਕੀਚੈ, ਜਿਤੁ ਅੰਤਿ ਪਛੋਤਾਈਐ॥"

# ਬਲਦੇਵ ਸਿੰਘ ਧਾਲੀਵਾਲ ਦੀ ਕਿਤਾਬ ਸੁਲਘਦੇ ਸਮਿਆਂ ਦਾ ਸੱਚ ਕਰੋਨਾ ਸਾਲ ਦੇ ਸਾਹਿਤਕ ਸਰੋਕਾਰ

-ਦਿਲਜੀਤ ਸਿੰਘ ਬੇਦੀ
(Punjab Mail USA)



ਪੰਜਾਬੀ ਸਾਹਿਤ ਦਾ ਬਲਦੇਵ ਸਿੰਘ ਧਾਲੀਵਾਲ ਸਥਾਪਤ ਹਸਤਾਖ਼ਰ ਹੈ। ਉਸ ਦੀਆਂ ਹੁਣ ਤੱਕ ਪੰਤਾਲੀ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਇਕ ਕਾਵਿ-ਸੰਗ੍ਰਹਿ, ਦੋ ਕਹਾਣੀ-ਸੰਗ੍ਰਹਿ, ਚਾਰ ਸਫ਼ਰਨਾਮੇ, ਇਕ ਵਾਰਤਕ, ਅਠਾਰਾਂ ਆਲੋਚਨਾ ਦੀਆਂ ਅਤੇ ਵੀਹ ਸੰਪਾਦਕ ਪੁਸਤਕਾਂ ਸ਼ਾਮਲ ਹਨ। ਇਸ ਨੇ ਕਰੋਨਾ ਸੰਕਟ ਅਤੇ ਕਿਸਾਨੀ ਸੰਘਰਸ਼ ਦੇ ਦੌਰ ਵਿਚ ਸਾਲ 2021 ਦੇ ਬਿਹਤਰੀਨ ਪੰਜਾਬੀ ਸਾਹਿਤ ਨੂੰ ਸੰਪਾਦਨ ਕਰਕੇ ਇਕ ਵੱਖਰੀ ਮਿਸਾਲ ਕਾਇਮ ਕੀਤੀ ਹੈ। ਇਹ ਕਿਤਾਬ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਵੱਡੇ ਸੁਪਨੇ ਲੈਣ ਵਾਲੇ ਦਾਰਸ਼ਨਿਕ ਕਵੀ ਸੁਰਜੀਤ ਸਿੰਘ ਪਾਤਰ ਨੂੰ ਸਮਰਪਿਤ ਕੀਤੀ ਗਈ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਸਾਲ 2021 ਦਾ ਵਰ੍ਹਾ ਪੰਜਾਬ, ਭਾਰਤ ਲਈ ਹੀ ਨਹੀਂ, ਬਲਕਿ ਸਮੁੱਚੀ ਲੋਕਾਈ ਦੇ ਚੇਤਿਆਂ ਵਿਚ ਉੱਕਰ ਜਾਣ ਵਾਲਾ ਸਾਲ ਮੰਨਿਆ ਜਾ ਚੁੱਕਾ ਹੈ। ਵਿਸ਼ਵ 'ਚ ਕਰੋਨਾ ਦੇ ਸੰਕਟ ਅਤੇ ਭਾਰਤ ਵਿਚ ਕਿਸਾਨੀ ਦੇ ਲਾਮਿਸਾਲ ਅੰਦੋਲਨ ਕਰਕੇ ਇਸ ਵਰ੍ਹੇ ਦੀ ਇਤਿਹਾਸਕ ਮਹੱਤਤਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਇਸ ਦੌਰ-ਵਿਸ਼ੇਸ਼ ਦੀ ਸੰਵੇਦਨਾ ਦੀਆਂ ਡੂੰਘੀਆਂ ਰਮਜ਼ਾਂ ਇਸ ਵਰ੍ਹੇ ਦੀ ਸਾਹਿਤ-ਸਿਰਜਣਾ ਰਾਹੀਂ ਉਜਾਗਰ ਹੁੰਦੀਆਂ ਹਨ। ਇਸ ਦੌਰ ਦੇ ਇਤਿਹਾਸਕ ਮਹੱਤਵ ਵਾਲੇ ਬਿਹਤਰੀਨ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਸੰਭਾਲਣ ਦੀ ਦਿਸ਼ਾ ਵੱਲ ਹੱਥਲੀ ਪੁਸਤਕ ਪ੍ਰਸ਼ੰਸਾਜਨਕ ਕਦਮ ਹੈ।

ਇਹ ਇਕ ਵੱਖਰੇ ਅੰਦਾਜ਼ ਦੀ ਪੁਸਤਕ ਹੈ। ਪੰਜਾਬੀ ਵਿਧਾਵਾਂ, ਕਲਾਵਾਂ ਦੀਆਂ ਬਿਹਤਰੀਨ ਕਿਰਤਾਂ ਨੂੰ ਸੰਗ੍ਰਹਿ ਕਰਕੇ ਪੰਜਾਬੀ ਕਲਾ-ਪ੍ਰੇਮੀਆਂ ਅੱਗੇ ਪਰੋਸਿਆ ਗਿਆ ਹੈ, ਤਾਂ ਜੋ ਉਹ ਪੰਜਾਬੀਆਂ ਦੀਆਂ ਸਰਵੋਤਮ ਕਿਰਤਾਂ ਨੂੰ ਬਿਨਾਂ ਬਹੁਤੇ ਤਰੱਦਦ ਤੋਂ ਇਕੋ ਜਗ੍ਹਾ 'ਤੇ ਪ੍ਰਾਪਤ ਕਰ ਸਕਣ, ਸਭ ਸੀਮਾਵਾਂ ਦੇ ਬਾਵਜੂਦ ਇਹ ਇਕ ਨਵਾਂ, ਨਿਵੇਕਲਾ ਅਤੇ ਅਹਿਮ ਤਜ਼ਰਬਾ ਹੈ। ਸਾਲ-ਵਿਸ਼ੇਸ਼ ਦਾ ਸਮੁੱਚੇ ਪੰਜਾਬੀ ਸਾਹਿਤ ਸਬੰਧੀ ਅਜਿਹਾ ਵੱਡਾ ਇਤਿਹਾਸਕ ਮਹੱਤਤਾ ਵਾਲਾ ਕਾਰਜ ਪਹਿਲੀ ਵਾਰ ਹੋਇਆ ਹੈ। ਸੰਪਾਦਕ ਵਧਾਈ ਦਾ ਪਾਤਰ ਹੈ।

ਸੁਘੜ ਸੰਪਾਦਕ ਨੇ ਹੱਥਲੀ ਕਿਤਾਬ ਨੂੰ ਛੇ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਚੋਣਵੀਂ ਪੰਜਾਬੀ ਕਹਾਣੀ ਸਰਵੇਖਣ ਅਤੇ ਮੁਲਾਂਕਣ ਬਲਦੇਵ ਸਿੰਘ ਧਾਲੀਵਾਲ


ਬਲਦੇਵ ਸਿੰਘ ਧਾਲੀਵਾਲ




ਵੱਲੋਂ ਕੀਤਾ ਗਿਆ ਹੈ। 'ਮੈਂ ਰੋ ਨਾ ਲਵਾਂ ਇੱਕ ਵਾਰ' ਵਰਿਆਮ ਸਿੰਘ ਸੰਧੂ, 'ਇੱਕ ਬੁੱਲਾ ਹਵਾ ਦਾ' ਸੁਕੀਰਤ, 'ਬੇਵਿਸਾਹੀ ਰੁੱਤ' ਹਰਪ੍ਰੀਤ ਸੇਖਾ, 'ਬੇਖ਼ਬਰ' ਕਰਾਮਤ ਮੁਗਲ, 'ਅਲੈਹਾ' ਗੁਰਮੀਤ ਕੜਿਆਲਵੀ, 'ਆਕਰੋਸ਼' ਕੁਲਬੀਰ ਬਡੇਸਰੋਂ, 'ਆਪੋ ਆਪਣੇ ਮੋਰਚੇ' ਬਿੰਦਰ ਬਸਰਾ, 'ਚਾਬੀਆਂ ਦਾ ਗੁੱਛਾ' ਵਿਪਨ ਗਿੱਲ, 'ਸੂਲਾਂ ਵਰਗੇ ਪੱਤੇ' ਗੁਰਮੀਤ ਪਨਾਗ, 'ਅੱਗ ਦੀ ਸਾਂਝ' ਪਰਵੇਜ਼ ਸੰਧੂ। ਚੋਣਵੀਂ ਪੰਜਾਬੀ ਮਿੰਨੀ ਕਹਾਣੀ: ਸਰਵੇਖਣ ਤੇ ਮੁਲਾਂਕਣ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ ਹੈ, ਇਸ ਵਿਚ ਪੰਦਰਾਂ ਮਿੰਨੀ ਕਹਾਣੀਆਂ ਸ਼ਾਮਲ ਹਨ, 'ਬਾਰਡਰ ਅੰਦਰ ਬਾਰਡਰ' ਸ਼ਿਆਮ ਸੁੰਦਰ ਦੀਪਤੀ, 'ਵਿਰਾਸਤ' ਕੁਲਵਿੰਦਰ ਕੌਸ਼ਲ, 'ਪੱਥਰ-ਚੱਟ' ਪ੍ਰਦੀਪ ਕੌੜਾ, 'ਬਾਜ਼ੀ' ਜਗਦੀਸ਼ ਰਾਏ ਕੁਲਰੀਆਂ, 'ਸਮੁੰਦਰੀ ਝੱਗ' ਪ੍ਰਦੀਪ ਮਹਿਤਾ, 'ਧਰਮ ਬੀਰ' ਇੰਦਰ ਸਿੰਘ ਬਨਭੌਰੀ, 'ਉਂਗਲਾਂ ਬੋਲਦੀਆਂ' ਮੰਗਤ ਕੁਲਜਿੰਦ, 'ਫੋਟੋ' ਸੋਮਾ ਕਲਸੀਆਂ, 'ਵਿਰਾਸਤ ਕਵਿਤਾ' ਰਾਜਬੰਸ, 'ਵਿਲੱਖਣ ਵਿਆਹ' ਕੈਲਾਸ਼ ਠਾਕੁਰ, 'ਅਵਾਜ਼ਾਂ' ਜਸਬੀਰ ਢੰਡ, 'ਪੱਗ' ਨਿਰੰਜਣ ਬੋਹਾ, 'ਮੋਹ ਦੀਆਂ ਤੰਦਾਂ' ਬੁੱਧ ਸਿੰਘ ਨਡਾਲੋਂ, 'ਰੌਸ਼ਨੀ' ਨਾਇਬ ਸਿੰਘ ਮੰਡੇਰ। ਭਾਗ ਦੂਜਾ ਚੋਣਵੀਂ ਪੰਜਾਬੀ ਕਵਿਤਾ: ਸਰਵੇਖਣ ਅਤੇ ਮੁਲਾਂਕਣ ਅਰਵਿੰਦਰ ਕੌਰ ਕਾਕੜਾ, ਪੰਜਾਬੀ ਰਿਕਾਰਡ ਗੀਤਕਾਰੀ: ਸਰਵੇਖਣ ਤੇ ਮੁਲਾਂਕਣ ਸਿਮਰਨਜੀਤ ਸਿੰਘ ਵੱਲੋਂ ਹੋਇਆ ਹੈ। ਇਸ ਵਿਚ ਨਾਮਵਰ ਗੀਤਕਾਰਾਂ ਦੀਆਂ 35 ਮਿਆਰੀ ਤੇ ਯਾਦਗਾਰੀ ਰਚਨਾਵਾਂ ਹਨ। 'ਫਤਿਹ ਇਬਾਰਤ' ਸਤਿੰਦਰ ਸਰਤਾਜ, 'ਪੰਜਾਬ ਬੋਲਦਾ' ਰਣਜੀਤ ਬਾਵਾ, 'ਚੱਲ ਜਿੰਦੀਏ' ਅਮਰਿੰਦਰ ਗਿੱਲ, 'ਬੰਦ ਦਰਵਾਜੇ' ਅਮਰਿੰਦਰ ਗਿੱਲ, 'ਹੈਪੀਨੈਂਸ' ਤਰਸੇਮ ਜੱਸੜ, 'ਚੁੰਨੀ' ਕੁਲਵਿੰਦਰ ਬਿੱਲਾ, 'ਬਾਪੂ' ਅੰਮ੍ਰਿਤ ਮਾਨ, 'ਜੰਮੇ ਨਾਲ ਦੇ' ਰਾਜਵੀਰ ਜਵੰਧਾ, 'ਜਵਾਨੀ ਜ਼ਿੰਦਾਬਾਦ' ਕੰਵਰ ਗਰੇਵਾਲ-ਹਰਫ਼ ਚੀਮਾ, 'ਪਹਾੜਾਂ ਵੱਲ ਦੇਖੀਏ' ਮਨਪ੍ਰੀਤ, 'ਪੰਜਾਬੀ ਨਜ਼ਮ ਜਾਣ-ਪਛਾਣ' ਗੁਰਪ੍ਰੀਤ ਨੇ ਕਰਵਾਈ ਹੈ ਜਿਸ ਵਿਚ ਚੋਣਵੀਂ ਪੰਜਾਬੀ ਕਵਿਤਾ, 'ਬਿੰਦੀ' ਅਮਰਜੀਤ ਚੰਦਨ, 'ਅਮੀਰ' ਅੰਬਰੀਸ਼, 'ਦੁੱਖ' ਅਮਰਜੀਤ ਕੌਂਕੇ, 'ਪਰਮੇਸ਼ਰ ਦੀ ਪਤਨੀ' ਸੁਖਪਾਲ, 'ਬੇਉਨਵਾਨ' ਸਵਰਨਜੀਤ ਸਵੀ, 'ਇਕ ਪਿਆਰ ਕਵਿਤਾ' ਸਤਪਾਲ ਭੀਖੀ, 'ਭੁੱਲਣਹਾਰ' ਸਵਾਮੀ ਅੰਤਰ ਨੀਰਵ, 'ਧੀ ਦਾ ਪਿਉ' ਸੰਦੀਪ ਸ਼ਰਮਾ, 'ਬੇਉਣਵਾਨ' ਸ਼ਿਵਦੀਪ, 'ਅਟੈਚੀ' ਸੰਦੀਪ ਜਸਵਾਲ, 'ਤਵੀ' ਸਰਬਜੀਤ ਕੌਰ ਜੱਸ, 'ਵਿਦਾ ਹੋਣ ਵੇਲੇ' ਹਰਮੀਤ ਵਿਦਿਆਰਥੀ, 'ਥੋੜ੍ਹਾ ਅਪਣੀ ਤਰ੍ਹਾਂ' ਗੁਲ ਚੌਹਾਨ, 'ਕੁੜੀਓ' ਕਰਨਜੀਤ ਕੋਮਲ, 'ਸਰਦੀ' ਗੁਰਦੇਵ ਚੌਹਾਨ, 'ਖੂਹ' ਜਸਵੰਤ ਜ਼ਫ਼ਰ, 'ਛੋਟੀ ਉਡਾਣ' ਜਗਦੀਪ ਸਿੱਧੂ, 'ਚਰਖਾ' ਜਗਦੀਪ ਜਵਾਹਰਕੇ, 'ਕੋਈ ਗੁੰਮ ਹੈ' ਤਨਵੀਰ, 'ਸਿਆਹ-ਕਾਲ਼ਾ' ਤਰਸੇਮ, 'ਰਿਸ਼ਤੇ' ਦਰਸ਼ਨ ਬੁੱਟਰ, 'ਧਰਤੀ ਦਾ ਅਪਮਾਨ' ਨਵਤੇਜ ਭਾਰਤੀ, 'ਕਵੀ ਦਾ ਦਿਲ' ਨੀਤੂ ਅਰੋੜਾ, '15 ਅਗਸਤ' ਨਰਿੰਦਰ ਪਾਲ ਕੌਰ, 'ਕਵੀ ਦਾ ਘਰ' ਪਰਮਿੰਦਰ ਸੋਢੀ, 'ਫੋਕਸ' ਪਾਲ ਕੌਰ, 'ਏਕਾਂਤ ਨੂੰ ਹੋਰ ਨਾ ਤਰਾਸ਼' ਭੁਪਿੰਦਰਪ੍ਰੀਤ, 'ਭੁੱਲਣਾ ਨਾ ਭੁੱਲਣਾ' ਮੋਹਨਜੀਤ, 'ਛਤਰੀ' ਮਿੰਦਰ, 'ਸ਼ਬਦ ਸ਼ਬਦ' ਮਨਮੋਹਨ, 'ਚਾਚੀ' ਜੀਤ ਕੌਰ ਮਦਨ ਵੀਰਾ, 'ਰੋਕ ਇਸਨੂੰ' ਰਾਜਵਿੰਦਰ ਮੀਰ, 'ਤਿੰਨ ਅਹਿਸਾਸ' ਰੁਪਿੰਦਰ ਸਿੰਘ ਔਲਖ, 'ਦਰੱਖ਼ਤ' ਵਰਿੰਦਰ ਪਰਿਹਾਰ, 'ਮੇਰਾ 2021' ਨਵਤੇਜ ਭਾਰਤੀ, ਚੋਣਵੀਆਂ ਪੰਜਾਬੀ ਗ਼ਜ਼ਲਾਂ, ਚੋਣਕਾਰ ਗੁਰਤੇਜ ਕੁਹਾਰਵਾਲਾ ਇਸ ਭਾਗ ਵਿਚ 24 ਗ਼ਜ਼ਲਗੋ ਸ਼ਾਮਲ ਹਨ, ਜਿਵੇਂ ਰਮਨ ਸੰਧੂ, ਪ੍ਰੀਤ ਮਨਪ੍ਰੀਤ, ਦੀਪਕ ਧਲੇਵਾਂ, ਮੁਕੇਸ਼ ਆਲਮ, ਸਤੀਸ਼ ਗੁਲਾਟੀ, ਵਿਜੇ ਵਿਵੇਕ, ਗੁਰਤੇਜ ਕੋਹਾਰਵਾਲਾ, ਜਗਜੀਤ ਸੰਧੂ, ਅਨੂ ਬਾਲਾ, ਸੁਨੀਲ ਚੰਦਿਆਣਵੀ, ਸਿਮਰਨਜੋਤ ਮਾਨ, ਵਾਹਿਦ, ਮਨਜੀਤ ਪੁਰੀ, ਗੁਰਤੇਜ ਕੋਹਾਰਵਾਲਾ, ਰਾਜਵੰਤ ਰਾਜ, ਬਰਜਿੰਦਰ ਚੌਹਾਨ, ਜਗਵਿੰਦਰ ਜੋਧਾ, ਰਣਜੀਤ ਸਰਾਂਵਾਲੀ, ਕਵਿੰਦਰ ਚਾਂਦ, ਜੋਗਿੰਦਰ ਨੂਰਮੀਤ ਅਤੇ ਕਰਮਜੀਤ ਕੌਰ 'ਜਲਾਲ'। ਭਾਗ ਤੀਜੇ ਵਿਚ 19 ਚੋਣਵੀਆਂ ਵਾਰਤਕ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਸ ਵਿਚ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਵਰਿਆਮ ਸਿੰਘ ਸੰਧੂ, 'ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ' ਜਸਵੰਤ ਸਿੰਘ ਜ਼ਫ਼ਰ, 'ਸਮਾਂ ਇਹੋ ਜਿਹਾ ਆ ਗਿਆ ਹੈ' ਸੁਰਜੀਤ ਪਾਤਰ, 'ਧੁੱਪਾਂ-ਛਾਂਵਾਂ' ਨਰਿੰਦਰ ਸਿੰਘ ਕਪੂਰ, 'ਅਨੂੰ ਤੇ ਸ਼ਿਵ' ਸੁਕੀਰਤ, 'ਭਾਈ ਰਾਮ ਸਿੰਘ' ਹਰਪਾਲ ਸਿੰਘ ਪੰਨੂੰ, 'ਗੋਰਖ ਨਾਥ ਦਾ ਚੇਲਾ--ਦੇਵ ਥਰੀਕੇ ਵਾਲਾ' ਗੁਰਮੀਤ ਕੜਿਆਲਵੀ, 'ਦੱਬੇ-ਕੁਚਲੇ ਲੋਕਾਂ ਦੀ ਮਸੀਹਾ-ਲੇਡੀ ਗੌਡਿਵਾ' ਹਰਜੀਤ ਅਟਵਾਲ, 'ਮੁੜ ਚੜ੍ਹਿਆ ਭਾਰਤੀ ਹਾਕੀ ਦਾ ਸੂਰਜ' ਸਵਰਨ ਸਿੰਘ, 'ਨਕਾਰਾ ਘੋੜਾ' ਨਿੰਦਰ ਘੁਗਿਆਣਵੀ, 'ਝਮੇਲਿਆਂ ਦਾ ਉਪਰੰਤ ਦਰਮਿਆਨ' ਵੀਰ ਦਵਿੰਦਰ ਸਿੰਘ, 'ਕਨੇਡਾ ਕਨੇਡਾ ਮੈ ਜਾਣਾ' ਜੋਗਿੰਦਰ ਬਾਠ, 'ਬੁਰਾ ਨਹੀਂ ਹੁੰਦਾ ਬੋਰ ਹੋਣਾ' ਅਤਿੰਦਰ ਸੰਧੂ, 'ਪੰਜਾਬ ਐਂਡ ਸੰਨਜ਼' ਚਰਨਜੀਤ ਭੁੱਲਰ, 'ਕੁਝ ਵਾਰਤਕ- ਟੋਟੇ' ਸਤੀਸ਼ ਕੁਮਾਰ ਵਰਮਾ, 'ਸਾਹਿਤਕ ਇਲਹਾਮ ਵੇਲੇ ਚੇਤਨ ਅਵਚੇਤਨ ਤੇ ਅਰਧ ਚੇਤਨ ਮੋਢਾ ਜੋੜ ਕੇ ਚਲਦੇ ਹਨ' ਗੁਰਬਚਨ ਸਿੰਘ ਭੁੱਲਰ, 'ਵਕਤ ਤੇ ਮੈਂ-ਇਕ ਅਧੂਰੀ ਲਿਖਤ' ਮਕਸੂਦ ਸਾਕਿਬ, 'ਉੱਚਾ ਬੁਰਜ ਲਾਹੌਰ ਦਾ' ਹਰਕੀਰਤ ਚਾਹਲ ਅਤੇ 'ਵੇਖਿਆ ਸ਼ਹਿਰ ਬੰਬਈ' ਗੁਰਚਰਨ ਸਿੰਘ ਸੱਗੂ ਹੋਰਾਂ ਦੀਆਂ ਕਿਰਤਾਂ ਸ਼ਾਮਲ ਹਨ। ਭਾਗ ਚੌਥਾ 'ਕਿਸਾਨੀ ਸੰਘਰਸ਼ ਵਿਚ ਰੰਗਮੰਚ' ਕੇਵਲ ਧਾਲੀਵਾਲ, 'ਕਿਸਾਨੀ ਅੰਦੋਲਨ ਨੂੰ ਸਮਰਪਿਤ ਰਿਹਾ 2021 ਦਾ ਪੰਜਾਬੀ ਰੰਗਮੰਚ' ਹਰਪ੍ਰੀਤ ਸਿੰਘ, ਭਾਗ ਪੰਜਵਾਂ ਵਿਚ ਪੰਜਾਬੀ ਨਾਵਲ: ਸਰਵੇਖਣ ਤੇ ਮੁਲਾਂਕਣ ਜੇ.ਬੀ.ਸੇਖੋਂ ਅਤੇ ਭਾਗ ਛੇਵਾਂ ਪੰਜਾਬੀ ਫ਼ਿਲਮਾਂ: ਸਰਵੇਖਣ ਤੇ ਮੁਲਾਂਕਣ ਇਕਬਾਲ ਸਿੰਘ ਚਾਨਾ ਵੱਲੋਂ ਕੀਤਾ ਗਿਆ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵੱਲੋਂ ਕੀਤਾ ਗਿਆ ਹੈ। ਇਸ ਵੱਡ ਅਕਾਰੀ ਪੁਸਤਕ ਦੇ 540 ਪੰਨੇ ਅਤੇ ਮੁੱਲ 800 ਰੁਪਏ ਰੱਖਿਆ ਗਿਆ ਹੈ। ਇਸ ਪੁਸਤਕ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

# ਸਰਕਾਰ ਅਤੇ ਸੁਪਰੀਮ ਕੋਰਟ ਦੇ ਕੁਝ ਸਰਾਹੁਣਯੋਗ ਫੈਸਲੇ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਸਰਕਾਰ, ਸੁਪਰੀਮ ਕੋਰਟ ਅਤੇ ਵੱਖ-ਵੱਖ ਅਦਾਰਿਆਂ ਵੱਲੋਂ ਬੀਤੇ ਦਿਨੀਂ ਕੁਝ ਸਰਾਹੁਣਯੋਗ ਫੈਸਲੇ ਅਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਆਪਣੇ ਇਕ ਮਹੱਤਵਪੂਰਨ ਫੈਸਲੇ ਦੌਰਾਨ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ, "ਇੰਟਰਨੈੱਟ ਮੀਡੀਆ 'ਤੇ ਗ਼ਲਤ ਪੋਸਟ ਪਾਉਣ ਦੇ ਨਤੀਜੇ ਭੁਗਤਣੇ ਪੈਣਗੇ।" ਇੰਟਰਨੈੱਟ ਮੀਡੀਆ ਦੀ ਪਹੁੰਚ ਤੇ ਪ੍ਰਭਾਵ ਪ੍ਰਤੀ ਸਾਵਧਾਨ ਰਹਿਣ ਦੀ ਨਸੀਹਤ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਤੁਸੀਂ ਕੋਈ ਅਪਮਾਨਜਨਕ ਟਿੱਪਣੀ ਕਰਦੇ ਹੋ, ਤਾਂ ਉਸਦੇ ਨਤੀਜੇ ਭੁਗਤਣ ਲਈ ਵੀ ਤਿਆਰ ਰਹੋ। ਸੁਪਰੀਮ ਕੋਰਟ ਨੇ ਇਹ ਸ਼ਬਦ 2018 ਦੇ ਇਕ ਕੇਸ, ਜਿਹੜਾ ਇਸਤਰੀ ਪੱਤਰਕਾਰ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਨਾਲ ਸਬੰਧਤ ਹੈ, ਦੇ ਪ੍ਰਸੰਗ ਵਿਚ ਕਹੇ। ਦੋਸ਼ੀ ਦੇ ਵਕੀਲ ਦੀ ਦਲੀਲ ਬੜੀ ਹਾਸੋਹੀਣੀ ਸੀ ਕਿ ਪੋਸਟ ਲਿਖਣ ਵੇਲੇ ਉਸਨੇ ਅੱਖਾਂ 'ਚ ਕੋਈ ਦਵਾਈ ਪਾਈ ਹੋਈ ਸੀ, ਜਿਸ ਕਾਰਨ ਉਹ ਆਪਣੇ ਲਿਖੇ ਨੂੰ ਸਹੀ ਤਰ੍ਹਾਂ ਪੜ੍ਹ ਨਹੀਂ ਸਕਿਆ।

ਇਕ ਹੋਰ ਫੈਸਲੇ ਵਿਚ ਭਾਰਤ ਦੇ ਐੱਨ.ਐੱਮ.ਸੀ. (ਨੈਸ਼ਨਲ ਮੈਡੀਕਲ ਕਮਿਸ਼ਨ) ਨੇ ਭਾਰਤ ਦੇ ਡਾਕਟਰਾਂ ਦੁਆਰਾ ਇੰਟਰਨੈੱਟ ਮੀਡੀਆ ਨੂੰ ਵਰਤਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਡਾਕਟਰਾਂ ਨੂੰ ਕਿਹਾ ਗਿਆ ਹੈ ਕਿ ਇੰਟਰਨੈੱਟ ਮੀਡੀਆ 'ਤੇ ਇਲਾਜ ਨਾ ਵੰਡਿਆ ਜਾਵੇ। ਟੈਲੀਮੈਡੀਸਨ ਅਤੇ ਇੰਟਰਨੈੱਟ ਮੀਡੀਆ ਦਾ ਫ਼ਰਕ ਸਮਝਣ ਦੀ ਲੋੜ ਹੈ। ਕਿਹਾ ਗਿਆ ਹੈ ਕਿ ਇੰਟਰਨੈੱਟ ਮੰਚਾਂ 'ਤੇ ਮਰੀਜ਼ਾਂ ਦੇ ਇਲਾਜ ਦੀ ਚਰਚਾ ਨਹੀਂ ਕਰਨੀ ਚਾਹੀਦੀ ਅਤੇ ਦਵਾਈ ਵੀ ਨਹੀਂ ਲਿਖਣੀ ਚਾਹੀਦੀ। ਮਰੀਜ਼ਾਂ ਦੇ ਸਬੰਧ ਵਿਚ ਜਾਣਕਾਰੀ ਦੇਣੀ ਵੀ ਜਾਇਜ਼ ਨਹੀਂ। ਹਾਂ, ਜੇਕਰ ਕੋਈ ਮਰੀਜ਼ ਇੰਟਰਨੈੱਟ ਮੀਡੀਆ ਰਾਹੀਂ ਡਾਕਟਰ ਨਾਲ ਤਾਲਮੇਲ ਕਰਦਾ ਹੈ, ਤਾਂ ਸਥਿਤੀ ਅਨੁਸਾਰ ਮਾਰਗ-ਦਰਸ਼ਨ ਕੀਤਾ ਜਾ ਸਕਦਾ ਹੈ। ਡਾਕਟਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਰਜਰੀ ਦੀਆਂ ਵੀਡੀਓ ਵੀ ਜਾਰੀ ਨਾ ਕਰਨ। ਹਾਂ, ਇਸ ਸਬੰਧ ਵਿਚ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ, ਜਿਹੜੀ ਤੱਥਾਂ 'ਤੇ ਆਧਾਰਿਤ ਹੋਵੇ। ਕੋਈ ਵੀ ਜਾਣਕਾਰੀ ਭਰਮ ਫੈਲਾਉਣ ਵਾਲੀ ਨਾ ਹੋਵੇ।

ਇਸਦੇ ਨਾਲ ਹੀ ਡਾਕਟਰਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਕੇਵਲ ਜੈਨਰਿਕ ਦਵਾਈਆਂ ਹੀ ਲਿਖਣ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ। ਪਹਿਲੇ ਕਦਮ 'ਤੇ ਡਾਕਟਰ ਨੂੰ ਚੇਤਾਵਨੀ ਦਿੱਤੀ ਜਾਵੇਗੀ। ਵਾਰ-ਵਾਰ ਨਿਯਮ ਦੀ ਉਲੰਘਣਾ ਕਰਨ 'ਤੇ ਸੀਮਤ ਸਮੇਂ ਲਈ ਲਾਇਸੈਂਸ ਵੀ ਮੁਅੱਤਲ ਕੀਤਾ ਜਾਵੇਗਾ। ਜੈਨਰਿਕ ਦਵਾਈਆਂ ਦੇ ਨਾਮ ਸਾਫ਼ ਵੱਡੇ ਅੱਖਰਾਂ ਵਿਚ ਲਿਖੇ ਜਾਣ। ਕੋਸ਼ਿਸ਼ ਕੀਤੀ ਜਾਵੇ ਕਿ ਪਰਚੀ ਕੰਪਿਊਟਰ 'ਤੇ ਪ੍ਰਿੰਟ ਕੀਤੀ ਹੋਵੇ।

ਅਜਿਹੀਆਂ ਹੀ ਹਦਾਇਤਾਂ ਸਾਲ 2002 ਵਿਚ ਵੀ ਜਾਰੀ ਕੀਤੀਆਂ ਗਈਆਂ ਸਨ



ਪਰੰਤੂ ਉਦੋਂ ਡਾਕਟਰਾਂ ਵਿਰੁੱਧ ਕਾਰਵਾਈ ਦਾ ਜ਼ਿਕਰ ਨਹੀਂ ਸੀ। ਐੱਨ.ਐੱਮ.ਸੀ. ਦਾ ਕਹਿਣਾ ਹੈ ਕਿ ਜੈਨਰਿਕ ਦਵਾਈਆਂ 30 ਤੋਂ 80 ਫ਼ੀਸਦੀ ਤੱਕ ਸਸਤੀਆਂ ਹਨ। ਜੈਨਰਿਕ ਦਵਾਈਆਂ ਲਿਖਣ ਨਾਲ ਸਿੱਧੇ ਤੌਰ 'ਤੇ ਸਿਹਤ 'ਤੇ ਹੋਣ ਵਾਲਾ ਕੁੱਲ ਖਰਚਾ ਘਟੇਗਾ। ਸਿਹਤ ਮਿਆਰ ਅਤੇ ਸਿਹਤ-ਸੰਭਾਲ ਵਿਚ ਬਿਹਤਰੀ ਆਵੇਗੀ।

ਇੰਟਰਨੈੱਟ ਮੀਡੀਆ 'ਤੇ ਫਰਜ਼ੀ ਖ਼ਬਰਾਂ ਅਤੇ ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਸਰਕਾਰ ਸਖ਼ਤ ਕਾਨੂੰਨ ਬਨਾਉਣ ਜਾ ਰਹੀ ਹੈ। ਅਜਿਹੇ ਲੋਕਾਂ ਨੂੰ ਤਿੰਨ ਸਾਲਾਂ ਦੀ ਕੈਦ ਹੋ ਸਕੇਗੀ। ਦੇਸ਼ ਦੀ ਸੁਰੱਖਿਆ, ਏਕਤਾ ਤੇ ਅਖੰਡਤਾ ਨੂੰ ਖ਼ਤਰੇ ਵਿਚ ਪਾਉਣ ਵਾਲੀ ਝੂਠੀ ਜਾਂ ਮਨਘੜਤ ਖ਼ਬਰ ਬਣਾਉਣ ਅਤੇ ਪ੍ਰਕਾਸ਼ਿਤ ਕਰਨ ਵਾਲੇ ਨੂੰ ਉਪਰੋਕਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹੁਣ ਜੇਕਰ ਕੋਈ ਕੰਪਨੀ ਜਾਂ ਅਦਾਰਾ ਲੋਕਾਂ ਦੇ ਡਾਟਾ ਦਾ ਦੁਰਉਪਯੋਗ ਕਰਦਾ ਹੈ; ਤਾਂ ਉਸਨੂੰ ਅੱਗੇ ਹੋਰਨਾਂ ਕੰਪਨੀਆਂ, ਅਦਾਰਿਆਂ ਜਾਂ ਸਿਆਸੀ ਧਿਰਾਂ ਨੂੰ ਵੇਚਦਾ ਹੈ, ਤਾਂ ਉਸਨੂੰ 250 ਕਰੋੜ ਰੁਪਏ ਤੱਕ ਜੁਰਮਾਨਾ ਦੇਣਾ ਪੈ ਸਕਦਾ ਹੈ।

ਸਰਕਾਰ ਵੱਲੋਂ ਸੰਸਦ ਵਿਚ ਪਾਸ ਕੀਤੇ ਗਏ ਡਿਜ਼ੀਟਲ ਨਿੱਜੀ ਡਾਟਾ ਸਰੱਖਿਆ (ਡੀ.ਪੀ.ਡੀ.ਪੀ.) ਬਿੱਲ ਵਿਚ ਇਸਦੀ ਵਿਵਸਥਾ ਕੀਤੀ ਗਈ ਹੈ। ਰਾਸ਼ਟਰਪਤੀ ਦੇ ਦਸਤਖ਼ਤਾਂ ਨਾਲ ਇਸ ਬਿੱਲ ਨੂੰ ਕਾਨੂੰਨੀ ਰੂਪ ਮਿਲ ਗਿਆ ਹੈ। ਇਸ ਕਾਨੂੰਨ ਨੂੰ ਲਾਗੂ ਹੋਣ ਵਿਚ ਪੰਜ ਸਾਲ ਦਾ ਸਮਾਂ ਲੱਗਿਆ ਹੈ। ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਅਜਿਹੇ ਡਾਟਾ ਸਰੱਖਿਆ ਕਾਨੂੰਨ ਹਨ ਪਰੰਤੂ ਇਹ ਭਾਰਤ ਵਿਚ ਨਹੀਂ ਸੀ। ਸਰਕਾਰ ਦਾ, ਸਬੰਧਤ ਮਹਿਕਮੇ ਦਾ ਕਹਿਣਾ ਹੈ ਕਿ ਭਾਰਤ ਦੇ ਇਸ ਨਵੇਂ ਕਾਨੂੰਨ ਨੂੰ ਪੂਰੀ ਤਰ੍ਹਾਂ ਦੇਸ਼ ਦੀਆਂ ਲੋੜਾਂ ਅਤੇ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ।

ਸਿਮ ਕਾਰਡ ਨਾਲ ਸਬੰਧਤ ਵੀ ਬਹੁਤ ਸਾਰੇ ਧੋਖੇ ਅਤੇ ਫ਼ਰਾਡ ਆਰੰਭ ਹੋ ਗਏ ਹਨ। ਨਕਲੀ ਸਿਮ, ਸਿਮ ਸਵੈਪਿੰਗ, ਫਰਜ਼ੀ ਆਧਾਰ ਅਤੇ ਮੋਬਾਈਲ ਨੰਬਰ ਨਾਲ ਹੇਰਾਫੇਰੀ ਲਗਾਤਾਰ ਵੱਧਦੀ ਜਾ ਰਹੀ ਹੈ। ਕੇਂਦਰ ਸਰਕਾਰ ਸਿਮ ਕਾਰਡ ਲਈ ਪੁਲਿਸ-ਪੜਤਾਲ ਜ਼ਰੂਰੀ ਕਰਨ ਲੱਗੀ ਹੈ, ਤਾਂ ਜੋ ਕੋਈ ਵੱਡੀ ਗਿਣਤੀ 'ਚ ਇਕੱਠੇ ਸਿਮ ਕਾਰਡ ਹਾਸਲ ਨਾ ਕਰ ਸਕੇ। ਇਕ ਅਕਤੂਬਰ ਤੋਂ ਲਾਗੂ ਹੋਣ ਜਾ ਰਹੇ ਇਨ੍ਹਾਂ ਨਿਯਮਾਂ ਤਹਿਤ ਸਿਮ ਪ੍ਰਾਪਤੀ ਦੇ ਸਮੁੱਚੇ ਅਮਲ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ। ਮਹਿਕਮੇ ਦੁਆਰਾ 52 ਲੱਖ ਤੋਂ ਵਧੇਰੇ ਮੋਬਾਈਲ ਕਨੈਕਸ਼ਨਾਂ ਨੂੰ ਰੋਕ ਦਿੱਤਾ ਗਿਆ ਹੈ ਅਤੇ 67000 ਡੀਲਰਾਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ। ਇਹ ਕਾਰਵਾਈ ਮਈ-ਜੂਨ-ਜੁਲਾਈ 2023 ਮਹੀਨਿਆਂ ਦੌਰਾਨ ਕੀਤੀ ਗਈ ਹੈ। ਨਵੇਂ ਨਿਯਮਾਂ ਤਹਿਤ ਪੁਲਿਸ ਅਤੇ ਬਾਇਓਮੀਟ੍ਰਿਕ ਪੜਤਾਲ ਜ਼ਰੂਰੀ ਕਰ ਦਿੱਤੀ ਗਈ ਹੈ। ਸਾਰੇ ਡੀਲਰਾਂ ਦੀ ਰਜਿਸਟ੍ਰੇਸ਼ਨ ਹੋਵੇਗੀ।

ਸਮੇਂ ਨਾਲ ਅਜਿਹੀ ਸੋਧ-ਸੁਧਾਈ, ਅਦਲ-ਬਦਲ ਜ਼ਰੂਰੀ ਹੈ। ਮਾਣਯੋਗ ਅਦਾਲਤਾਂ ਨੂੰ, ਸਬੰਧਤ ਮਹਿਕਮਿਆਂ ਨੂੰ, ਸਰਕਾਰਾਂ ਨੂੰ ਲੋਕਾਂ ਦੀ ਨਿੱਜਤਾ, ਲੋਕਾਂ ਦੀ ਸਰੱਖਿਆ ਪ੍ਰਤੀ ਇਸੇ ਤਰ੍ਹਾਂ ਸੁਚੇਤ ਰਹਿਣ ਦੀ ਲੋੜ ਹੈ।

# ਚੇਤੰਨ ਰੁੱਖ ਦਾ ਸੁਨੇਹਾ

## ਵਿਗਿਆਨ ਗਲਪ ਕਹਾਣੀ

-ਡਾ. ਦੇਵਿੰਦਰ ਪਾਲ ਸਿੰਘ
ਮਿਸੀਸਾਗਾ, ਓਨਟਾਰੀਓ (ਕੈਨੇਡਾ)
Website: drdpsinghauthor.wordpress.com
Email: drdpsn@gmail.com
(Punjab Mail USA)





ਪਹਾੜੀ ਖੇਤਰ ਦਾ ਉਹ ਜੰਗਲੀ ਖਿੱਤਾ ਖ਼ੂਬ ਹਰਿਆ, ਭਰਿਆ ਤੇ ਵਿਸ਼ਾਲ ਸੀ। ਇਸ ਜੰਗਲ ਦੇ ਠੀਕ ਅੰਦਰ, ਇਕ ਬਹੁਤ ਹੀ ਅਦਭੁੱਤ ਤੇ ਪ੍ਰਾਚੀਨ ਰੁੱਖ ਮੌਜੂਦ ਸੀ। ਇਹ ਰੁੱਖ ਕੋਈ ਆਮ ਰੁੱਖ ਨਹੀਂ ਸੀ, ਸਗੋਂ ਇਹ ਤਾਂ ਮਨੁੱਖਾਂ ਵਰਗੀ ਸੂਝ-ਬੂਝ ਵਾਲੀ, ਚੇਤੰਨ ਤੇ ਸੰਵੇਦਨਸ਼ੀਲ ਹੋਂਦ ਸੀ। ਇਸ ਦੀਆਂ ਵੱਡ-ਆਕਾਰੀ ਸ਼ਾਖਾਵਾਂ ਅਸਮਾਨ ਨੂੰ ਛੂੰਹਦੀਆਂ ਜਾਪ ਰਹੀਆਂ ਸਨ, ਅਤੇ ਇਸ ਦੀਆਂ ਜੜ੍ਹਾਂ ਜਰਖੇਜ਼ ਧਰਤੀ ਦੇ ਧੁਰ ਅੰਦਰ ਤੱਕ ਫੈਲੀਆਂ ਹੋਈਆਂ ਸਨ। ਇੰਝ ਇਹ ਰੁੱਖ ਕੁਦਰਤ ਦਾ ਵਿਲੱਖਣ ਪ੍ਰਗਟਾ ਜਾਪ ਰਿਹਾ ਸੀ।

ਐਲਡਰ ਨਾਮੀ ਇਹ ਦਰੱਖਤ ਪਿਛਲੀਆਂ ਕਈ ਸਦੀਆਂ ਤੋਂ ਜੰਗਲ ਦਾ ਵਾਸੀ ਸੀ। ਆਪਣੇ ਲੰਮੇ ਜੀਵਨ ਕਾਲ ਵਿਚ ਇਸ ਨੇ ਕਈ ਮਨੁੱਖੀ ਪੀੜ੍ਹੀਆਂ ਦੇ ਜਨਮ, ਵਿਕਾਸ ਤੇ ਅੰਤ ਨੂੰ ਦੇਖਿਆ ਸੀ। ਉਨ੍ਹਾਂ ਦੇ ਜੀਵਨ ਸਫ਼ਰ ਨੂੰ ਜਾਣਿਆ ਅਤੇ ਸੰਸਾਰ ਦੇ ਬਦਲਦੇ ਰੂਪ ਨੂੰ ਮਾਣਿਆ ਸੀ। ਪਰ ਹਰ ਗੁਜ਼ਰ ਰਹੇ ਸਮੇਂ ਨਾਲ, ਇਹ ਮਨੁੱਖਾਂ ਅਤੇ ਕੁਦਰਤ ਦੇ ਆਪਸੀ ਸੰਬੰਧਾਂ ਬਾਰੇ ਸੋਚ-ਸੋਚ ਹੋਰ ਵਧੇਰੇ ਚਿੰਤਤ ਹੁੰਦਾ ਜਾ ਰਿਹਾ ਸੀ।

ਉਸ ਦਿਨ, ਜਿਵੇਂ ਹੀ ਚੜ੍ਹਦੇ ਸੂਰਜ ਦੀਆਂ ਸੁਰਖ਼ ਕਿਰਨਾਂ ਨੇ ਅੰਬਰ ਵਿਚ ਗੁਲਾਬੀ ਰੰਗ ਭਰ ਦਿੱਤਾ ਸੀ, ਲਿਲੀ ਨਾਮ ਦੀ ਇੱਕ ਮੁਟਿਆਰ ਜੰਗਲ ਵਿਚ ਹਾਇਕਿੰਗ ਕਰਦੀ-ਕਰਦੀ ਰਸਤਾ ਭੁੱਲ ਗਈ। ਰਾਹੋਂ ਭਟਕ, ਵਾਪਸੀ ਦਾ ਰਸਤਾ ਲੱਭਦੀ, ਉਹ ਜੰਗਲ ਦੇ ਹੋਰ ਅੰਦਰ ਚਲਦੀ ਗਈ। ਅਚਾਨਕ ਉਸ ਨੂੰ ਇਕ ਵਿਸ਼ਾਲ ਰੁੱਖ ਨਜ਼ਰੀ ਪਿਆ। ਪ੍ਰਾਚੀਨ ਐਲਡਰ ਦੀ ਵਿਸ਼ਾਲਤਾ ਤੇ ਸ਼ਾਨ ਨੂੰ ਵੇਖ ਉਸ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆ।

"ਵਾਹ! ਬਹੁਤ ਅਜਬ ਰੁੱਖ ਹੈ ਇਹ ਤਾਂ," ਐਲਡਰ ਦੇ ਮੋਟੇ ਤਣੇ ਨੂੰ ਛੂੰਹਦਿਆਂ ਉਹ ਬੋਲੀ।

"ਮੈਂ ਐਲਡਰ ਹਾਂ, ਇਸ ਜੰਗਲ ਦਾ ਸਰਪ੍ਰਸਤ," ਹਵਾ ਦੀਆਂ ਲਹਿਰਾਂ ਉੱਤੇ ਤੈਰਦੀ ਇਕ ਸੰਜੀਦਾ ਆਵਾਜ਼ ਲਿਲੀ ਦੇ ਕੰਨਾਂ ਨਾਲ ਆ ਟਕਰਾਈ।

ਉਸ ਨੇ ਹੈਰਾਨਗੀ ਨਾਲ ਆਲੇ-ਦੁਆਲੇ ਨਜ਼ਰ ਮਾਰੀ। ਪਰ ਇਥੇ ਤਾਂ ਰੁੱਖਾਂ, ਵੇਲਾਂ-ਬੂਟਿਆਂ ਜਾਂ ਚਹਿਚਹਾਉਂਦੇ ਪੰਛੀਆ ਤੋਂ ਬਿਨ੍ਹਾਂ ਕੋਈ ਵੀ ਹੋਰ ਨਜ਼ਰ ਨਹੀਂ ਸੀ ਆ ਰਿਹਾ। 'ਤਾਂ ਫਿਰ ਇਹ ਆਵਾਜ਼ ਕਿਸ ਦੀ ਸੀ?' ਉਹ ਦੇ ਮਨ ਵਿਚ ਸਵਾਲ ਸੀ।

'ਇਹ ਮੈਂ ਹਾਂ, ਐਲਡਰ, ਜੰਗਲ ਦਾ ਸਰਪ੍ਰਸਤ।'

ਲਿਲੀ ਨੇ ਉਪਰ ਵੱਲ ਨਜ਼ਰ ਦੌੜਾਈ, ਵਿਸ਼ਾਲ ਰੁੱਖ ਦੀਆਂ ਸ਼ਾਖਾਵਾਂ ਵਿਚ ਅਨੇਕ ਪੰਛੀ ਲੁਕਣ-ਮੀਟੀ ਖੇਲ ਰਹੇ ਸਨ।

'ਕੀ ਇਹ ਆਵਾਜ਼ ਇਸ ਰੁੱਖ ਦੀ ਹੈ?' ਉਹ ਸੋਚ ਰਹੀ ਸੀ। 'ਸ਼ਾਇਦ...ਪਰ ਰੁੱਖ ਤਾਂ ਬੋਲ ਨਹੀਂ ਸਕਦੇ......ਕੀ ਇਥੇ ਕੋਈ ਬਦ-ਰੂਹ ਹੈ ਜਾਂ ਭੂਤ-ਪ੍ਰੇਤ? ਅਜਿਹਾ ਖਿਆਲ ਆਉਂਦਿਆ ਹੀ ਉਹ ਘਬਰਾ ਗਈ। ਮਾਰੇ ਘਬਰਾਹਟ ਦੇ ਉਹ ਪ੍ਰੇਸ਼ਾਨੀ ਭਰੀਆਂ ਨਜ਼ਰਾਂ ਨਾਲ ਉਥੋਂ ਖਿਸਕ ਜਾਣ ਦਾ ਰਸਤਾ ਭਾਲਣ ਲੱਗੀ।

'ਘਬਰਾ ਨਾ। ਕੋਈ ਖ਼ਤਰਾ ਨਹੀਂ ਹੈ। ਹੌਂਸਲਾ ਰੱਖ।' ਸੁਣਾਈ ਦੇ ਰਹੀ ਆਵਾਜ਼ ਰੁੱਖ ਵਿਚੋਂ ਹੀ ਆ ਰਹੀ ਲੱਗ ਰਹੀ ਸੀ।

ਇਨ੍ਹਾਂ ਧਰਵਾਸ ਭਰੇ ਬੋਲਾਂ ਨੇ ਲਿੱਲੀ ਨੂੰ ਕੁਝ ਢਾਰਸ ਦਿੱਤੀ।

'ਜਾਪਦਾ ਹੈ ਕਿ ਇਹ ਰੁੱਖ ਬੋਲ ਸਕਦਾ ਹੈ।' ਉਸ ਦਾ ਖਿਆਲ ਸੀ। ਤਦ ਹੀ ਉਹ ਬੋਲ ਉੱਠੀ। 'ਤੁਸੀਂ ਗੱਲ ਕਰ ਸਕਦੇ ਹੋ?'

'ਹਾਂ, ਬੇਟੀ। ਇਸ ਪ੍ਰਾਚੀਨ ਜੰਗਲ ਦੀ ਕੁਦਰਤ ਨੇ ਆਪਣੀ ਦੈਵੀ ਤਾਕਤ ਰਾਹੀਂ ਮੈਨੂੰ ਚੇਤੰਨਤਾ ਬਖ਼ਸ਼ੀ ਹੈ ਤੇ ਮੇਰੇ ਅੰਦਰ ਸੋਚਣ, ਸਮਝਣ ਤੇ ਬੋਲਣ ਦੇ ਗੁਣ ਸੁਭਾਵਿਕ ਹੀ ਪੈਦਾ ਹੋ ਗਏ ਹਨ।'

'ਵਾਹ! ਇਹ ਤਾਂ ਬਹੁਤ ਅਜਬ ਗੱਲ ਹੈ......!' ਹੁਣ ਤੱਕ ਲਿੱਲੀ ਦੇ ਸਵੈ-ਭਰੋਸੇ ਨੇ ਉਸ ਦਾ ਡਰ ਖ਼ਤਮ ਕਰ ਦਿੱਤਾ ਸੀ। 'ਐਲਡਰ! ਮੈਂ ਤੁਹਾਡੇ ਬਾਰੇ ਜਾਨਣਾ ਚਾਹਾਂਗੀ।' ਉਹ ਬੋਲੀ।

'ਮੈਂ ਜੀਵਾਂ ਦੀਆਂ ਕਈ ਪੀੜ੍ਹੀਆਂ ਨੂੰ ਇਥੇ ਵਿਚਰਦੇ ਹੋਏ ਦੇਖਿਆ ਹੈ। ਉਨ੍ਹਾਂ ਨੂੰ ਪੈਦਾ ਹੁੰਦੇ, ਵਧਦੇ-ਫੁੱਲਦੇ ਤੇ ਅੰਤ ਵਿਚ ਕਾਲ ਦਾ ਨਿਵਾਲਾ ਬਣਦੇ ਦੇਖਿਆ ਹੈ। ਪਰ ਅੱਜਕੱਲ੍ਹ ਮੈਂ ਇਸ ਧਰਤੀ ਉੱਤੇ ਜੀਵਾਂ ਦੇ ਭਵਿੱਖ ਬਾਰੇ ਸੋਚ ਕੇ ਫਿਕਰਮੰਦ ਹਾਂ। ਮੌਜੂਦਾ ਸਮੇਂ ਦੌਰਾਨ ਮਨੁੱਖ ਤੇ ਕੁਦਰਤ ਦਾ ਆਪਸੀ ਸੰਤੁਲਨ ਗੜਬੜਾ ਗਿਆ ਹੈ। ਕੁਦਰਤੀ ਹਾਲਾਤਾਂ ਵਿਚ ਵੱਡੇ ਪੱਧਰ ਉੱਤੇ ਉੱਥਲ-ਪੁੱਥਲ ਵਾਪਰਣੀ ਸ਼ੁਰੂ ਹੋ ਚੁੱਕੀ ਹੈ। ਸਮੇਂ ਦੇ ਬੀਤਣ ਨਾਲ ਇਹ ਹਾਲਾਤ ਹੋਰ ਵਧੇਰੇ ਖ਼ਰਾਬ ਹੋਣ ਦਾ ਅੰਦਾਜ਼ਾ ਹੈ।'



ਲਿਲੀ ਦੇ ਮੱਥੇ ਉੱਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆ। 'ਅਜਿਹੀ ਹਾਲਤ ਵਿਚ, ਮੇਰੇ ਵਰਗੀ ਇਕੱਲੀ ਕੁੜੀ ਭਲਾ ਕਰ ਵੀ ਕੀ ਸਕਦੀ ਹੈ?'

'ਅੱਜ ਮਨੁੱਖ ਭੁੱਲ ਗਏ ਹਨ ਕਿ ਉਹ ਕੁਦਰਤ ਦਾ ਇੱਕ ਅਨਿੱਖੜਵਾਂ ਅੰਗ ਹਨ। ਉਹ ਕੁਦਰਤੀ ਚੌਗਿਰਦੇ ਨਾਲ ਮਨੁੱਖੀ ਜੀਵਨ ਦੀ ਸੁਮੇਲਤਾ ਦੇ ਮਹੱਤਵ ਨੂੰ ਭੁੱਲ ਚੁੱਕੇ ਹਨ। ਹੋਰਨਾਂ ਨੂੰ ਕੁਦਰਤ ਦੀ ਮਹੱਤਤਾ ਬਾਰੇ ਜਾਣੂ ਕਰਵਾਓ ਅਤੇ ਉਨ੍ਹਾਂ ਨੂੰ ਇਸ ਦੀ ਰੱਖਿਆ ਕਰਨ ਲਈ ਪ੍ਰੇਰਿਤ ਕਰੋ...... ਇਹ ਤੇਰੇ ਤੇ ਉਨ੍ਹਾਂ ਸਾਰੇ ਲੋਕਾਂ 'ਤੇ ਨਿਰਭਰ ਕਰਦਾ ਹੈ, ਜੋ ਇਸ ਪਾੜੇ ਨੂੰ ਪੂਰਣ ਲਈ ਤੇਰੇ ਸੁਨੇਹੇ ਨੂੰ ਸੁਣਨਗੇ।' ਐਲਡਰ ਦੇ ਸਿਆਣਪ ਭਰੇ ਬੋਲ ਸਨ।

'ਮੈਂ ਤੁਹਾਡੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਣ ਦੀ ਪੂਰੀ ਕੋਸ਼ਿਸ਼ ਕਰਾਂਗੀ।' ਲਿਲੀ ਨੇ ਸਹਿਮਤੀ ਭਰੇ ਢੰਗ ਨਾਲ ਸਿਰ ਹਿਲਾਉਂਦੇ ਹੋਏ ਕਿਹਾ।

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਲਿਲੀ ਨੇ ਐਲਡਰ ਤੋਂ ਪ੍ਰਾਪਤ ਗਿਆਨ ਨੂੰ ਆਪਣੇ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਸਾਂਝਾ ਕੀਤਾ। ਜਲਦੀ ਹੀ, ਅਦਭੁੱਤ ਵਿਸ਼ਾਲ ਰੁੱਖ ਦਾ ਚਰਚਾ ਦੂਰ-ਦੂਰ ਤੱਕ ਫੈਲ ਗਿਆ। ਇਸ ਚਰਚੇ ਨੇ ਲੋਕਾਂ ਨੂੰ ਇਸ ਰੁੱਖ ਬਾਰੇ ਹੋਰ ਜਾਨਣ ਲਈ ਉਤਸਕ ਕਰ ਦਿੱਤਾ। ਜਿਵੇਂ-ਜਿਵੇਂ ਇਸ ਰੁੱਖ ਬਾਰੇ ਖ਼ਬਰ ਫੈਲਦੀ ਗਈ, ਬਹੁਤ ਸਾਰੇ ਲੋਕ ਐਲਡਰ ਨੂੰ ਦੇਖਣ ਲਈ ਜੰਗਲ ਵੱਲ ਆਉਣ ਲੱਗੇ। ਰੁੱਖ ਨੂੰ ਦੇਖਣ ਆਏ ਲੋਕਾਂ ਦੇ ਇਕੱਠਾਂ ਦੌਰਾਨ ਲਿਲੀ ਨੇ ਕੁਦਰਤ ਅਤੇ ਮਨੁੱਖੀ ਤਰੱਕੀ ਦੇ ਵਿਚਕਾਰ ਨਾਜ਼ੁਕ ਸੰਤੁਲਨ ਦੇ ਮਹੱਤਵ ਬਾਰੇ ਉਨ੍ਹਾਂ ਨੂੰ ਜਾਣੂੰ ਕਰਵਾਉਣਾ ਸ਼ੁਰੂ ਕਰ ਦਿੱਤਾ।

ਇਕ ਦਿਨ, ਲਿਲੀ, ਇਕ ਅਜਿਹੇ ਇਕੱਠ ਵਿਚ ਲੋਕਾਂ ਸਾਹਮਣੇ ਖੜ੍ਹੀ ਸੀ, ਸਾਰੇ ਐਲਡਰ ਬਾਰੇ ਜਾਨਣ ਲਈ ਉਤਸੁਕ ਸਨ। 'ਜੀ ਆਇਆ ਨੂੰ!' ਲਿਲੀ ਦੇ ਬੋਲ ਸਨ। ਉਸ ਦੀ ਆਵਾਜ਼ ਸਿਆਣਪ ਤੇ ਆਤਮ-ਵਿਸ਼ਵਾਸ ਭਰਪੂਰ ਸੀ। 'ਅਸੀਂ ਅੱਜ ਇੱਥੇ ਐਲਡਰ ਦੀ ਵਿਸ਼ਾਲਤਾ ਤੇ ਖੂਬਸੂਰਤੀ ਦੀ ਪ੍ਰਸ਼ੰਸਾ ਕਰਨ ਲਈ ਨਹੀਂ, ਸਗੋਂ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ ਨੂੰ ਸਮਝਣ ਲਈ ਇਕੱਠੇ ਹੋਏ ਹਾਂ।'

ਇੱਕ ਅੱਧਖੜ ਉਮਰ ਦੇ ਆਦਮੀ ਨੇ ਆਪਣਾ ਹੱਥ ਉੱਚਾ ਕੀਤਾ। ਉਹ ਆਮ ਲੋਕਾਂ ਦੀ ਫ਼ਿਕਰਮੰਦੀ ਨੂੰ ਜ਼ੁਬਾਨ ਦਿੰਦਾ ਬੋਲਿਆ 'ਪਰ ਸਾਡੇ ਸਮਾਜ ਦੇ ਵਿਕਾਸ ਲਈ ਤਰੱਕੀ ਜ਼ਰੂਰੀ ਹੈ। ਅਸੀਂ ਵਾਤਾਵਰਣ ਨੂੰ ਪ੍ਰਭਾਵਿਤ ਕੀਤੇ ਬਿਨਾਂ ਤਰੱਕੀ ਕਿਵੇਂ ਹਾਸਲ ਕਰ ਸਕਦੇ ਹਾਂ?'

ਲਿਲੀ ਮੁਸਕਰਾਂਦਿਆਂ ਬੋਲੀ, "ਤੁਸੀਂ ਬਿਲਕੁਲ ਸਹੀ ਹੋ। ਤਰੱਕੀ ਜ਼ਰੂਰੀ ਹੈ, ਪਰ ਇਹ ਕੁਦਰਤ ਦੇ ਵਿਨਾਸ਼ ਦੀ ਕੀਮਤ ਉੱਤੇ ਨਹੀਂ ਹੋਣੀ ਚਾਹੀਦੀ। ਸਾਨੂੰ ਕੁਦਰਤ ਤੇ ਤਰੱਕੀ ਵਿਚ ਸੁਮੇਲਤਾ ਤੇ ਸੰਤੁਲਨ ਦੀ ਸਥਾਪਤੀ ਦਾ ਤਰੀਕਾ ਲੱਭਣਾ ਹੋਵੇਗਾ। ਅਸੀਂ ਅਜਿਹਾ ਕਰ ਸਕਦੇ ਹਾਂ, ਨਵੇਂ ਜੰਗਲ ਲਗਾ ਕੇ ਅਤੇ ਮੌਜੂਦਾ ਜੰਗਲਾਂ ਦੀ ਸਹੀ ਸਾਂਭ-ਸੰਭਾਲ ਕਰ ਕੇ।'

ਇੱਕ ਹੋਰ ਮੁਟਿਆਰ ਬੋਲੀ, 'ਅਸੀਂ ਸ਼ਹਿਰਾਂ ਦਾ ਕੀ ਕਰੀਏ? ਉਹ ਤੇਜ਼ੀ ਨਾਲ ਫੈਲ ਰਹੇ ਹਨ, ਅਤੇ ਹਰੀਆਂ-ਭਰੀਆਂ ਥਾਵਾਂ ਨੂੰ ਕੰਕਰੀਟ ਵਿਚ ਬਦਲਿਆ ਜਾ ਰਿਹਾ ਹੈ।'

'ਸਾਨੂੰ ਵਾਤਾਵਰਣ-ਅਨੁਕੂਲ ਸ਼ਹਿਰ ਬਣਾਉਣ ਵੱਲ ਧਿਆਨ ਦੇਣਾ ਹੋਵੇਗਾ। ਸ਼ਹਿਰਾਂ ਵਿਚ ਅਸੀਂ ਰੁੱਖਾਂ, ਪਾਰਕਾਂ, ਤੇ ਬਾਗ-ਬਗੀਚਿਆਂ ਨੂੰ ਸੁਯੋਗ ਥਾਂ ਦੇ ਕੇ ਅਜਿਹਾ ਕਰ ਸਕਦੇ ਹਾਂ। ਘਰਾਂ ਵਿਚ ਸਾਨੂੰ ਪੌਦਿਆਂ ਤੇ ਬਗੀਚੀਆਂ ਨੂੰ ਥਾਂ ਦੇਣੀ ਹੋਵੇਗੀ। ਇੰਝ ਅਸੀਂ ਨਾ ਸਿਰਫ਼ ਪ੍ਰਦੂਸ਼ਣ ਨੂੰ ਘੱਟ ਕਰ ਸਕਾਂਗੇ, ਸਗੋਂ ਇਹ ਸਾਨੂੰ ਸਿਹਤ ਲਈ ਜ਼ਰੂਰੀ ਸ਼ੁੱਧ ਵਾਤਾਵਰਣ ਵੀ ਮੁਹਈਆ ਕਰੇਗਾ।' ਲਿਲੀ ਦੇ ਬੋਲ ਸਨ।

ਜਿਵੇਂ ਅਜਿਹਾ ਵਿਚਾਰ-ਵਟਾਂਦਰਾ ਜਾਰੀ ਰਿਹਾ, ਐਲਡਰ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹੋਏ, ਲਿਲੀ ਨੇ ਵਾਤਾਵਰਣ ਦੀਆਂ ਵੱਖ-ਵੱਖ ਚੁਣੌਤੀਆਂ ਨੂੰ ਹੱਲ ਕਰਨ ਲਈ ਊਰਜਾ ਸਰੋਤਾਂ ਦੀ ਸੁਯੋਗ ਵਰਤੋਂ, ਪੁਰਾਣੀਆਂ ਚੀਜ਼ਾਂ ਦੀ ਮੁੜ-ਵਰਤੋਂ ਅਤੇ ਪਲਾਸਟਿਕ ਦੀ ਖਪਤ ਘਟਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਿਆ। ਲੋਕਾਂ ਨੇ ਇਨ੍ਹਾਂ ਵਿਚਾਰਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੰਝ ਵਾਤਵਾਰਣ ਸਾਂਭ-ਸੰਭਾਲ ਲਹਿਰ ਨੇ ਹੌਲੇ-ਹੌਲੇ ਤੇਜ਼ੀ ਫੜ ਲਈ।

*****

ਇੱਕ ਦਿਨ ਲਕੱੜਹਾਰਿਆਂ ਦੀ ਇਕ ਟੋਲੀ ਜੰਗਲ ਵਿਖੇ ਆ ਪਹੁੰਚੀ। ਉਹ ਜੰਗਲ ਵਿਚੋਂ ਲੰਘਣ ਵਾਲੇ ਹਾਈਵੇਅ ਲਈ ਰੁੱਖਾਂ ਨੂੰ ਕੱਟ ਰਸਤਾ ਤਿਆਰ ਕਰਨ ਲਈ ਆਏ ਸਨ।

ਲਿਲੀ ਲਈ ਇਹ ਵੱਡੇ ਇਮਤਿਹਾਨ ਦਾ ਸਮਾਂ ਸੀ। ਉਹ ਸੋਚਾਂ ਵਿਚ ਡੁੱਬ ਗਈ। ਸਥਾਨਕ ਸ਼ਹਿਰਾਂ ਵਿਚਲੀ ਦੂਰੀ ਨੂੰ ਤੈਅ ਕਰਨ ਲਈ ਲੱਗਦੇ ਸਮੇਂ ਨੂੰ ਘਟਾਉਣ ਲਈ ਹਾਈਵੇਅ ਦੀ ਤਾਂ ਸਖ਼ਤ ਜ਼ਰੂਰਤ ਹੈ ਸੀ, ਪਰ ਕੀ ਅਜਿਹਾ ਰੁੱਖਾਂ ਨੂੰ ਕੱਟੇ ਬਿਨ੍ਹਾਂ ਨਹੀਂ ਕੀਤਾ ਜਾ ਸਕਦਾ? ਕੀ ਹਾਈਵੇਅ ਜੰਗਲ ਵਿਚੋਂ ਨਾ ਲੰਘ ਕੇ ਕਿਸੇ ਹੋਰ ਥਾਂ ਉੱਤੇ ਨਹੀਂ ਬਣਾਇਆ ਜਾ ਸਕਦਾ? ਜੇ ਅਜਿਹਾ ਸੰਭਵ ਹੈ, ਤਾਂ ਫ਼ਿਰ ਜੰਗਲ ਕੱਟ ਕੇ ਕੁਦਰਤ ਨੂੰ ਇੰਨਾਂ ਨੁਕਸਾਨ ਕਿਉਂ ਪਹੁੰਚਾਇਆ ਜਾਵੇ? ਪਰ ਅਜਿਹਾ ਤਾਂ ਹੋ ਨਹੀਂ ਸਕਦਾ ਕਿ ਹਾਈਵੇਅ ਅਧਿਕਾਰੀਆਂ ਨੇ ਜੰਗਲ ਨੂੰ ਬਚਾਉਣ ਖ਼ਾਤਰ ਬਦਲਵੇਂ ਮਾਰਗ ਬਾਰੇ ਨਾ ਸੋਚਿਆ ਹੋਵੇ..... ਕਿੰਨੇ ਹੀ ਸਵਾਲਾਂ ਨੇ ਲਿਲੀ ਨੂੰ ਘੇਰ ਲਿਆ ਸੀ।

ਲਿਲੀ ਦੁਵਿਧਾ ਵਿਚ ਸੀ ਕੀ ਕਰੇ ਜਾਂ ਨਾ ਕਰੇ। ਅਜਿਹੀ ਹਾਲਤ ਵਿਚ ਉਸ ਨੇ ਐਲਡਰ ਕੋਲੋਂ ਸਲਾਹ ਲੈਣ ਬਾਰੇ ਸੋਚਿਆ।

ਐਲਡਰ ਕੋਲ ਪਹੁੰਚ ਉਹ ਬੋਲੀ, 'ਪਿਆਰੇ ਦੋਸਤ! ਹਾਈਵੇਅ ਬਣਾਉਣ ਲਈ ਕੁਝ ਲੋਕ ਜੰਗਲ ਨੂੰ ਕੱਟਣਾ ਚਾਹੁੰਦੇ ਹਨ! ਮੈਨੂੰ ਸਮਝ ਨਹੀਂ ਆ ਰਿਹਾ ਕਿ ਮੈਂ ਕੀ ਕਰਾਂ।'

'ਮਨੁੱਖੀ ਤਰੱਕੀ ਦੇ ਕੰਮਾਂ-ਕਾਰਾਂ ਨੂੰ ਰੋਕਣਾ ਸੰਭਵ ਨਹੀਂ, ਪਰ ਤੂੰ ਤੇ ਤੇਰੇ ਸਾਥੀ ਉਨ੍ਹਾਂ ਲੋਕਾਂ ਨੂੰ ਸਮਝ ਪ੍ਰਦਾਨ ਕਰ ਸਕਦੇ ਹਨ,' ਰੁੱਖ ਨੇ ਜਵਾਬ ਦਿੱਤਾ। 'ਉਨ੍ਹਾਂ ਨੂੰ ਦੱਸੋ ਕਿ ਅਗਿਆਨਤਾ, ਤਬਾਹੀ ਦਾ ਕਾਰਣ ਬਣਦੀ ਹੈ। ਕੁਦਰਤ, ਵਾਤਾਵਰਣ ਤੇ ਜੀਵਾਂ ਦੇ ਆਪਸੀ ਸੰਬੰਧਾਂ ਬਾਰੇ ਉਨ੍ਹਾਂ ਨੂੰ ਚੇਤੰਨ ਕਰੋ। ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ ਨੂੰ ਸਮਝਣ ਵਿਚ ਉਨ੍ਹਾਂ ਦੀ ਮਦਦ ਕਰੋ।'

ਲਿਲੀ ਤੇ ਉਸ ਦੇ ਸਾਥੀਆਂ ਨੇ ਐਲਡਰ ਦੇ ਸੁਝਾਅ ਅਨੁਸਾਰ, ਲੱਕੜਹਾਰਿਆਂ ਤੇ ਹਾਈਵੇਅ ਅਧਿਕਾਰੀਆਂ ਨਾਲ ਮੀਟਿੰਗਾਂ ਕਰਦੇ ਹੋਏ ਕੁਦਰਤੀ ਵਾਤਵਾਰਣ ਦੇ ਮਹਤੱਵ ਅਤੇ ਇਸ ਦੀ ਸੁਰੱਖਿਆ ਲਈ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਦੀ ਸੂਝਭਰੀ ਜਾਣਕਾਰੀ ਅਤੇ ਭਾਵੁਕ ਅਪੀਲ ਨੇ ਅਧਿਕਾਰੀਆਂ ਦੇ ਮਨ ਨੂੰ ਛੂਹ ਲਿਆ ਅਤੇ ਉਨ੍ਹਾਂ ਨੇ ਆਪਣੇ ਕੰਮਾਂ ਬਾਰੇ ਮੁੜ ਵਿਚਾਰ ਕਰਨ ਦਾ ਫੈਸਲਾ ਕੀਤਾ।

ਫਲਸਰੂਪ ਜੰਗਲ ਦਾ ਵੱਡਾ ਹਿੱਸਾ ਕੱਟੇ ਜਾਣ ਤੋਂ ਬਚ ਗਿਆ। ਹਾਈਵੇਅ ਹੇਠ ਆਏ ਜੰਗਲ ਦੇ ਖੇਤਰ ਜਿੰਨੇ ਹੋਰ ਖੇਤਰ ਉੱਤੇ ਨਵਾਂ ਜੰਗਲ ਵੀ ਲਗਾਇਆ ਗਿਆ।

*******

ਉਪਰੋਕਤ ਘਟਨਾ ਤੋਂ ਉਤਸ਼ਾਹਿਤ ਹੋ, ਲਿਲੀ ਤੇ ਉਸ ਦੀ ਟੀਮ ਨੇ ਐਲਡਰ ਦਾ ਸੁਨੇਹਾ ਘਰ-ਘਰ ਪਹੁੰਚਾਣ ਲਈ ਨਵੀਂ ਮੁਹਿੰਮ ਸ਼ੁਰੂ ਕਰ ਲਈ।

ਲਿਲੀ ਤੇ ਉਸ ਦੇ ਸਾਥੀ ਜਾਣਦੇ ਸਨ ਕਿ ਸਥਾਈ ਤਬਦੀਲੀ ਲਈ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਬਹੁਤ ਜ਼ਰੂਰੀ ਹੈ। ਇਸੇ ਲਈ ਉਨ੍ਹਾਂ ਨੇ ਸਕੂਲਾਂ ਅਤੇ ਵਿਦਿਅਕ ਸੰਸਥਾਵਾਂ ਤੱਕ ਪਹੁੰਚ ਕੀਤੀ। ਬੱਚਿਆਂ ਲਈ ਵਰਕਸ਼ਾਪਸ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ। ਇਕ ਦਿਨ ਲਿਲੀ ਨੂੰ ਸਕੂਲ ਦੀ ਅਸੈਂਬਲੀ ਵਿਚ ਬੋਲਣ ਦਾ ਮੌਕਾ ਮਿਲਿਆ।

"ਬੱਚਿਓ, ਤੁਸੀਂ ਸਾਡਾ ਭਵਿੱਖ ਹੋ," ਉਸ ਨੇ ਸਰੋਤਿਆਂ ਨੂੰ ਸੰਬੋਧਤ ਕਰਦੇ ਹੋਏ ਕਿਹਾ। "ਤੁਹਾਡੇ ਕੋਲ ਦੁਨੀਆਂ ਅੰਦਰ ਇੱਕ ਵੱਡਾ ਫ਼ਰਕ ਪੈਦਾ ਕਰ ਸਕਣ ਵਾਲੀ ਸ਼ਕਤੀ ਹੈ। ਯਾਦ ਰੱਖੋ, ਹਰ ਛੋਟੀ ਜਿਹੀ ਕਾਰਵਾਈ ਵੀ ਵੱਡਾ ਫ਼ਰਕ ਪੈਦਾ ਕਰਨ ਦੀ ਤਾਕਤ ਰੱਖਦੀ ਹੈ। ਕੋਸ਼ਿਸ ਰਹੇ ਕਿ ਹਰ ਬੱਚਾ ਇੱਕ ਰੁੱਖ ਲਗਾਏ, ਕੂੜੇ-ਕਰਕੱਟ ਨੂੰ ਇਧਰ-ਉਧਰ ਖਿਲਾਰਣ ਦੀ ਥਾਂ ਕੂੜੇਦਾਨ ਵਿਚ ਪਾਇਆ ਜਾਵੇ ਅਤੇ ਬੇਫ਼ਜ਼ੂਲ ਬਿਜਲੀ, ਪਾਣੀ ਤੇ ਕਾਗਜ਼ਾਂ ਦੀ ਖਪਤ ਤੋਂ ਗੁਰੇਜ਼ ਕੀਤਾ ਜਾਵੇ। ਸਾਦਾ ਤੇ ਸੁਚੱਜਾ ਜੀਵਨ ਚਲਣ ਮਹੱਤਵਪੂਰਣ ਹੈ।"

ਉਸ ਦੇ ਸ਼ਬਦਾਂ ਨੇ ਵਿਦਿਆਰਥੀਆਂ ਦੇ ਮਨਾਂ ਉੱਤੇ ਗਹਿਰਾ ਪ੍ਰਭਾਵ ਛੱਡਿਆ ਅਤੇ ਉਹ ਕੁਦਰਤ ਦੇ ਸੁਰੱਖਿਆ ਕਾਰਜਾਂ ਨਾਲ ਭਾਵਨਾਤਮਕ ਤੌਰ ਉੱਤੇ ਜੁੜ ਗਏ। ਲਿਲੀ ਤੇ ਉਸ ਦੀ ਟੀਮ ਦੇ ਉਦਮਾਂ ਸਦਕਾ ਕਈ ਸਕੂਲਾਂ ਨੇ ਨੇਚਰ ਕਲੱਬ ਸ਼ੁਰੂ ਕਰ ਲਏ, ਰੁੱਖ ਲਗਾਉਣ ਦੀਆਂ ਮੁਹਿੰਮਾਂ ਦਾ ਆਯੋਜਨ ਕੀਤਾ ਜਾਣ ਲੱਗ ਪਿਆ ਅਤੇ ਇੱਥੋਂ ਤੱਕ ਕਿ ਸਥਾਨਕ ਜਲ ਸਰੋਤਾਂ ਨੂੰ ਸਾਫ਼ ਕਰਨ ਲਈ ਵੀ ਮੁਹਿੰਮਾਂ ਸ਼ੁਰੂ ਹੋ ਗਈਆਂ।

ਜਿਵੇਂ ਹੀ ਹੋਰ ਤੇ ਹੋਰ ਲੋਕ ਇਸ ਜਨ-ਮੁਹਿੰਮ ਵਿਚ ਸ਼ਾਮਲ ਹੋਏ, ਇੱਸ ਲਹਿਰ ਦਾ ਪ੍ਰਭਾਵ ਪੂਰੇ ਖੇਤਰ ਵਿਚ ਫੈਲ ਗਿਆ। ਜੰਗਲਾਂ ਅਤੇ ਕੁਦਰਤੀ ਸਥਾਨਾਂ ਦੀ ਸੁਰੱਖਿਆਂ ਦੀ ਜ਼ਿੰਮੇਵਾਰੀ ਸਥਾਨਕ ਭਾਈਚਾਰਿਆਂ ਨੇ ਸੰਭਾਲ ਲਈ। ਭਿੰਨ-ਭਿੰਨ ਖੇਤਰਾਂ ਦੀਆਂ ਵਾਤਾਵਰਣੀ ਸੁਰੱਖਿਆ ਸਭਾਵਾਂ ਨੇ ਵੱਖ-ਵੱਖ ਸਥਾਨਕ ਮੁੱਦਿਆਂ ਦੇ ਟਿਕਾਊ ਹੱਲ ਲੱਭਣ ਲਈ ਸਰਕਾਰਾਂ ਅਤੇ ਕਾਰਪੋਰੇਸ਼ਨਾਂ ਨਾਲ ਮਿਲ ਕੇ ਕੰਮ ਕੀਤਾ।

ਸਮੇਂ ਦੇ ਗੁਜ਼ਰਣ ਨਾਲ, ਵਾਤਵਰਣੀ ਸੁਰੱਖਿਆ ਲਹਿਰ ਨੇ ਪ੍ਰਭਾਵਸ਼ਾਲੀ ਨੇਤਾਵਾਂ ਅਤੇ ਪ੍ਰਮੁੱਖ ਸਮਾਜੀ ਹਸਤੀਆਂ ਦਾ ਧਿਆਨ ਖਿੱਚਿਆ। ਹੁਣ ਵਾਤਾਵਰਣੀ ਪਹਿਰੇਦਾਰਾਂ ਦੇ ਯਤਨ ਹੋਰ ਤੇਜ਼ ਹੋ ਗਏ। ਫਲਸਰੂਪ ਸਰਕਾਰਾਂ ਨੇ ਵਾਤਾਵਰਣ ਦੀ ਰੱਖਿਆ ਲਈ ਕਾਨੂੰਨ ਬਣਾਏ ਅਤੇ ਕੰਪਨੀਆਂ ਨੇ ਆਪਣੇ ਕਾਰੋਬਾਰੀ ਮਾਮਲਿਆਂ ਵਿਚ ਵਾਤਾਵਰਣ ਦੀ ਜ਼ਿੰਮੇਵਾਰੀ ਨੂੰ ਸ਼ਾਮਲ ਕਰਨ ਦੇ ਮਹੱਤਵ ਨੂੰ ਪਛਾਣਿਆ।

ਇੰਝ ਲਿਲੀ ਤੇ ਉਸ ਦੇ ਸਾਥੀਆਂ ਦੇ ਵਾਤਾਵਰਣ ਦੀ ਸੰਭਾਲ ਸੰਬੰਧਤ ਯਤਨਾਂ ਨੂੰ ਫਲ ਲੱਗਾ। ਸਮੇਂ ਨਾਲ ਲਿਲੀ ਨੂੰ ਅੰਤਰਰਾਸ਼ਟਰੀ ਮੰਚਾਂ ਉੱਤੇ ਬੋਲਣ ਦਾ ਸੱਦਾ ਪ੍ਰਾਪਤ ਹੋਇਆ। ਅਜਿਹੇ ਮੰਚਾਂ ਉੱਤੇ ਉਸ ਨੇ ਚੇਤੰਨ ਰੁੱਖ ਅਤੇ ਇਸ ਤੋਂ ਪ੍ਰੇਰਿਤ ਤਬਦੀਲੀ ਦੀ ਕਹਾਣੀ ਨੂੰ ਸਾਂਝਾ ਕੀਤਾ। ਉਸ ਦੀ ਭਾਵੁਕ ਅਪੀਲ ਨੇ ਵੱਖ-ਵੱਖ ਦੇਸ਼ਾਂ ਦੇ ਨੇਤਾਵਾਂ ਨੂੰ ਵਿਸ਼ਵ ਦੀ ਕੁਦਰਤੀ ਵਿਰਾਸਤ ਦੀ ਰੱਖਿਆ ਲਈ ਇਕੱਠੇ ਹੋ ਕੇ ਯਤਨ ਕਰਨ ਲਈ ਪ੍ਰੇਰਿਤ ਕੀਤਾ।


ਲਿੱਲੀ ਦੇ ਅਣਥੱਕ ਯਤਨਾਂ ਦੀ ਮਾਨਤਾ ਵਿਚ, ਉਸ ਨੂੰ 'ਵਿਸ਼ਵ ਵਾਤਾਵਰਣੀ ਨਾਇਕਾ ਇਨਾਮ' ਨਾਲ ਸਨਮਾਨਿਤ ਕੀਤਾ ਗਿਆ। ਉਸ ਨੇ ਇਹ ਇਨਾਮ ਐਲਡਰ ਨੂੰ ਸਮਰਪਿਤ ਕਰਦੇ ਹੋਏ ਕਿਹਾ, 'ਐਲਡਰ ਇੱਕ ਅਜਿਹਾ ਚੇਤੰਨ ਰੁੱਖ ਹੈ, ਜਿਸ ਨੇ ਹਰ ਕਦਮ ਉੱਤੇ ਉਸ ਦਾ ਮਾਰਗਦਰਸ਼ਨ ਕੀਤਾ ਹੈ।'

ਲਿਲੀ ਦੇ ਅਟੁੱਟ ਦ੍ਰਿੜ੍ਹ ਇਰਾਦੇ ਅਤੇ ਉਸ ਦੀ ਟੀਮ ਦੇ ਨਿਰੰਤਰ ਯਤਨਾਂ ਸਦਕਾ, ਕੁਦਰਤ ਅਤੇ ਮਨੁੱਖੀ ਤਰੱਕੀ ਵਿਚਕਾਰ ਸੰਤੁਲਨ ਹੌਲੀ-ਹੌਲੀ ਬਹਾਲ ਹੋ ਗਿਆ। ਤੇ ਇਸ ਤਰ੍ਹਾਂ, ਚੇਤੰਨ ਰੁੱਖ ਦੇ ਸੁਨੇਹੇ ਨੂੰ ਸੁਣਨ ਵਾਲੀ ਮੁਟਿਆਰ, ਵਾਤਾਵਰਣੀ ਸੁਰੱਖਿਆ ਕਾਰਜਾਂ ਵਿਚ ਪਾਏ ਵਿਲੱਖਣ ਯੋਗਦਾਨ ਨਾਲ ਦੁਨੀਆਂ ਉੱਤੇ ਅਮਿੱਟ ਛਾਪ ਛੱਡਦੀ ਹੋਈ ਆਉਣ ਵਾਲੀਆਂ ਪੀੜ੍ਹੀਆਂ ਦਾ ਪ੍ਰੇਰਨਾ ਸਰੋਤ ਬਣ ਗਈ।

ਜਿਵੇਂ-ਜਿਵੇਂ ਸਾਲ ਬੀਤਦੇ ਗਏ, ਐਲਡਰ ਦੇ ਆਲੇ-ਦੁਆਲੇ ਜੰਗਲ ਵਧਦਾ ਗਿਆ। ਇਸ ਦਾ ਹਰਾ-ਭਰਾ ਚੌਗਿਰਦਾ, ਜੰਗਲੀ ਜੀਵਾਂ ਲਈ ਪਨਾਹਗਾਹ ਬਣ ਗਿਆ। ਇੰਝ ਮਨੁੱਖ ਨੇ ਵਿਕਾਸ ਦੇ ਨਾਲ-ਨਾਲ ਕੁਦਰਤ ਨਾਲ ਸੁਮੇਲਤਾ ਵਾਲਾ ਜੀਵਨ ਢੰਗ ਵੀ ਸਿੱਖ ਲਿਆ।

ਹੁਣ ਪ੍ਰਾਚੀਨ ਤੇ ਵਿਸ਼ਾਲ ਐਲਡਰ, ਰੁਮਕਦੀ ਹਵਾ ਦੀਆਂ ਲਹਿਰਾਂ ਨਾਲ ਝੂਲਦੀਆਂ ਟਾਹਣੀਆਂ ਸੰਗ ਮਾਣਮੱਤਾ ਖੜ੍ਹਾ ਸੀ, ਕਿਉਂਕਿ ਉਹ ਜਾਣ ਚੁੱਕਾ ਸੀ ਕਿ ਉਸ ਦਾ ਸੁਨੇਹਾ ਬਹੁਤ ਸਾਰੇ ਲੋਕਾਂ ਦੇ ਮਨਾਂ ਨੂੰ ਛੂੰਹ ਗਿਆ ਸੀ। ਚੇਤੰਨ ਰੁੱਖ ਨੇ ਮਨੁੱਖਾਂ ਨੂੰ ਕੁਦਰਤ ਦੀ ਰੱਖਿਆ ਲਈ ਪ੍ਰੇਰਿਤ ਕੀਤਾ ਸੀ ਅਤੇ ਉਸ ਦੀ ਵਿਰਾਸਤ ਧਰਤੀ ਦੇ ਇਤਿਹਾਸ ਵਿਚ ਸੁਨਿਹਰੇ ਅੱਖਰਾਂ ਨਾਲ ਸਦਾ ਲਈ ਉੱਕਰੀ ਜਾ ਚੁੱਕੀ ਸੀ।

# ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਸਥਾਨ : ਸ੍ਰੀ ਦਮਦਮਾ ਸਾਹਿਬ



-ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302
(ਬਠਿੰਡਾ) : 94176-92015.
(Punjab Mail USA)



ਦਮਦਮਾ ਸਾਹਿਬ, ਜੋ ਕਿ ਇਤਿਹਾਸਕ ਕਸਬੇ ਤਲਵੰਡੀ ਸਾਬੋ ਦਾ ਹੀ ਦੂਜਾ ਨਾਂ ਹੈ, ਅਧਿਆਤਮਕ, ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਮੱਗ ਧਰਤੀ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ।

'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਅੰਕਿਤ ਹੈ ਕਿ ਇੱਕ ਵਾਰ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ, "ਹਜ਼ੂਰ, ਆਪਨੇ ਪਹਿਲੇ ਸਤਿਗੁਰਾਂ ਵਾਂਗ ਗੁਰਬਾਣੀ ਦਾ ਉਚਾਰਨ ਕਿਉਂ ਨਹੀਂ ਕੀਤਾ?" ਤਾਂ ਗੁਰੂਦੇਵ ਨੇ ਅੰਤਰ-ਧਿਆਨ ਹੋ ਕੇ ਫ਼ਰਮਾਇਆ, "ਅਸੀਂ ਦਸਵੇਂ ਜਾਮੇ ਵਿਚ ਤਲਵੰਡੀ ਸਾਬੋ ਵਿਖੇ ਸ੍ਰੀ ਦਮਦਮਾ ਸਾਹਿਬ ਪ੍ਰਗਟ ਕਰਕੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਲਿਖਾਂਗੇ:

"ਸੁਣ ਕੇ ਹਮ ਤਾਹਿ ਕੇ ਬੈਨਨ ਕੋ,
ਦਮਦਮਾ ਸੁ ਮਾਲਵੇ ਬੀਚ ਸੁਧਾਰੋ।
ਫਿਗ ਤਾਹਿ ਤਲਵੰਡੀ ਕੇ ਕਾਸ਼ੀ ਰਚੋਂ
ਜਹਿ ਬੈਲ ਪਢੇ ਹੋਏ ਬੁਧ ਉਦਾਰੋ।
ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ,
ਬੀੜ ਸੋਊ ਜਗ ਮਾਹਿ ਬਿਥਾਰੋ।
ਅਖਰ ਏਕ ਕਾ ਭੇਦ ਧਰੋ ਨਹਿ,
ਮਮ ਦਾਸ ਗੁਰੂ ਸਮਰਥ ਬਿਚਾਰੋ।"

ਜਗਤ-ਗੁਰੂ ਬਾਬਾ ਨਾਨਕ ਪਹਿਲੀ ਉਦਾਸੀ ਸਮੇਂ 1515 ਈ. ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ; 159 ਸਾਲ ਪਿੱਛੋਂ 1674 ਈ. ਵਿਚ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ ਪੰਜ ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ; 31 ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 1705 ਈ. ਵਿਚ ਜੰਗਾਂ-ਯੁੱਧਾਂ ਪਿੱਛੋਂ ਇਸ ਅਸਥਾਨ 'ਤੇ ਇੱਕ ਉੱਚੀ ਥੇੜੀ 'ਤੇ ਆ ਕੇ ਦਮ ਲਿਆ ਅਤੇ ਕਮਰ ਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈ. ਦੀ ਵਿਸਾਖੀ 'ਤੇ ਕਰੀਬ ਸਵਾ ਲੱਖ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਹ ਨਗਰ ਫਿਲਹਾਲ ਰੇਲਵੇ ਨਾਲ ਨਹੀਂ ਜੁੜਿਆ ਅਤੇ ਬਠਿੰਡਾ-ਰਾਮਾ ਸੜਕ ਉੱਤੇ ਬਠਿੰਡਾ ਤੋਂ 28 ਕਿ.ਮੀ. ਅਤੇ ਰਾਮਾ ਤੋਂ 13 ਕਿ.ਮੀ. ਦੂਰੀ 'ਤੇ ਸਥਿਤ ਹੈ।

ਇਸ ਪਵਿੱਤਰ ਸਰਜ਼ਮੀਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਰੀਬ ਸਵਾ ਸਾਲ ਬਿਸਰਾਮ ਕੀਤਾ ਅਤੇ 1706 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਸਾਹਿਬ ਨੇ ਆਪਣੀ ਅਧਿਆਤਮਕ ਸ਼ਕਤੀ ਦੁਆਰਾ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਇਆ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਰਾਗ ਜੈਜਾਵੰਤੀ ਸ਼ਾਮਲ ਕਰਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਇਉਂ ਅੰਕਿਤ ਕੀਤਾ ਹੈ :

"ਅਬ ਦਰਬਾਰ ਦਮਦਮਾ ਜਹਾਂ।
ਤੰਬੂ ਲਗਵਾ ਕੈ ਗੁਰ ਤਹਾਂ।
ਮਨੀ ਸਿੰਘ ਕੋ ਲਿਖਨ ਬਠੈ ਕੈ।
ਗੁਰੂ ਨਾਨਕ ਕਾ ਧਿਆਨ ਧਰੈ ਕੈ
ਨਿਤਪ੍ਰਤਿ ਗੁਰੂ ਉਚਾਰੀ ਜੈਸੇ।
ਬਾਣੀ ਲਿਖੀ ਮਨੀ ਸਿੰਘ ਤੈਸੇ।
ਬੀੜ ਆਦਿ ਗੁਰ ਗ੍ਰੰਥੈ ਜੇਹੀ।
ਕਰੀ ਦਸਮ ਗੁਰ ਤਿਆਰ ਉਜੇਹੀ।"

'ਸਾਹਿਤਯਸ਼ਾਸਤਰੀ' (ਮਰਹੂਮ) ਗਿਆਨੀ ਬਲਵੰਤ ਸਿੰਘ ਕੋਠਾਗੁਰੂ (1933-2019) ਮੁਤਾਬਕ ਇਹ ਬੀੜ ਵੈਸਾਖੀ ਵਾਲੇ ਦਿਨ (1763 ਬਿਕਰਮੀ ਵਿਚ) ਲਿਖਣੀ ਆਰੰਭ ਕੀਤੀ ਅਤੇ ਭਾਦਰੋਂ ਵਦੀ ਤੀਜ ਨੂੰ ਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈ. ਵਿਚ ਲਿਖੀ 'ਦੌਰਾ ਸਾਖੀ' ਵਿਚੋਂ ਵੀ ਮਹੱਤਵਪੂਰਣ ਹਵਾਲੇ ਦਿੱਤੇ ਹਨ। ਇਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਪੰਕਤੀਆਂ ਵਿਚ ਕੀਤੀ ਹੈ :

"ਅਉਰ ਚਾਰ ਤਿਸ ਪ੍ਰਤੇ ਭਾਏ।
ਦੀਪ ਸਿੰਘ ਸ਼ਹੀਦ ਲਿਖਾਏ।
ਇੱਕ ਅਕਾਲ ਬੁੰਗੇ ਇੱਕ ਪਟਨੇ।
ਤਿਰਤੀ ਹਜ਼ੂਰ ਦਿਯੋ ਹਿੱਤ ਪਢਨੇ।
ਚਤਰਥ ਰਾਖਯੋ ਦਮਦਮੇ ਮਾਹਿ।
ਬਢ ਬਾਬੇ ਯਹਿ ਚਾਰ ਕਹਾਇ।"

ਅਰਥਾਤ ਕਲਗੀਧਰ ਪਿਤਾ ਦੇ ਹੁਕਮ ਤੇ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਮੇਸ਼ ਪਿਤਾ ਖੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤੱਕ ਕਥਾ ਸ਼੍ਰਵਣ ਕੀਤੀ, ਉਨ੍ਹਾਂ ਨੂੰ ਬ੍ਰਹਮ-ਗਿਆਨੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਬ੍ਰਹਮ ਗਿਆਨੀਆਂ ਵਿਚ 48 ਗੁਰਮੁਖ ਸਨ: ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਰਾਮ ਸਿੰਘ ਕੁਇਰ, ਬਾਬਾ ਕਾਹਨ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਗੁਰਮੁਖ ਸਿੰਘ ਸ਼ਹੀਦ, ਬਾਬਾ ਦਾਨ ਸਿੰਘ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਨੰਦ ਲਾਲ, ਭਾਈ ਧੰਨਾ ਸਿੰਘ, ਭਾਈ ਦਇਆ ਸਿੰਘ, ਭਾਈ ਜੀਵਾ ਸਿੰਘ, ਭਾਈ ਪਿਆਰਾ ਸਿੰਘ, ਭਾਈ ਬੀਰ ਸਿੰਘ, ਭਾਈ ਧੀਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਅਮਰ ਸਿੰਘ, ਭਾਈ ਤਾਰਾ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗਿਆਨ ਸਿੰਘ, ਭਾਈ ਬਿਸੰਭਰ ਸਿੰਘ, ਭਾਈ ਹਰਗੋਪਾਲ ਸਿੰਘ, ਭਾਈ ਮਾਨ ਸਿੰਘ, ਭਾਈ ਰਾਏ ਸਿੰਘ, ਭਾਈ ਮੱਖਣ ਸਿੰਘ, ਭਾਈ ਮਦਨ ਸਿੰਘ, ਭਾਈ ਧਰਮ ਸਿੰਘ, ਭਾਈ ਸੁਜਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਅਕਾਲ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਦਿਆਲ ਸਿੰਘ, ਭਾਈ ਬਖਤਾਵਰ ਸਿੰਘ, ਭਾਈ ਦੇਵਾ ਸਿੰਘ, ਭਾਈ ਮੇਵਾ ਸਿੰਘ, ਭਾਈ ਗਿਆਨ ਸਿੰਘ, ਭਾਈ ਅਚਲ ਸਿੰਘ, ਰਾਜਾ ਜੈ ਸਿੰਘ, ਰਾਜਾ ਬਿਸ਼ਨ ਸਿੰਘ, ਭਾਈ ਭਾਗ ਸਿੰਘ, ਭਾਈ ਵਸਾਵਾ ਸਿੰਘ, ਭਾਈ ਘਣੀਆ ਸਿੰਘ, ਭਾਈ ਰਾਮ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮਲਾਗਰ ਸਿੰਘ। ਇਨ੍ਹਾਂ ਗੁਰਸਿੱਖਾਂ ਬਾਰੇ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਨੇ 'ਗੁਰਮੁਖ ਪ੍ਰਕਾਸ਼' ਵਿਚ ਅੰਕਿਤ ਕੀਤਾ ਹੈ :

"ਤਖ਼ਤ ਦਮਦਮੇ ਸੋਂ ਪੜ੍ਹੇ ਅਠਤਾਲੀ ਸਿੰਘ ਰਾਸ।
ਅਰਥ ਸੰਪਦਾ ਪਾਠ ਕੀ ਚਲੀ ਤਬੀ ਤੇ ਖਾਸ।"

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਅਤੇ ਸਿਆਹੀ ਆਦਿ ਹੋਰ ਸਮੱਗਰੀ ਲਿਖਣਸਰ ਦੇ ਟੋਬੇ ਵਿਚ ਪ੍ਰਵਾਹਿਤ ਕਰਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੰਦਿਆਂ ਫ਼ੁਰਮਾਇਆ ਸੀ :

"ਇਹ ਹੈ ਪ੍ਰਗਟ ਹਮਾਰੀ ਕਾਸ਼ੀ।
ਪੜ੍ਹ ਹੈਂ ਈਹਾਂ ਢੋਰ ਮਤ ਰਾਸੀ।
ਲੇਖਕ ਗੁਨੀ ਕਵਿੰਦ ਗਿਆਨੀ।
ਬੁਧਿਸਿੰਧੁ ਹ੍ਵੈ ਹੈਂ ਇਤਿ ਆਨੀ।
ਤਿਨ ਕੇ ਕਾਰਨ ਕਲਮ ਗਢ,
ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਸਭ ਪੜੈਂਗੇ,
ਹਮਰੇ ਕਈ ਹਜ਼ਾਰ।"

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਕਰਨ ਲਈ ਉਸਨੂੰ ਆਪਣੇ ਬਰਾੜ ਯੋਧੇ ਭੇਜਣ ਲਈ ਕਿਹਾ। ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਓ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖੁਦ ਨੂੰ ਗੁਰੂ ਜੀ ਦੇ ਸਨਮੁਖ ਪੇਸ਼ ਕੀਤਾ। ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿਚ ਇੱਥੇ ਇੱਕ ਗੁਰਦੁਆਰਾ ਮੌਜੂਦ ਹੈ।

ਗੁਰੂ ਜੀ ਦੇ ਦਰਬਾਰ ਵਿਚ ਇੱਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ, ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ 'ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰਕੇ ਫ਼ਰਮਾਇਆ :

"ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।"

ਉਸ ਯਾਦਗਾਰ ਦਾ ਪ੍ਰਤੀਕ ਇੱਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ 'ਤੇ ਹੈ) ਇੱਥੇ ਸੁਭਾਇਮਾਨ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖਜ਼ਾਨਾ ਕੱਢ ਕੇ ਤਨਖਾਹਾਂ ਵੰਡੀਆਂ ਸਨ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ-ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ।

ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇੱਥੇ ਮੌਜੂਦ ਹਨ, ਜਿਨ੍ਹਾਂ ਵਿਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ।

ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕ੍ਰਿਪਾਨ ਗੁਰੂ ਸਾਹਿਬ ਸ਼ਾਮਿਲ ਹਨ। ਇਸ ਤੋਂ ਬਿਨਾਂ ਭਾਈ ਡੱਲੇ ਦੇ ਖਾਨਦਾਨ ਕੋਲ ਵੀ ਗੁਰੂ-ਬਖ਼ਸ਼ਿਸ਼ ਦੁਆਰਾ ਰੱਖੀਆਂ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿਚ ਤੇਗਾ, ਸ੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਿਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡੱਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤੱਕ ਸੰਗਤਾਂ ਨੂੰ ਕਰਵਾਏ ਜਾਂਦੇ ਹਨ, ਜਦਕਿ ਕਿਸੇ ਸਮੇਂ ਹਰੇਕ ਚਾਨਣੀ ਦਸਮੀ ਨੂੰ ਹੀ ਇਹ ਵਸਤਾਂ ਵਿਖਾਈਆਂ ਜਾਂਦੀਆਂ ਸਨ।

ਵੀਹ ਕੁ ਸਾਲ ਪਹਿਲਾਂ ਤੱਕ ਤਖਤ ਸਾਹਿਬ ਵਿਖੇ ਸੰਗਤਾਂ ਦੀ ਆਮਦ ਬਹੁਤ ਘੱਟ ਸੀ। ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨਾਂ ਵਿਚ ਵੀ ਸੰਗਤਾਂ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿਚ ਵਿਸ਼ੇਸ਼ ਦੀਵਾਨ ਲੱਗਦੇ ਹਨ, ਜਿਸ ਵਿਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿਚ ਇੱਥੇ ਭਾਰੀ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।

ਅੱਜ ਤੋਂ ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਅਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ ਵਿੱਦਿਆ ਦੀ ਸਭ ਤੋਂ ਪਹਿਲੀ ਸੰਸਥਾ ਗੁਰੂ ਕਾਸ਼ੀ ਕਾਲਜ ਇੱਥੇ 1964 ਨੂੰ ਸਥਾਪਤ ਹੋਇਆ, ਜੋ ਹੁਣ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਵਜੋਂ ਕਾਰਜਸ਼ੀਲ ਹੈ; 1988 ਵਿਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਸਥਾਪਤ ਕੀਤਾ,1977 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਹੋਈ, ਦੋ ਯੂਨੀਵਰਸਿਟੀਆਂ- ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ (ਕ੍ਰਮਵਾਰ 2011 ਅਤੇ 2015) ਤੋਂ ਇਲਾਵਾ ਇੱਥੇ ਸਕੂਲੀ ਪੜ੍ਹਾਈ ਲਈ ਬਹੁਤ ਸਾਰੇ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ।

ਹਰ ਸਾਲ ਗੁਰੂ ਗ੍ਰੰਥ ਸਾਹਿਬ- ਸੰਪੂਰਨਤਾ ਦਿਵਸ ਸਮੇਂ ਇੱਥੇ ਅਖੰਡ ਪਾਠ ਰੱਖਿਆ ਜਾਂਦਾ ਹੈ, ਜਿਸ ਦੌਰਾਨ ਸਕੂਲ/ਕਾਲਜ ਬੱਚਿਆਂ ਦੇ ਸ਼ਬਦ ਗਾਇਨ, ਕਵਿਤਾ, ਵਾਰ, ਕਵੀਸ਼ਰੀ ਆਦਿ ਕਈ ਪ੍ਰਕਾਰ ਦੇ ਮੁਕਾਬਲੇ ਵੀ ਆਯੋਜਿਤ ਕਰਵਾਏ ਜਾਂਦੇ ਹਨ; ਕਵੀ ਦਰਬਾਰ ਆਯੋਜਿਤ ਹੁੰਦਾ ਹੈ। ਕੋਰੋਨਾ ਕਾਲ ਦੌਰਾਨ ਅਜਿਹੀਆਂ ਪ੍ਰਤਿਯੋਗਤਾਵਾਂ ਦੋ ਸਾਲ (2020, 2021) ਬੰਦ ਰਹੀਆਂ। ਇਸ ਸਾਲ 28 ਅਗਸਤ ਨੂੰ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਰਖਵਾਏ ਗਏ ਹਨ, ਜਿਸ ਦਾ ਭੋਗ 30 ਅਗਸਤ ਨੂੰ ਪਵੇਗਾ, ਜਿਸ ਦੌਰਾਨ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਗੁਰੂ ਜੱਸ ਦਾ ਵਰਣਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

# "ਕਿਸੇ ਬਾਰੇ ਨਿਰਣਾ ਕਰਨਾ ਇੰਨਾ ਆਸਾਨ ਨਹੀਂ ਹੈ"

ਚਾਨਣ ਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ,
ਸੰਪਰਕ 9876888177,
chanandeep@gmail.com
(Punjab Mail USA)



ਅੱਜ ਦੇ ਤੇਜ਼-ਰਫ਼ਤਾਰ ਸੰਸਾਰ ਵਿਚ, ਲੋਕਾਂ ਲਈ ਦੂਜਿਆਂ ਬਾਰੇ ਤੇਜ਼ੀ ਨਾਲ ਨਿਰਣਾ ਕਰਨਾ ਆਮ ਹੋ ਗਿਆ ਹੈ। ਭਾਵੇਂ ਇਹ ਦਿੱਖ, ਕਿਰਿਆਵਾਂ ਜਾਂ ਇੱਥੋਂ ਤੱਕ ਕਿ ਇੱਕ ਇੱਕਲੇ ਪਰਸਪਰ ਪ੍ਰਭਾਵ 'ਤੇ ਆਧਾਰਿਤ ਹੁੰਦਾ ਹੈ। ਸਮਾਜ ਅਕਸਰ ਸਾਨੂੰ ਵਿਅਕਤੀਆਂ ਬਾਰੇ ਸੱਚਮੁੱਚ ਜਾਣੇ ਬਿਨਾਂ ਰਾਏ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਹਾਲਾਂਕਿ, ਮਨੁੱਖਾਂ ਦੀ ਅੰਦਰੂਨੀ ਗੁੰਝਲਤਾ ਅਤੇ ਸਾਡੀ ਸਮਝ ਦੀਆਂ ਸੀਮਾਵਾਂ ਨੂੰ ਪਛਾਣਨਾ ਜ਼ਰੂਰੀ ਹੈ। ਇਹ ਲੇਖ ਇਸ ਗੱਲ ਦੀ ਪੜਚੋਲ ਕਰਦਾ ਹੈ ਕਿ ਕਿਸੇ ਬਾਰੇ ਨਿਰਣਾ ਕਰਨਾ ਇੰਨਾ ਆਸਾਨ ਕਿਉਂ ਨਹੀਂ ਹੈ ਅਤੇ ਇਹ ਦੂਜਿਆਂ ਨਾਲ ਸਾਡੀ ਗੱਲਬਾਤ ਵਿਚ ਹਮਦਰਦੀ ਅਤੇ ਖੁੱਲ੍ਹੇ ਮਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

ਮਨੁੱਖ ਅਤਿਅੰਤ ਗੁੰਝਲਦਾਰ ਜੀਵ ਹਨ, ਜੋ ਕਿ ਪਾਲਣ-ਪੋਸ਼ਣ, ਅਨੁਭਵ, ਵਿਸ਼ਵਾਸ ਅਤੇ ਸੱਭਿਆਚਾਰਕ ਪਿਛੋਕੜ ਵਰਗੇ ਵੱਖ-ਵੱਖ ਕਾਰਕਾਂ ਦੁਆਰਾ ਬਣਾਇਆ ਗਿਆ ਹੈ। ਹਰੇਕ ਵਿਅਕਤੀ ਕੋਲ ਹਾਲਾਤਾਂ ਦਾ ਇੱਕ ਵਿਲੱਖਣ ਸਮੂਹ ਹੁੰਦਾ ਹੈ, ਜਿਸ ਨੇ ਉਸ ਦੀ ਸ਼ਖਸੀਅਤ, ਕਦਰਾਂ-ਕੀਮਤਾਂ ਅਤੇ ਵਿਵਹਾਰ ਨੂੰ ਆਕਾਰ ਦਿੱਤਾ ਹੈ। ਸਿਰਫ਼ ਸਤਹੀ ਨਿਰੀਖਣਾਂ ਜਾਂ ਸੰਖੇਪ ਮੁਲਾਕਾਤਾਂ ਦੇ ਆਧਾਰ 'ਤੇ ਕਿਸੇ ਦਾ ਸਹੀ ਨਿਰਣਾ ਨਹੀਂ ਕੀਤਾ ਜਾ ਸਕਦਾ।

ਦੂਜਿਆਂ ਬਾਰੇ ਨਿਰਣਾ ਕਰਨਾ ਭਾਵੇਂ ਮਨੁੱਖੀ ਸੁਭਾਅ ਹੈ, ਪਰ ਅਕਸਰ, ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਸਾਡੇ ਨਿਰਣੇ, ਸਾਡੇ ਅਪ੍ਰਤੱਖ ਪੱਖਪਾਤ ਅਤੇ ਸਾਡੀ ਸੀਮਤ ਸਮਝ ਦੁਆਰਾ ਕਿਸ ਹੱਦ ਤੱਕ ਪ੍ਰਭਾਵਿਤ ਹੁੰਦੇ ਹਨ। ਹਰ ਵਿਅਕਤੀ ਗੁੰਝਲਦਾਰ ਹੈ ਅਤੇ ਅਸੀਂ ਕਦੇ ਵੀ ਕਿਸੇ ਹੋਰ ਦੀ ਕਹਾਣੀ, ਪ੍ਰੇਰਣਾ ਜਾਂ ਸੰਘਰਸ਼ ਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ। ਇਸ ਲਈ ਕਿਸੇ ਬਾਰੇ ਸਹੀ ਨਿਰਣਾ ਕਰਨਾ ਇੰਨਾ ਆਸਾਨ ਨਹੀਂ ਹੈ। ਕਈ ਕਾਰਨ ਹਨ ਕਿ ਅਸੀਂ ਦੂਜਿਆਂ ਦਾ ਨਿਰਣਾ ਕਿਉਂ ਕਰਦੇ ਹਾਂ। ਮੁੱਖ ਕਾਰਨਾਂ ਵਿਚੋਂ ਇੱਕ ਹੈ ਚੀਜ਼ਾਂ ਅਤੇ ਲੋਕਾਂ ਨੂੰ ਸ਼੍ਰੇਣੀਬੱਧ ਕਰਨ ਦੀ ਸਾਡੀ ਅਵਚੇਤਨ ਪ੍ਰਵਿਰਤੀ। ਅਸੀਂ ਵਿਆਪਕ ਸੰਦਰਭ ਨੂੰ ਸਮਝੇ ਬਿਨਾਂ ਲੋਕਾਂ ਦੀ ਸਰੀਰਕ ਦਿੱਖ, ਸਮਾਜਿਕ ਸਥਿਤੀ ਜਾਂ ਵਿਵਹਾਰ ਦੇ ਆਧਾਰ 'ਤੇ ਲੇਬਲ ਜਾਂ ਸ਼੍ਰੇਣੀਆਂ ਨਿਰਧਾਰਤ ਕਰਦੇ ਹਾਂ। ਅਸੀਂ ਇਨ੍ਹਾਂ ਲੇਬਲਾਂ ਦੀ ਵਰਤੋਂ ਆਪਣੇ ਵਿਚਾਰਾਂ ਅਤੇ ਪੱਖਪਾਤਾਂ ਨੂੰ ਬਣਾਉਣ ਲਈ ਕਰਦੇ ਹਾਂ, ਜੋ ਸਾਡੇ ਦੁਆਰਾ ਦੂਜਿਆਂ ਨਾਲ ਪੇਸ਼ ਆਉਣ ਦੇ ਤਰੀਕੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਨਿਰਣਾ ਕਰਨ ਦੀ ਸਾਡੀ ਪ੍ਰਵਿਰਤੀ ਦਾ ਇੱਕ ਹੋਰ ਕਾਰਨ ਸਾਡਾ ਸੀਮਤ ਦ੍ਰਿਸ਼ਟੀਕੋਣ ਹੈ, ਅਸੀਂ ਸੰਸਾਰ ਨੂੰ ਆਪਣੇ ਵਿਲੱਖਣ ਅਨੁਭਵਾਂ ਰਾਹੀਂ ਦੇਖਦੇ ਹਾਂ, ਜੋ ਕਈ ਵਾਰ ਦੂਜਿਆਂ ਨਾਲ ਹਮਦਰਦੀ ਕਰਨ ਦੀ ਸਾਡੀ ਯੋਗਤਾ ਨੂੰ ਸੀਮਤ ਕਰ ਦਿੰਦਾ ਹੈ। ਜਦੋਂ ਅਸੀਂ ਨਿਰਣਾ ਕਰਦੇ ਹਾਂ, ਅਸੀਂ ਅਕਸਰ ਉਸ ਵਿਅਕਤੀ ਦੇ ਪਿਛੋਕੜ, ਸੱਭਿਆਚਾਰ ਜਾਂ ਨਿੱਜੀ ਹਾਲਾਤਾਂ 'ਤੇ ਵਿਚਾਰ ਨਹੀਂ ਕਰਦੇ, ਜੋ ਉਨ੍ਹਾਂ ਦੇ ਵਿਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਹ ਤੰਗ ਨਜ਼ਰੀਆ ਗਲਤ ਧਾਰਨਾਵਾਂ ਨੂੰ ਜਨਮ ਦੇ ਸਕਦਾ ਹੈ ਅਤੇ ਦੂਜਿਆਂ ਨਾਲ ਸਾਡੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਅੱਜਕੱਲ੍ਹ, ਸੋਸ਼ਲ ਮੀਡੀਆ ਅਤੇ ਟੈਕਨਾਲੋਜੀ ਨੇ ਦੂਜਿਆਂ 'ਤੇ ਤੁਰੰਤ ਨਿਰਣਾ ਕਰਨਾ ਪਹਿਲਾਂ ਨਾਲੋਂ ਸੌਖਾ ਬਣਾ ਦਿੱਤਾ ਹੈ। ਸੋਸ਼ਲ ਮੀਡੀਆ ਦੇ ਉਭਾਰ ਦੇ ਨਾਲ, ਅਸੀਂ ਅਕਸਰ ਅਧੂਰੀ ਜਾਣਕਾਰੀ ਜਾਂ ਗੈਰ-ਪ੍ਰਮਾਣਿਤ ਤੱਥਾਂ ਦੇ ਆਧਾਰ 'ਤੇ ਰਾਏ ਬਣਾਉਂਦੇ ਹਾਂ। ਇਸ ਨਾਲ ਸ਼ਰਮਨਾਕ ਅਤੇ ਨੁਕਸਾਨਦੇਹ ਨਤੀਜੇ ਨਿਕਲ ਸਕਦੇ ਹਨ ਜਦੋਂ ਗਲਤ ਜਾਣਕਾਰੀ ਫੈਲਾਈ ਜਾਂਦੀ ਹੈ ਅਤੇ ਨਿਰਣੇ ਸਿਰਫ਼ ਸੁਣਨ ਜਾਂ ਅਫਵਾਹਾਂ 'ਤੇ ਆਧਾਰਿਤ ਹੁੰਦੇ ਹਨ।

ਸਹੀ ਨਿਰਣਾ ਨਾ ਕਰਨਾ ਸਾਡੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸਾਨੂੰ ਦੂਜਿਆਂ ਨਾਲ ਡੂੰਘੇ ਸਬੰਧ ਬਣਾਉਣ ਤੋਂ ਰੋਕ ਸਕਦਾ ਹੈ। ਦੂਜਿਆਂ ਦਾ ਨਿਰਣਾ ਕਰਨਾ ਬੰਦ ਕਰਨ ਲਈ, ਸਾਨੂੰ ਪਹਿਲਾਂ ਆਪਣੇ ਅਵਚੇਤਨ ਪੱਖਪਾਤ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਹਮਦਰਦੀ ਅਤੇ ਸਮਝ ਨੂੰ ਵਿਕਸਤ ਕਰਨ 'ਤੇ ਕੰਮ ਕਰਨਾ ਚਾਹੀਦਾ ਹੈ। ਸਾਨੂੰ ਆਪਣੀਆਂ ਧਾਰਨਾਵਾਂ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਅਤੇ ਸੰਸਾਰ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਿਯਮਤ ਸਵੈ-ਰਿਫਲਿਕਸ਼ਨ ਵਿਚ ਸ਼ਾਮਲ ਹੋਣਾ ਅਤੇ ਮਾਨਸਿਕਤਾ ਦਾ ਅਭਿਆਸ ਕਰਨਾ ਸਾਡੇ ਨਿਰਣੇ ਅਤੇ ਸੋਚਣ ਦੇ ਪੈਟਰਨਾਂ ਨੂੰ ਪਛਾਣਨ ਵਿਚ ਵੀ ਸਾਡੀ ਮਦਦ ਕਰ ਸਕਦਾ ਹੈ। ਸਿੱਟੇ ਵਜੋਂ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਕਿਸੇ ਦਾ ਸਹੀ ਨਿਰਣਾ ਕਰਨਾ ਇੰਨਾ ਆਸਾਨ ਨਹੀਂ ਹੈ। ਹਰ ਵਿਅਕਤੀ ਦੀ ਇੱਕ ਵਿਲੱਖਣ ਕਹਾਣੀ ਹੁੰਦੀ ਹੈ ਅਤੇ ਸਾਡੇ ਨਿਰਣੇ ਧਾਰਨਾਵਾਂ ਜਾਂ ਪੂਰਵ ਧਾਰਨਾਵਾਂ 'ਤੇ ਆਧਾਰਿਤ ਨਹੀਂ ਹੋਣੇ ਚਾਹੀਦੇ। ਸਾਡੇ ਪੱਖਪਾਤ ਨੂੰ ਸਵੀਕਾਰ ਕਰਕੇ ਅਤੇ ਸੰਸਾਰ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰਨ ਨਾਲ, ਅਸੀਂ ਵਧੇਰੇ ਹਮਦਰਦ ਅਤੇ ਸਮਝਦਾਰ ਵਿਅਕਤੀ ਬਣ ਸਕਦੇ ਹਾਂ, ਜੋ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਬਿਹਤਰ ਰਿਸ਼ਤੇ ਬਣਾ ਸਕਦੇ ਹਨ।

# ਮੇਰਾ ਮਨਭਾਉਂਦਾ ਨਸ਼ਾ

## ਕੰਡੇ ਦਾ ਕੰਡਾ/ਵਿਅੰਗ


-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ,
ਨੇੜੇ ਨੈਸਲੇ, ਮੋਗਾ
98557-35666
(Punjab Mail USA)







ਪਿਛਲੇ ਦਿਨੀ "ਪੰਜਾਬ ਬੈਸਟ ਇਨ ਡੱਰਗ ਇਨਵੈਨਸ਼ਿਨ" ਦੇ ਖਿਤਾਬ ਨਾਲ ਨਿਵਾਜੇ ਨਸ਼ੇੜੀ ਸਿੰਘ ਉਰਫ ਨਸ਼ੇੜੀ ਸ਼ਰਮਾ ਉਰਫ ਨਸ਼ੇੜੀ ਖਾਨ ਉਰਫ ਸਰ ਨਸ਼ੇੜੀ ਡਰੱਗ ਕਿੰਗ ਜੀ ਨੂੰ ਮਿਲਿਆ, ਤਾਂ ਸਾਡੇ ਨਸ਼ੇੜੀਆਂ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ। ਬੜੀ ਮੁਸ਼ਕਿਲ ਨਾਲ ਇਨ੍ਹਾਂ ਨੂੰ ਸੱਤ-ਅੱਠ ਮਿੰਟ ਲਈ ਬਿਨਾਂ ਨਸ਼ਾ ਕੀਤੇ ਇੰਟਰਵਿਊ ਲਈ ਮਨਾਇਆ ਹੈ। ਅੱਜ ਸਾਡੇ ਕੰਡੇ ਦਾ ਕੰਡਾ ਸਟੂਡੀਓ 'ਚ ਆਏ ਨੇ ਨਸ਼ੇੜੀ ਸਰ ਡਰੱਗ ਕਿੰਗ ਜੀ ਸੁਪਰ ਨਸ਼ੇੜੀ ਜਿਨ੍ਹਾਂ ਤੋਂ ਸ਼ਾਇਦ ਹੀ ਕੋਈ ਨਸ਼ਾ ਬਚਿਆ ਹੋਵੇ। ਵੈਸੇ ਤਾਂ ਇਹ ਕਿਸੇ ਜਾਣ-ਪਹਿਚਾਣ ਦੇ ਮੁਹਤਾਜ ਨਹੀਂ ਕਿਉਂਕਿ ਇਹ ਹੁਣ ਫਿੱਕੇ ਪੰਜਾਬ ਦੇ ਪ੍ਰਧਾਨ ਨੇ ਆਉ, ਅੱਜ ਇਨ੍ਹਾਂ ਕੋਲੋਂ ਨਸ਼ਿਆਂ ਬਾਰੇ ਜਾਣੀਏ, ਸਭ ਤੋਂ ਪਹਿਲਾਂ ਤੁਹਾਡਾ ਸੁਆਗਤ ਹੈ।

**ਸਵਾਲ-** ਤੁਸੀਂ ਸਭ ਤੋਂ ਪਹਿਲਾਂ ਇਹ ਦੱਸੋ ਕਿ ਤੁਸੀਂ ਚਾਰ-ਚਾਰ ਨਾਂ ਕਿਉਂ ਰੱਖੇ ਨੇ...?

**ਜਵਾਬ-** ਇਹ ਸਾਡੇ ਨਸ਼ੇੜੀ ਭਾਈਚਾਰੇ ਦੇ ਏਕੇ ਦਾ ਪ੍ਰਤੀਕ ਹੈ ਹਿੰਦੂ, ਮੁਸਲਿਮ, ਸਿੱਖ, ਇਸਾਈ, ਸਾਰੇ ਭਾਈ-ਭਾਈ।

**ਸਵਾਲ-** ਤੁਸੀਂ ਕਿੰਨਾ ਕੁ ਪੜ੍ਹੇ ਤੇ ਇਹ ਤੁਸੀਂ ਰਾਹ ਕਿਉਂ ਚੁਣਿਆ ਤੇ ਪੀ.ਐੱਚ.ਡੀ. ਕਿਵੇਂ ਕੀਤੀ?

**ਜਵਾਬ-** ਦਸਵੀਂ ਤੋਂ ਬਾਅਦ ਮੈਨੂੰ ਯਾਦ ਨਹੀਂ ਮੈਂ ਕਿਵੇਂ ਬੀ ਟੈਕ ਕੀਤੀ ਕਿਉਂਕਿ ਕਾਲਜ 'ਚ ਮੇਰੀਆਂ ਸਪਲੀਆਂ ਦਾ ਜ਼ੋਰ ਹੁੰਦਾ ਸੀ ਤੇ ਦਿਮਾਗ ਨਸ਼ੇ ਚ' ਲੋਰ ਹੁੰਦਾ ਸੀ। ਸਰਕਾਰ ਦਾ ਕਹਿਣਾ ਕੋਈ ਨੌਕਰੀ ਨਹੀਂ ਤੇ ਕੋਈ ਨਾ ਕੋਈ ਕੰਮ ਕਰਨਾ ਸੀ। ਦੇਸੀ ਸ਼ਰਾਬ ਕੱਢਦੇ ਕਈ ਵਾਰੀ ਫੜੇ ਗਏ ਪਰ ਮੈਂ ਕਦੇ ਹਿੰਮਤ ਨਹੀਂ ਹਾਰੀ। ਰਾਜਸਥਾਨ ਤੋਂ ਡੋਡੇ, ਭੁੱਕੀ, ਅਫੀਮ ਬਹੁਤ ਵਾਰੀ ਲਿਆਂਦੀ, ਫੇਰ ਫੜੇ ਗਏ। ਫੇਰ ਇੱਕ ਦਿਨ ਦਿਮਾਗ 'ਚ ਫੁਰਨਾ ਫੁਰਿਆ, ਬਈ ਇਨ੍ਹਾਂ ਨਸ਼ਿਆਂ ਤੋਂ ਜੇ ਸਰਕਾਰ ਨੂੰ ਕੋਈ ਪ੍ਰਾਬਲਮ ਨਹੀਂ, ਤਾਂ ਫੇਰ ਪੁਲਿਸ ਨੂੰ ਕੀ ਪ੍ਰਾਬਲਮ ਹੈ। ਪੁਲਿਸ ਮਹੀਨਾ ਜ਼ਿਆਦਾ ਮੰਗਦੀ ਸੀ। ਪੁਲਿਸ ਦਾ ਕਹਿਣਾ ਸੀ ਕਿ ਤੁਸੀਂ ਸਾਡਾ ਮਾਲ ਫੜਿਆ, ਉਹੀ ਵੇਚੀ ਜਾਉ ਪਰ ਮੈਂ ਆਪਣਾ ਨਾਮ ਬਣਾਉਣਾ ਚਾਹੁੰਦਾ ਸੀ। ਫੇਰ ਨਵੇਂ ਤੋਂ ਨਵੇਂ ਨਸ਼ੇ 'ਤੇ ਸਰਚ ਕੀਤੀ, ਪਹਿਲਾਂ ਖੁਦ 'ਤੇ ਪ੍ਰੈਕਟੀਕਲ ਕੀਤਾ। ਬੱਸ ਹੋ ਗਈ ਪੀ.ਐੱਚ.ਡੀ. ਨਸ਼ੇ 'ਤੇ ਇਸ ਤਰ੍ਹਾਂ।

**ਸਵਾਲ-** ਤੁਹਾਡਾ ਸਭ ਤੋਂ ਮਨਭਾਉਂਦਾ ਨਸ਼ਾ ਕਿਹੜਾ ਹੈ ?

**ਜਵਾਬ-** ਵੈਸੇ ਤਾਂ ਮਾਂ ਨੂੰ ਸਾਰੇ ਪੁੱਤ ਹੀ ਚੰਗੇ ਲੱਗਦੈ ਨੇ। ਉਸੇ ਤਰ੍ਹਾਂ ਮੇਰੇ ਬਹੁਤ ਸਾਰੇ ਮਨਭਾਉਂਦੇ ਨਸ਼ੇ ਨੇ। ਪਰ ਸਭ ਤੋਂ ਵਧੀਆ ਨਸ਼ਾ ਮੈਨੂੰ ਚੈਰੀ ਬੂਟ ਪਾਲਿਸ਼ ਦਾ ਨਸ਼ਾ ਚੰਗਾ ਲੱਗਦੈ ਹੈ। ਇਸਦੇ ਕੈਮੀਕਲ ਬਹੁਤ ਵਧੀਆ ਨੇ, ਜਦੋਂ ਇਸਨੂੰ ਪੁੜਪੁੜੀਆਂ ਤੇ ਬੁਰਸ ਨਾਲ ਪਾਲਿਸ਼ ਕਰੀਦਾ ਹੈ, ਤਾਂ ਧੁੱਪ 'ਚ ਸੂਰਜ ਨਮਸ਼ਕਾਰ ਕਰਨ ਨਾਲ ਨਾੜਾਂ ਤੁਰੰਤ ਸੁੰਨ ਹੋ ਜਾਂਦੀਆਂ ਨੇ ਤੇ ਸਵਰਗ ਦਾ ਝੂਟਾ ਆਉਂਦਾ ਹੈ, ਇਸ ਨਸ਼ੇ ਦੀ ਖਾਸੀਅਤ ਇਹ ਹੈ ਕਿ ਇਕ ਪੰਥ ਦੋ ਕਾਜ਼ ਹੋ ਜਾਂਦੇ ਨੇ, ਨਸ਼ੇ ਨਾਲ ਸੂਰਜ ਨਮਸ਼ਕਾਰ ਹੋ ਜਾਂਦੀ ਹੈ।

**ਸਵਾਲ-** ਕੋਈ ਮੁਫਤ ਖੋਰਾ ਨਸ਼ਾ ਦੱਸੋ ..?

**ਜਵਾਬ-** ਹਾਂ ਇੱਕ ਹੋਰ ਨਸ਼ਾ ਹੈ। ਤੁਸੀਂ ਪੈਟਰੋਲ ਪੰਪ 'ਤੇ ਚਲੇ ਜਾਉ। ਕਿਸੇ ਵੀ ਮਾਈ-ਭਾਈ ਦੇ ਸਕੂਟਰ, ਮੋਟਸਾਈਕਲ ਦੇ ਪੈਟਰੋਲ ਵਾਲੀ ਟੈਂਕੀ ਖੋਲ੍ਹਣ 'ਤੇ ਪੈਟਰੋਲ ਸੁੰਘ।, ਕਿਆ ਬਾਤ ਹੈ, ਉਸਦਾ ਅਲੱਗ ਹੀ ਆਨੰਦ ਹੈ। ਜੇ ਕੋਈ ਪੈਟਰੋਲ ਸੁੰਘਣ 'ਚ ਦਿੱਕਤ ਹੈ, ਤਾਂ ਕਿਰਲੀਆਂ ਨੂੰ ਮਾਰ ਕੇ ਦੁੱਧ 'ਚ ਉਬਾਲੇ ਦੁਆ ਕੇ ਪੀਉ, ਇਸਦਾ ਅਲੱਗ ਹੀ ਆਨੰਦ ਹੈ। ਜੇ ਕਿਰਲੀ ਨੂੰ ਅੱਗ 'ਚ ਭੁੰਨ ਕੇ ਖਾ ਲਵੋ, ਤਾਂ ਵਧੀਆ ਹੈ ਪਰ ਕਈ ਵੀਰਾਂ ਨੂੰ ਸੂਟ ਨਹੀਂ ਕਰਦੀ ਜਾਂ ਵੈਜੀਟੈਰੀਅਨ ਨੇ, ਉਹ ਵੀਰ ਇਸ ਦੀ ਸਵਾ ਨੂੰ ਸਿਗਰਿਟ 'ਚ ਭਰ ਕੇ ਪੀਉ।

**ਸਵਾਲ-** ਮੈਡੀਕਲ ਨਸ਼ਿਆਂ ਬਾਰੇ ਕੀ ਕਹੋਂਗੇ..?

**ਜਵਾਬ-** ਜ਼ਰਾ ਹੱਸ ਕੇ... ਮੈਡੀਕਲ ਨਸ਼ਾ ਬਹੁਤ ਮਾੜਾ ਹੈ, ਇਹ ਆਮ ਹੀ ਸੁਣਿਆ ਹੈ ਪਰ ਫੈਂਸ਼ੀਡਰਿੱਲ, ਲੋਮੋਟੈੱਲ, ਕੌਰੈਕਸ, ਅਲਪਰੈਕਸ, ਲਗਭਗ ਛੱਤੀ ਦੇ ਕਰੀਬ ਦਵਾਈਆਂ ਬੰਦ ਕਰ ਦਿੱਤੀਆਂ ਨੇ। ਜੇ ਤੁਸੀਂ ਕਹੋਂ, ਤਾਂ ਤੁਹਾਨੂੰ ਘਰ ਬੈਠੇ ਹੀ ਹੋਮ ਡਲਿਵਰੀ ਹੋ ਜਾਵੇਗੀ, ਇਹ ਸਾਰੇ ਨਸ਼ੇ ਸਰਕਾਰ ਨੇ ਕਾਗਜ਼ਾਂ 'ਚ ਬੰਦ ਕਰ ਦਿੱਤੇ ਨੇ।

**ਸਵਾਲ-** ਇਹ ਹੀਰੋਇਨ ਤੇ ਸਿੰਥੈਟਿਕ ਆਈਸ ਕੀ ਬਲਾ ਨੇ.....?

**ਜਵਾਬ-** ਸਰਕਾਰ ਨੇ ਕਾਗਜ਼ਾਂ 'ਚ ਨਸ਼ਾ ਬੰਦ ਕੀਤਾ। ਸਰਕਾਰ ਦੀ ਕੋਈ ਜ਼ਮੀਰ ਨਹੀਂ, ਸਾਡੀ ਜ਼ਮੀਰ ਜ਼ਿੰਦਾ ਹੈ। ਅਸੀਂ ਬਾਈਕਾਟ ਕਰ ਦਿੱਤਾ, ਤੁਸੀਂ ਖੁਦ ਵੇਖੋ, ਉੱਪਰ ਵਾਲੇ ਦੇ ਘਰ ਦੇਰ ਹੈ ਹਨੇਰ ਨਹੀਂ। ਹੁਣ ਬਾਰਡਰਾਂ ਤੋਂ ਨਸ਼ਾ ਆ ਰਿਹਾ ਹੈ। ਤੁਸੀਂ ਹਰ ਰੋਜ਼ ਅਖਬਾਰਾਂ 'ਚ ਟੀ.ਵੀ. 'ਚ ਖਬਰਾਂ ਪੜ੍ਹਦੇ-ਸੁਣਦੇ ਹੋ, ਕਰੋੜਾਂ ਦੀ ਹੀਰੋਇਨ ਫੜੀ, ਵੀਹ ਕਰੋੜ ਦੀ, ਪੰਜਾਹ ਕਰੋੜ ਦੀ, ਇਹ ਸਭ ਸਾਡੀ ਨਸ਼ੇੜੀ ਯੂਨੀਅਨ ਦੀ ਬਦੌਲਤ ਹੈ।

**ਸਵਾਲ-** ਇਹ ਗੱਲ ਸਾਡੇ ਦਰਸ਼ਕਾਂ ਨੂੰ ਸਮਝ ਨਹੀਂ ਆਈ, ਜ਼ਰਾ ਵਿਸਥਾਰ ਚ ਦੱਸੋ...?

**ਜਵਾਬ-** ਜਦੋਂ ਸਾਡੇ ਸੂਬੇ 'ਚ ਕਰੋੜਾਂ, ਅਰਬਾਂ ਦੀ ਹੀਰੋਇਨ ਫੜੀ ਜਾਂਦੀ ਹੈ, ਤਾਂ ਇਹ ਸਭ ਕੀਹਦੇ ਕਾਰਨ ਹੈ, ਸਾਡੀ ਪੁਲਿਸ ਸਿਆਸਤ ਤੇ ਨਸ਼ੇੜੀ ਯੂਨੀਅਨ ਕਰਕੇ। ਜੇ ਐਨਾ ਮਹਿੰਗਾ ਨਸ਼ਾ ਲੋਕ ਕਰਦੇ ਨੇ, ਉਹ ਅਮੀਰ ਹੀ ਨੇ, ਨੰਗ ਬੰਦਾ ਕਿੱਥੋਂ ਨਸ਼ਾ ਕਰ ਲਊ....? ਹੁਣ ਸਿੰਥੈਟਿਕ ਆਈਸ ਦਾ ਨਸ਼ਾ ਇਸ ਤੋਂ ਵੀ ਮਹਿੰਗਾ ਹੈ।

**ਸਵਾਲ-** ਤੁਸੀਂ ਸ਼ਰਾਬ ਬਾਰੇ ਕੀ ਕਹੋਂਗੇ,ਤੁਸੀਂ ਇਹ ਕਿਉਂ ਨਹੀਂ ਪੀਂਦੇ ?

**ਜਵਾਬ-** ਸ਼ਰਾਬ ਤਾਂ ਆਮ ਗੱਲ ਹੀ ਹੋ ਗਈ ਹੈ। ਇਹ ਤਾਂ ਸਾਰਿਆਂ ਨੇ ਅਪਨਾ ਲਈ ਹੈ, ਪੰਜਾਬ ਇਸ ਨੂੰ ਨਸ਼ਾ ਹੀ ਨਹੀਂ ਸਮਝਦਾ। ਬਾਕੀ ਮੈਂ ਜ਼ਰਾ ਹਟਕੇ ਨਸ਼ਾ ਕਰਦਾਂ ਹਾਂ, ਜੇ ਤੁਸੀਂ ਪਿਆਉਣੀ ਚਾਹੋ, ਤਾਂ ਮੈਂ ਮਨਾ ਨਹੀਂ ਕਰਾਂਗਾ।

**ਸਵਾਲ-** ਕੀ ਇਹ ਫਿੱਕਾ ਪੰਜਾਬ ਫੇਰ ਰੰਗਲਾ ਹੋ ਜਾਵੇਗਾ....?

**ਜਵਾਬ-** ਵੇਖੋ ਜੀ ਸਾਡੇ ਵਲੋਂ ਤਾਂ ਰੰਗਲਾ ਹੀ ਹੈ। ਅਸੀਂ ਨਸ਼ੇ 'ਚ ਟੁੱਲ ਰਹੀਦਾ, ਹਰ ਚੀਜ਼ ਰੰਗੀਨ ਨਜ਼ਰ ਆਉਂਦੀ ਹੈ।

**ਸਵਾਲ-** ਤੁਸੀਂ ਨਸ਼ਾ ਕਿੱਥੋਂ ਖਰੀਦਦੇ ਹੋ...?

**ਜਵਾਬ-** ਜ਼ਰਾ ਹੱਸ ਕੇ... ਸਰਕਾਰ ਤੋਂ, ਪੁਲਿਸ ਤੋਂ, ਜਿੱਥੋਂ ਭਾਅ ਸਸਤਾ ਮਿਲੇ, ਇਟਸ ਬਿਜ਼ਿਨਸ਼ ਮਾਈ ਡੀਅਰ ਕੰਡਾ ਜੀ।

**ਸਵਾਲ-** ਸੁਣਿਆ ਤੁਸੀਂ ਕਈ ਚੀਜ਼ਾਂ ਨਵੀਆਂ ਲਾਂਚ ਕਰ ਰਹੇ ਹੋ ਪੰਜਾਬ ਵਿਚ....?

**ਜਵਾਬ-** ਬਿਲਕੁੱਲ, ਤੁਸੀਂ ਸਹੀ ਸੁਣਿਆ, ਸਾਡੀ ਸਰਕਾਰ ਨਾਲ ਗੱਲ ਚੱਲ ਰਹੀ ਹੈ। ਅਸੀਂ ਹਰ ਸ਼ਹਿਰ 'ਚ ਨਸ਼ੇੜੀ ਢਾਬਾ ਖੋਲ੍ਹਾਂਗੇ, ਜਿਸ ਚ ਫੀਮ ਵਾਲੇ ਪਰੌਂਠੇ, ਡੋਡਿਆਂ ਵਾਲੇ ਪਰੌਂਠੇ, ਮਿਕਸ ਪਰੌਠਾਂ ਵਿਦ ਬੀਅਰ, ਸ਼ਰਾਬੀ ਚਿਕਨ ਵਿਦ ਡੋਡੇ ਨਾੱਨ, ਫੀਮ ਨਾੱਨ, ਡੋਡੇ ਨਾੱਨ, ਗਜਰੇਲਾ ਵਿਦ ਸਮੈਕ, ਫੀਮ ਕੁਲਫੀ, ਸਮੈਕ ਕੁਲਫੀ, ਡਾਰਕ ਚਾਕਲੇਟ ਵਿਦ ਫੀਮ, ਬਹੁਤ ਸਾਰੀਆਂ ਸਕਾੱਚਿਸ ਫਲੈਵਰ ਫਾਰ ਲੈਡੀਸ ਲਾਓਕਿ, ਵੋਧਕਾ, ਰੰਮ ਜਿਵੇਂ ਗ੍ਰੀਨ ਟੀ ਹੁੰਦੀ ਹੈ, ਅਸੀਂ ਡੋਡਾ ਟੀ, ਫੀਮ ਟੀ ਬਹੁਤ ਕੁੱਛ ਹੈ।

**ਸਵਾਲ-** ਕਦੋਂ ਤੱਕ ਤੁਹਾਡਾ ਇਹ ਢਾਬਾ ਚੈਨ ਸਿਸਟਮ ਸ਼ੁਰੂ ਹੋਵੇਗਾ, ਕੀ ਅੜਚਨ ਹੈ?

**ਜਵਾਬ-** ਸਾਡੇ ਵਲੋਂ ਤਾਂ ਕੱਲ੍ਹ ਨੂੰ ਸ਼ੁਰੂ ਕਰ ਲਉ ਪਰ ਸਰਕਾਰ ਫਿਫਟੀ ਪਰਸੈਂਟ ਭਾਲਦੀ ਹੈ। ਅਸੀਂ ਦੇ ਨਹੀਂ ਸਕਦੇ। ਰੇਟ ਸੈਟਿੰਗ ਹੋ ਗਿਆ, ਤਾਂ ਇਹ ਸਭ ਜਲਦੀ ਹੀ ਤੁਹਾਨੂੰ ਹਰ ਸ਼ਹਿਰ 'ਚ ਮਿਲੇਗਾ।

**ਸਵਾਲ-** ਜਾਂਦੇ-ਜਾਂਦੇ ਆਮ ਜਨਤਾ ਨੂੰ ਕੋਈ ਸਾਂਝ ਸੁਨੇਹਾ....?

**ਜਵਾਬ-** ਕਿਸੇ ਸਰਕਾਰ ਤੋਂ ਕੋਈ ਝਾਕ ਨਾ ਰੱਖੋ, ਮੇਰੇ ਵਾਂਗ ਆਪਣਾ ਦਿਮਾਗ ਵਰਤੋ, ਕੋਈ ਜੁਗਾੜ ਲਾਉ, ਖੋਜ਼ ਕਰੋ, ਨਸ਼ਾ ਕਰੋ, ਮੌਜ ਕਰੋ।


**ਸਵਾਲ-** ਆਪਣਾ ਕੋਈ ਸੰਪਰਕ ਜਾਂ ਈਮੇਲ ..?

**ਜਵਾਬ-** ਸੱਤਕਵੰਜਾ ਛੱਬੀ ਐਟ ਦੀ ਰੇਟ ਜੀ ਮੇਲ ਡਾਟ ਕਾਮ। ਇਸ ਤੋਂ ਪਹਿਲਾਂ ਉਨ੍ਹਾਂ ਦਾ ਨਸ਼ਾ ਡਾਊਨ ਹੋਵੇ, ਉਨ੍ਹਾਂ ਜਲਦੀ-ਜਲਦੀ ਚਾਰ-ਪੰਜ ਚੈਨੀਆਂ-ਖੈਨੀਆਂ ਮੂੰਹ 'ਚ ਲਾਈਆਂ ਤੇ ਚਲੇ ਗਏ।

# ਹੁਣ ਸੂਰਜ ਦੀ ਮੁਹਿੰਮ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ,
ਮਲੋਟ (ਪੰਜਾਬ)
(Punjab Mail USA)



ਜਿੱਥੇ ਦੁਨੀਆਂ ਚੰਦਰਯਾਨ-3 'ਤੇ ਚਰਚਾ 'ਚ ਰੁੱਝੀ ਹੋਈ ਹੈ, ਉਥੇ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਵਿਗਿਆਨੀ ਆਪਣੇ ਆਦਿਤਿਆ ਮਿਸ਼ਨ ਨੂੰ ਅੰਤਿਮ ਛੋਹਾਂ ਦੇਣ 'ਚ ਰੁੱਝੇ ਹੋਏ ਹਨ। ਜੇਕਰ ਸਭ ਕੁਝ ਠੀਕ ਰਿਹਾ, ਤਾਂ ਇਸਰੋ ਸੂਰਜ ਦਾ ਅਧਿਐਨ ਕਰਨ ਲਈ 2 ਸਤੰਬਰ ਨੂੰ ਆਦਿਤਿਆ-ਐੱਲ1 ਲਾਂਚ ਕਰੇਗਾ। ਭਾਰਤ ਵੱਲੋਂ ਕੀਤਾ ਜਾ ਰਿਹਾ ਇਹ ਪਹਿਲਾ ਸੂਰਜ ਅਭਿਆਨ ਹੈ ਅਤੇ ਇਸ ਰਾਹੀਂ ਭਾਰਤ ਸੂਰਜ ਦੇ ਅਧਿਐਨ ਨੂੰ ਅੱਗੇ ਵਧਾਏਗਾ। ਸਦਾ ਚਮਕਦਾ ਸੂਰਜ, ਜਿੱਥੇ ਊਰਜਾ ਦੇ ਲਗਾਤਾਰ ਵਿਸਫੋਟ ਹੁੰਦੇ ਹਨ, ਹਮੇਸ਼ਾ ਰਹੱਸ ਦਾ ਵਿਸ਼ਾ ਰਿਹਾ ਹੈ। ਇਸ ਵੱਡੇ ਪ੍ਰਾਜੈਕਟ ਸੂਰਜ ਧਰਤੀ ਦੀ ਗਤੀਸ਼ੀਲਤਾ ਅਤੇ ਇਸਦੇ ਨੇੜਲੇ ਮੌਸਮ ਦੀ ਸਮਝ ਵਿਚ ਕ੍ਰਾਂਤੀ ਲਿਆ ਸਕਦੀ ਹੈ। ਆਦਿਤਿਆ ਵੀ ਸੂਰਿਆ ਦਾ ਹੀ ਇੱਕ ਨਾਮ ਹੈ, ਇਸ ਲਈ ਇਸ ਨਾਮ ਦੀ ਮੁਹਿੰਮ ਜਾਂ ਗੱਡੀ ਹਰ ਕਿਸੇ ਦੀ ਖਿੱਚ ਦਾ ਕੇਂਦਰ ਬਣ ਜਾਵੇ, ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਇਹ ਮੁਹਿੰਮ ਵਿਸ਼ਵ ਵਿਚ ਇੱਕ ਭਾਰਤੀ ਸ਼ਬਦ ਦਾ ਪ੍ਰਚਾਰ ਵੀ ਕਰੇਗੀ ਅਤੇ ਭਾਰਤ ਦੇ ਪੁਲਾੜ ਮਿਸ਼ਨ ਨੂੰ ਸਵਦੇਸ਼ੀ ਬਣਾਵੇਗੀ। ਯੋਜਨਾ ਮੁਤਾਬਕ ਇਹ ਵਾਹਨ ਕੁੱਲ 125 ਦਿਨਾਂ 'ਚ ਸੂਰਜ ਦੇ ਨੇੜੇ ਆਰਬਿਟ 'ਤੇ ਪਹੁੰਚ ਜਾਵੇਗਾ। ਸੂਰਜ ਦੇ ਬਹੁਤ ਨੇੜੇ ਜਾਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ, ਪਰ ਸੂਰਜ ਦੇ ਨੇੜੇ ਇੱਕ ਸੁਰੱਖਿਅਤ ਆਰਬਿਟ ਹੈ, ਜਿਸ ਤੱਕ ਪਹੁੰਚ ਕੇ ਕੋਈ ਵਾਹਨ ਚੱਕਰ ਲਗਾਉਂਦਾ ਹੈ। ਸੂਰਜ ਨੂੰ ਦੇਖ ਸਕਦਾ ਹੈ। ਸੂਰਜ ਦੇ ਨੇੜੇ ਇਹ ਸੁਰੱਖਿਅਤ ਪੰਧ ਧਰਤੀ ਤੋਂ ਲਗਭਗ 15 ਲੱਖ ਕਿਲੋਮੀਟਰ ਦੂਰ ਹੈ। ਆਦਿਤਿਆ ਪੁਲਾੜ ਯਾਨ ਸੱਤ ਉੱਨਤ ਉਪਯੋਗਤਾ ਯੰਤਰਾਂ ਨਾਲ ਲੈਸ ਹੈ, ਜੋ ਸੂਰਜ ਦੀਆਂ ਵੱਖ-ਵੱਖ ਪਰਤਾਂ, ਫੋਟੋਸਫੀਅਰ ਅਤੇ ਕ੍ਰੋਮੋਸਫੀਅਰ ਤੋਂ ਲੈ ਕੇ ਸਭ ਤੋਂ ਬਾਹਰੀ ਪਰਤ, ਕੋਰੋਨਾ ਦੀ ਜਾਂਚ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਦਾ ਇਰਾਦਾ ਸੂਰਜ ਦੇ ਨੇੜੇ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਦਾ ਅੰਕੜਾ ਇਕੱਠਾ ਕਰਨਾ ਹੈ, ਤਾਂ ਜੋ ਸੂਰਜ ਦੀ ਕੁੱਲ ਕਿਰਿਆ-ਪ੍ਰਤੀਕਿਰਿਆ ਨੂੰ ਸਮਝਿਆ ਜਾ ਸਕੇ। ਅਸੀਂ ਚਮਕਦੇ ਸੂਰਜ ਨੂੰ ਅੱਖਾਂ ਨਾਲ ਨਹੀਂ ਦੇਖ ਸਕਦੇ, ਪਰ ਭਾਰਤ ਦੇ ਆਦਿਤਿਆ ਯਾਨ ਨੂੰ ਅੱਖਾਂ ਨਾਲ ਸਿੱਧਾ ਸੰਪਰਕ ਕਰਨ ਦੇ ਯੋਗ। ਇਸ ਵਿਚਲੇ ਚਾਰ ਯੰਤਰ ਸਿਰਫ ਸੂਰਜ ਨੂੰ ਦੇਖਣ ਦਾ ਕੰਮ ਕਰਨਗੇ, ਭਾਵ ਇਸ ਮੁਹਿੰਮ ਦਾ ਮੂਲ ਟੀਚਾ ਸੂਰਜ ਨੂੰ ਨੇੜਿਓਂ ਦੇਖਣਾ ਹੈ। ਸੂਰਜ ਵਿਚ ਭਾਰਤ ਦੀ ਦਿਲਚਸਪੀ ਨੂੰ ਕੁਦਰਤੀ ਤੌਰ 'ਤੇ ਹੀ ਸਮਝਿਆ ਜਾ ਸਕਦਾ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਸੂਰਜ ਨੂੰ ਦੇਵਤਾ ਮੰਨ ਕੇ ਵਰਤ ਰੱਖਣ ਵਾਲੇ ਲੋਕ ਵੱਡੀ ਗਿਣਤੀ ਵਿਚ ਹਨ। ਸੂਰਜ ਨਮਸਕਾਰ ਅਤੇ ਸੂਰਜ ਨੂੰ ਪਾਣੀ ਚੜ੍ਹਾਉਣਾ ਭਾਰਤ ਵਿਚ ਰੋਜ਼ਾਨਾ ਦੀ ਰੁਟੀਨ ਦਾ ਹਿੱਸਾ ਹੈ। ਸੂਰਜ ਭਾਰਤੀ ਮਿਥਿਹਾਸ ਵਿਚ ਇੱਕ ਪਾਤਰ ਜਾਂ ਪਾਤਰ ਦੇ ਰੂਪ ਵਿਚ ਮੌਜੂਦ ਹੈ। ਕੋਈ ਹੈਰਾਨੀ ਨਹੀਂ, ਤੁਸੀਂ ਵਧੇਰੇ ਸ਼ਰਧਾ ਨਾਲ ਸੂਰਜ ਦਾ ਅਧਿਐਨ ਕਰਨ ਦੇ ਯੋਗ ਹੋਵੋਗੇ। ਹੁਣ ਤੱਕ ਸਿਰਫ਼ ਅਮਰੀਕਾ, ਯੂਰਪੀ ਪੁਲਾੜ ਏਜੰਸੀ ਅਤੇ ਜਰਮਨੀ ਨੇ ਹੀ ਸੂਰਜ ਦਾ ਅਧਿਐਨ ਕਰਨ ਲਈ ਮਿਸ਼ਨ ਲਾਂਚ ਕੀਤੇ ਹਨ। ਵੀਹ ਦੇ ਕਰੀਬ ਅਜਿਹੀਆਂ ਮੁਹਿੰਮਾਂ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਵਿਚੋਂ ਸਿਰਫ਼ ਦੋ-ਤਿੰਨ ਮੁਹਿੰਮਾਂ ਹੀ ਅਸਫਲ ਰਹੀਆਂ ਹਨ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅਜਿਹਾ ਸੋਲਰ ਅਭਿਆਨ ਚਲਾਇਆ ਹੈ, ਜਿਸ 'ਚ ਵਾਹਨ ਨੂੰ ਸੂਰਜ ਤੱਕ ਪਹੁੰਚਣ ਤੋਂ ਬਾਅਦ ਧਰਤੀ 'ਤੇ ਪਰਤਣਾ ਪਿਆ। ਕਿਹਾ ਜਾਂਦਾ ਹੈ ਕਿ ਇਹ ਵਾਹਨ ਸੂਰਜ ਦੇ ਨੇੜੇ ਹਵਾ ਅਤੇ ਕਣਾਂ ਦੇ ਨਾਲ ਵਾਪਸ ਆ ਰਿਹਾ ਸੀ, ਪਰ ਧਰਤੀ 'ਤੇ ਹਮਲਾਵਰ ਲੈਂਡਿੰਗ ਕਾਰਨ ਕੁਝ ਖਾਸ ਤੱਤਾਂ ਨੂੰ ਛੂਹਿਆ ਨਹੀਂ ਗਿਆ ਸੀ। ਇਸ ਲਈ ਇਹ ਅਜੇ ਵੀ ਬਹੁਤ ਵੱਡੀ ਵਿਗਿਆਨਕ ਚੁਣੌਤੀ ਇਹ ਹੈ ਕਿ ਸੂਰਜ ਦੇ ਨੇੜੇ ਮੌਜੂਦ ਕਣਾਂ ਨੂੰ ਧਰਤੀ 'ਤੇ ਲਿਆ ਕੇ ਉਨ੍ਹਾਂ ਦਾ ਅਧਿਐਨ ਕਿਵੇਂ ਕੀਤਾ ਜਾਵੇ? ਇਹ ਸੰਭਵ ਹੈ ਕਿ ਇਸਰੋ ਆਉਣ ਵਾਲੇ ਸਾਲਾਂ ਵਿਚ ਅਜਿਹਾ ਕਰਨ ਦੇ ਯੋਗ ਹੋ ਜਾਵੇਗਾ। ਭਾਰਤੀ ਵਿਗਿਆਨ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਇਸਰੋ ਮੰਗਲ ਅਤੇ ਸ਼ੁੱਕਰ ਗ੍ਰਹਿ 'ਤੇ ਵੀ ਜਾਣ ਦੇ ਸਮਰੱਥ ਹੈ। ਅਦਿੱਤਿਆ ਯਾਨ ਦੀ ਕਾਮਯਾਬੀ ਇਸਰੋ ਦੀ ਪ੍ਰਸਿੱਧੀ ਨੂੰ ਹੋਰ ਵਧਾਏਗੀ।

# ਮਿੱਟੀ ਵਤਨਾਂ ਦੀ ...

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)



ਪਰਦੇਸੀਆਂ ਨੂੰ ਆਪਣੇ ਵਤਨ ਦਾ ਨਾਂ ਸੁਣਦਿਆਂ ਹੀ ਉਨ੍ਹਾਂ ਦੇ ਦਿਲ ਅੰਦਰ ਇੱਕ ਹੁਲਾਰਾ ਜਿਹਾ ਉੱਠ ਖੜ੍ਹਦਾ ਹੈ। ਸੋ ਗੱਲ ਕਰੀਏ ਪਰਦੇਸੀਆਂ ਦੀ ਜਿਨ੍ਹਾਂ ਨੇ ਬਾਹਰਲੇ ਮੁਲਕਾਂ ਵਿਚ ਰਹਿੰਦੇ ਹੋਏ ਵੀ ਆਪਣੇ ਦੇਸ਼ ਨੂੰ ਆਪਣੇ ਸੀਨੇ ਨਾਲੋਂ ਘੁੱਟ ਕੇ ਲਾ ਰੱਖਿਆ ਹੈ। ਅੱਜ ਬਾਹਰਲੇ ਮੁਲਕਾਂ ਦੀ ਹਾਲਤ ਭਾਵੇਂ ਕਿੱਥੋਂ ਕਿਥੇ ਪਹੁੰਚ ਚੁੱਕੀ ਹੋਵੇ। ਹਾਲਾਤ ਭਾਵੇਂ ਬਹੁਤੇ ਵਧੀਆ ਨਾ ਹੋਣ। ਪਰ ਉਸੇ ਸੰਦਰਭ ਵਿਚ ਵੇਖੀਏ ਤਾਂ ਆਪਣੇ ਵਤਨ ਦੀ ਯਾਦ ਆਉਣੀ ਲਾਜ਼ਮੀ ਹੋ ਜਾਂਦੀ ਹੈ, ਜਿੱਥੋਂ ਦੀਆਂ ਗਲੀਆਂ ਵਿਚ ਖੇਡ ਕੇ ਅਸੀਂ ਜ਼ਿੰਦਗੀ ਨੂੰ ਪ੍ਰਵਾਨ ਚੜ੍ਹੇ ਹੁੰਦੇ ਹਾਂ ਅਤੇ ਹੋਰ ਬਹੁਤ ਅਜਿਹੇ ਆਪਣੇ ਵਤਨ ਦੀ ਸਰਜ਼ਮੀਨ 'ਤੇ ਸਿਰਜਿਆ ਹੁੰਦਾ ਹੈ। ਉਹ ਗੱਲਾਂ ਅਕਸਰ ਸਾਡੇ ਚੇਤੇ ਵਿਚ ਆਉਂਦੀਆਂ ਰਹਿੰਦੀਆਂ ਹਨ ਕਿ ਸਾਡਾ ਵਤਨ ਇਸ ਤਰ੍ਹਾਂ ਦਾ ਸੀ। ਜਿੱਥੇ ਅਸੀਂ ਜੰਮੇ ਜਾਏ ਉੱਥੋਂ ਦੀਆਂ ਗਲੀਆਂ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਜਿਹੜੇ ਪ੍ਰਦੇਸ਼ ਤੁਰ ਗਏ, ਉਨ੍ਹਾਂ ਦਾ ਮੁੜਨ ਦਾ ਕੋਈ ਨਾਮੋਂ-ਨਿਸ਼ਾਨ ਵੀ ਨਹੀਂ ਹੈ।

ਪਰ ਆਪਣੇ ਵਤਨ ਦੀ ਮਿੱਟੀ ਹੁੰਦੀ ਹੀ ਐਸੀ ਹੈ, ਜਿਸ ਨੂੰ ਭੁੱਲਿਆ ਨਹੀਂ ਜਾ ਸਕਦਾ। ਛੋਟੇ-ਛੋਟੇ ਬੱਚੇ ਜਿਹੜੇ ਵਿਦੇਸ਼ਾਂ ਅੰਦਰ ਆਪਣੀ ਜ਼ਿੰਦਗੀ ਨੂੰ ਪ੍ਰਵਾਨ ਚੜ੍ਹਦੇ ਨੇ, ਉਹ ਵੀ ਬਹੁਤ ਔਖਾ ਹੁੰਦਾ ਹੈ ਹਰ ਇੱਕ ਨੂੰ ਆਪਣਾ ਜੀਵਨ ਬਸ਼ਰ ਕਰਨਾ। ਅੱਜ ਦਾ ਨੌਜਵਾਨ ਵਿਦੇਸ਼ੀ ਧਰਤੀ ਉੱਤੇ ਭਾਵੇਂ ਪਹੁੰਚ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਉੱਥੇ ਉਸਦਾ ਹਾਲ ਬਹੁਤ ਮਾੜਾ ਹੈ। ਸਮੇਂ ਨੇ ਪੜ੍ਹਾਵੇ ਵਿਦਿਆਰਥੀਆਂ ਦੀਆਂ ਚੀਕਾਂ ਕਢਾ ਚੁੱਕੀਆਂ ਹਨ, ਮਾਪਿਆਂ ਵੱਲੋਂ ਆਪਣੀ ਔਲਾਦ ਦੀਆਂ ਫੀਸਾਂ ਭਰਨ ਦੇ ਲਈ ਜ਼ਮੀਨਾਂ ਵੇਚ ਕੇ ਆਪਣਾ ਪ੍ਰਬੰਧ ਜੁਗਾੜ ਕੀਤਾ ਜਾ ਰਿਹਾ ਹੈ। ਜਦੋਂ ਅਸੀਂ ਆਪਣੇ ਘਰ ਤੋਂ ਅਮਰੀਕਾ ਵਿਚ ਆਏ ਸੀ,



ਤਾਂ ਪਹਿਲਾਂ ਮਨ ਦੇ ਵਿਚ ਇੱਕ ਚਾਅ ਸੀ ਕਿ ਅਸੀਂ ਬਾਹਰਲੇ ਮੁਲਕ ਨੂੰ ਜਾ ਰਹੇ ਹਾਂ, ਉਹ ਚਾਅ ਹੁਣ ਫਿੱਕਾ ਪੈ ਚੁੱਕਿਆ ਹੈ। ਅੱਜ ਦਾ ਨੌਜਵਾਨ ਵੱਡੇ ਪੱਧਰ 'ਤੇ ਪ੍ਰਵਾਸ ਕਰ ਰਿਹਾ ਹੈ ਪਰ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਬਚਦਾ। ਜਿਹੜੇ ਨੌਜਵਾਨ ਕੰਮ ਕਰਦੇ ਹਨ, ਉਨ੍ਹਾਂ ਦੀਆਂ ਫੀਸਾਂ ਭਰੀਆਂ ਜਾ ਰਹੀਆਂ ਹਨ।


ਨੌਜਵਾਨੀ ਗਲਤ ਕੰਮਾਂ ਵਿਚ ਗ਼ਲਤਾਨ ਹੋ ਕੇ ਹੋਰਨਾਂ ਪਾਸੇ ਲੱਗ ਚੁੱਕੀ ਹੈ। ਕਤਲਾਂ ਦਾ ਬੋਲਬਾਲਾ ਹੋ ਚੁੱਕਿਆ ਹੈ। ਕਦੇ ਉਹ ਦਿਨ ਸਨ ਕਿ ਲੋਕ ਆਸਮਾਨ ਵਿਚ ਉੱਡਦੇ ਜਹਾਜ਼ ਨੂੰ ਵੇਖ ਕੇ ਆਪਣੇ ਮਨ ਅੰਦਰ ਹੌਕਾ ਲੈਂਦੇ ਸਨ ਕਿ ਕਦੇ ਅਸੀਂ ਵੀ ਇਸ ਜਹਾਜ਼ ਵਿਚ ਬੈਠਾਂਗੇ ਪਰ ਅੱਜ ਬਾਹਰਲੇ ਮੁਲਕਾਂ ਅੰਦਰ ਜੇਕਰ ਇਹ ਵੀ ਆਖ ਲਈਏ ਕਿ ਉਹ ਮਿੱਠੀ ਜੇਲ੍ਹ ਬਣ ਚੁੱਕੇ ਹਨ, ਤਾਂ ਵੀ ਕੁਝ ਗ਼ਲਤ ਨਹੀਂ ਹੋਵੇਗਾ। ਸੋ ਅਸੀਂ ਏਕ ਗੱਲ ਜ਼ਰੂਰ ਕਹਿਣਾ ਚਾਹੁੰਦੇ ਹਾਂ ਕਿ ਵਿਦੇਸ਼ੀ ਧਰਤੀ 'ਤੇ ਆਓ ਜ਼ਰੂਰ ਪਰ ਚੰਗਾ ਹੋਵੇ, ਜੇਕਰ ਪੜ੍ਹ-ਲਿਖ ਕੇ ਜਾਂ ਕਿਸੇ ਕੰਮ-ਧੰਦੇ ਨੂੰ ਅਪਣਾ ਕੇ ਵਿਦੇਸ਼ ਵਿਚ ਆਇਆ ਜਾਵੇ। ਕਿਉਂਕਿ ਜੇਕਰ ਅਸੀਂ ਵੇਖੋ-ਵੇਖੀ ਵਿਦੇਸ਼ੀ ਧਰਤੀ 'ਤੇ ਪਹੁੰਚ ਰਹੇ ਹਾਂ, ਤਾਂ ਉਹ ਵੀ ਕੋਈ ਬਹੁਤ ਵਧੀਆ ਗੱਲ ਨਹੀਂ ਹੈ। ਇੱਥੇ ਬਹੁਤ ਸਾਰੇ ਕਾਰੋਬਾਰ ਅਜਿਹੇ ਹਨ, ਜੋ ਫੇਲ ਹੋਣ ਦੀ ਕਗਾਰ 'ਤੇ ਪਹੁੰਚ ਚੁੱਕੇ ਹਨ ਅਤੇ ਬਹੁਤ ਸਾਰਿਆਂ ਨੂੰ ਸਰਕਾਰਾਂ ਨੇ ਵਿਸਾਰ ਦਿੱਤਾ ਹੈ। ਸਾਡੀ ਨੌਜਵਾਨੀ ਨਸ਼ੇ ਵਿਚ ਫਸ ਕੇ ਗਲਤ ਰਸਤਿਆਂ 'ਤੇ ਤੁਰ ਚੁੱਕੀ ਹੈ।

ਬਹੁਤ ਸਾਰੇ ਪੰਜਾਬੀਆਂ ਦਾ ਨਾਂ ਨਸ਼ੇ ਦੇ ਮਾਮਲੇ ਵਿਚ ਆ ਗਿਆ ਹੈ ਅਤੇ ਬਹੁਤ ਸਾਰੇ ਜੇਲ੍ਹ ਵਿਚ ਜਾ ਚੁੱਕੇ ਹਨ। ਪੰਜਾਬ ਦੀ ਧਰਤੀ 'ਤੇ ਵੀ ਵੱਡੀ ਕਮਾਈ ਕੀਤੀ ਜਾ ਸਕਦੀ ਹੈ। ਪੰਜਾਬੀ ਕਦੇ ਵੀ ਰੋਟੀ ਤੋਂ ਭੁੱਖਾ ਨਹੀਂ ਮਰਦਾ। ਜ਼ਮੀਨ-ਜਾਇਦਾਦ ਉਸ ਨੂੰ ਰੋਟੀ ਤਾਂ ਦੇ ਦੇਵੇਗੀ ਪਰ ਸੁੱਖ-ਸਹੂਲਤਾਂ ਦੇ ਚੱਲਦਿਆਂ ਨੌਜਵਾਨ ਵਿਦੇਸ਼ਾਂ ਨੂੰ ਭੱਜ ਨਿਕਲਿਆ ਹੈ। ਉਸ ਦੀ ਦੌੜ ਕਿਤੇ ਨੇੜ ਭਵਿੱਖ ਵਿਚ ਵੀ ਪੂਰੀ ਹੁੰਦੀ ਵਿਖਾਈ ਨਹੀਂ ਦੇ ਰਹੀ। ਲੰਘੇ ਸਮੇਂ ਕੁਝ ਨੌਜਵਾਨ ਹੁੰਦੇ ਸਨ, ਜੋ ਵਿਦੇਸ਼ੀ ਧਰਤੀ 'ਤੇ ਜਾ ਕੇ ਬੈਠੇ ਸਨ। ਪਰ ਅੱਜ ਤਾਂ ਹਾਲਾਤ ਬਦਲ ਚੁੱਕੇ ਹਨ। ਪੰਜਾਬ ਦੇ ਹਰ ਪਿੰਡ ਵਿਚੋਂ ਨੌਜਵਾਨ ਕਾਫਲਿਆਂ ਦੇ ਰੂਪ ਵਿਚ ਵਿਦੇਸ਼ੀ ਧਰਤੀ 'ਤੇ ਜਾ ਰਹੇ ਹਨ, ਭਾਵੇਂ ਇਹ ਵਰਤਾਰਾ ਗ਼ਲਤ ਹੈ। ਪਿਛਲੇ ਦਿਨੀਂ ਇਹ ਜ਼ਰੂਰ ਵੇਖਿਆ ਸੀ ਕਿ ਕੁਝ ਨੌਜਵਾਨ ਵਾਪਸ ਪਰਤ ਕੇ ਪੰਜਾਬ ਆਏ ਹਨ। ਕੀ ਇਹ ਸੱਚ ਹੈ ਇਸ ਬਾਰੇ ਤਾਂ ਉਥੋਂ ਦਾ ਸਿਸਟਮ ਹੀ ਦੱਸ ਸਕਦਾ ਹੈ ਕਿ ਬਾਹਰਲੇ ਮੁਲਕਾਂ ਵਿਚ ਹੋ ਕੀ ਰਿਹਾ ਹੈ ਪਰ ਸੱਚ-ਸੱਚ ਹੈ ਅਤੇ ਝੂਠ-ਝੂਠ ਹੈ।

# ਡਰੱਗ ਦੀ ਓਵਰਡੋਜ਼ ਬਣੀ ਵਿਸ਼ਵ ਲਈ ਖਤਰਾ

**ਅੰਤਰਰਾਸ਼ਟਰੀ ਡਰੱਗ ਓਵਰਡੋਜ਼ ਜਾਗਰੂਕਤਾ ਦਿਵਸ 2023 ਦਾ ਥੀਮ ਹੈ- "ਉਹ ਲੋਕਾਂ ਨੂੰ ਪਛਾਣਨਾ, ਜੋ ਅਣਦੇਖੇ ਜਾਂਦੇ ਹਨ। ਆਪਣੇ ਭਾਈਚਾਰਿਆਂ 'ਚ ਉਨ੍ਹਾਂ ਲੋਕਾਂ ਨੂੰ ਮਾਨਤਾ ਦੇਣ ਬਾਰੇ ਹੈ, ਜੋ ਓਵਰਡੋਜ਼ ਨਾਲ ਪ੍ਰਭਾਵਿਤ ਹੁੰਦੇ ਹਨ ਪਰ ਮੁਸੀਬਤ 'ਚ ਅਣਦੇਖੇ ਹੋ ਸਕਦੇ ਹਨ"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




ਅੰਤਰਰਾਸ਼ਟਰੀ ਡਰੱਗ ਓਵਰਡੋਜ਼ ਜਾਗਰੂਕਤਾ ਦਿਵਸ 31 ਅਗਸਤ, 2023 ਨੂੰ ਵਿਸ਼ਵ ਭਰ 'ਚ ਮਨਾਇਆ ਜਾ ਰਿਹਾ ਹੈ। ਡਰੱਗ ਓਵਰਡੋਜ਼ ਨਾਲ ਦੋ ਸਾਲ ਪਹਿਲਾਂ ਅਮਰੀਕਾ 'ਚ ਅੰਦਾਜ਼ਨ 68,367 ਮੌਤਾਂ ਦਾ ਆਂਕੜਾ ਸਾਹਮਣੇ ਆਇਆ ਸੀ। ਅੱਜ ਵਿਸ਼ਵ ਭਰ ਵਿਚ ਡਰੱਗ ਓਵਰਡੋਜ਼ ਨਾਲ ਨੌਜਵਾਨਾਂ ਦੀ ਮੌਤ ਦਾ ਆਂਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਓਵਰਡੋਜ਼ ਇਕ ਜੀਵ-ਵਿਗਿਆਨਕ ਪ੍ਰਤੀਕ੍ਰਿਆ ਹੈ। ਜਦੋਂ ਮਨੁੱਖ ਨਾਜਾਇਜ਼ ਨਸ਼ਿਆਂ, ਅਲਕੋਹਲ, ਪ੍ਰੇਸਕ੍ਰਾਈਬਡ ਦਵਾਈਆਂ ਜਾਂ ਮਿਸ਼ਰਣ ਨੂੰ ਬਹੁਤ ਜ਼ਿਆਦਾ ਮਾਤਰਾ ਵਿਚ ਲੈ ਲੈਂਦਾ ਹੈ। ਹਰ ਦਵਾਈ ਜਾਂ ਰਸਾਇਣਕ ਦੀ ਓਵਰਡੋਜ਼ ਤੁਹਾਡੇ ਸਾਹ ਨੂੰ ਰੋਕ ਸਕਦੀ ਹੈ।

**ਪ੍ਰੇਸਕ੍ਰਾਈਬਡ ਓਪੀਓਡਜ਼** : ਕੋਡੀਨ, ਫੈਂਨਟੈਨਿਲ, ਹਾਈਡ੍ਰੋਕੋਡੀਨ-ਏਸਿਟਾਮਿਨੋਫਿਨ, ਹਾਈਡ੍ਰੋਮੋਰਫੋਨ, ਮੀਪਰੀਡਾਈਨ, ਮੋਰਫੀਨ, ਓਕਸੀਕੋਡੋਨ, ਓਕਸੀਮੋਰਫੋਨ, ਟਰੇਮੇਡੋਲ ਅਤੇ ਗੈਰ-ਕਾਨੂੰਨੀ ਓਪੀਓਡਜ਼ ਵਿਚ ਹੀਰੋਈਨ ਤੇ ਫੈਂਨਟੈਨਿਲ ਅਤੇ ਅਨਾਲੋਗਜ਼, ਇਲਾਜ ਵਿਚ ਬੁਪ੍ਰੀਨੋਰਫਾਈਨ ਤੇ ਮੀਥਾਡੋਨ ਆਦਿ ਡਾਕਟਰੀ ਮਦਦ ਨਾਲ ਦਿੱਤੀ ਜਾਂਦੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਜਾਗਰੂਕਤਾ ਇਕ ਵਿਸ਼ਵਵਿਆਪੀ ਪ੍ਰੋਗਰਾਮ ਹੈ, ਜਿਸਦਾ ਉਦੇਸ਼ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾਉਣਾ ਹੈ। ਇਸ ਕਲੰਕ ਨਾਲ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਰਹੇ ਹਨ। ਡਾਕਟਰੀ ਜਾਂ ਗੈਰ-ਡਾਕਟਰੀ ਦਵਾਈਆਂ ਦੀ ਲੋੜ ਤੋਂ ਵੱਧ ਖੁਰਾਕ ਮੌਤ ਨੂੰ ਬੁਲਾਵਾ ਦੇਣ ਵਾਲੀ ਗੱਲ ਸਾਬਿਤ ਹੋ ਰਹੀ ਹੈ। ਮਾਰਚ 2020 ਦੇ ਮਹੀਨੇ ਵਿਚ ਵਿਯੇਨਾਨ ਵਿਚ ਹੋਏ ਨਾਰਕੋਟਿਕ ਡਰੱਗਸ ਕਮਿਸ਼ਨ ਦੇ 63ਵੇਂ ਸੈਸ਼ਨ ਵਿਚ ਚਿੰਤਾ ਜ਼ਾਹਿਰ ਕੀਤੀ ਹੈ। ਯੂ.ਐੱਨ. ਕਮਿਸ਼ਨ ਮੁਤਾਬਿਕ ਵਿਸ਼ਵ ਭਰ 'ਚ ਨਾਰਕੋਟਿਕ ਡਰੱਗਜ਼ ਕਾਰਨ ਹੋਣ ਵਾਲੀਆਂ ਸੱਟਾਂ ਤੇ ਦੁਰਘਟਨਾਵਾਂ ਨੂੰ ਰੋਕਣ ਲਈ ਵਿਆਪਕ ਓਵਰਡੋਜ਼ ਰਣਨੀਤੀ ਦੀ ਲੋੜ ਹੈ।

ਕੇਂਦਰੀ ਦਿਮਾਗੀ ਪ੍ਰਣਾਲੀ 'ਤੇ ਅਸਰ ਕਰਨ ਵਾਲੇ ਓਪੀਓਡਜ਼, ਬੇਂਜੋਆਜ਼ਾਈਪਾਈਨਜ਼ ਅਤੇ ਅਲਕੋਹਲ







ਦੀ ਵਰਤੋਂ ਵੱਧ ਰਹੀ ਹੈ। ਲੋੜ ਤੋਂ ਵੱਧ ਬਲੱਡ-ਪ੍ਰੈਸ਼ਰ ਅਤੇ ਨੀਂਦ ਦੀਆਂ ਦਵਾਈਆਂ ਸੈਡੇਟਿਵ ਹੋਣ ਕਰਕੇ ਹਾਰਟ-ਬੀਟ ਤੇ ਸਾਹ-ਪ੍ਰਣਾਲੀ 'ਤੇ ਮਾੜਾ ਅਸਰ ਕਰ ਰਹੀਆਂ ਹਨ। ਇਨਸਾਨ ਦੁਆਰਾ ਓਵਰਡੋਜ਼ ਕਰਕੇ ਮਾਨਸਿਕ ਉਲਝਣਾਂ, ਸਦਮੇ ਅਤੇ ਖੁਦਕਸ਼ੀ ਦੇ ਮਾਮਲੇ ਵੀ ਵਧੇ ਹਨ। ਨਸ਼ੇ ਸਿਰਫ ਉਨ੍ਹਾਂ ਲਈ ਹੁੰਦੇ ਹਨ, ਜੋ ਹਕੀਕਤ ਨੂੰ ਸਵੀਕਾਰ ਜਾਂ ਸੰਭਾਲ ਨਹੀਂ ਸਕਦੇ।

- ਨਸ਼ੇ ਦੇ ਓਵਰਡੋਜ਼ ਦੇ ਲੱਛਣ ਹਰ ਆਦਮੀ ਵਿਚ ਵੱਖ-ਵੱਖ ਹੋ ਸਕਦੇ ਹਨ, ਦੇਖਦੇ ਹੀ ਉਸ ਵਿਅਕਤੀ ਨੂੰ ਹਸਪਤਾਲ ਪਹੁੰਚਾ ਕੇ ਜਾਨ ਬਚਾਉਣ ਦਾ ਯਤਨ ਕਰੋ।
- ਸਾਡੇ ਲਈ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੀ ਪੀੜ੍ਹੀਆਂ ਨੂੰ ਰੋਕਥਾਮ ਲਈ ਓਵਰਡੋਜ਼ ਪ੍ਰਤੀ ਜਾਗਰੂਕ ਕਰੀਏ। ਜ਼ਿਆਦਾ ਜਾਗਰੂਕਤਾ ਸਾਡੇ ਅੱਜ ਅਤੇ ਆਪਣੇ ਕੱਲ੍ਹ ਨੂੰ ਬਚਾਉਣ ਲਈ ਬੜੀ ਮਹੱਤਵਪੂਰਨ ਹੋ ਗਈ ਹੈ।
- ਓਪੀਓਡਜ਼ ਲੈਣ ਵਾਲੇ ਘੱਟ ਦਰਦਾਂ ਦੀ ਹਾਲਤ 'ਚ ਆਪਣੀ ਸਹਿਣਸ਼ੀਲਤਾ ਨੂੰ ਵਧਾਉਣ। ਬਿਨਾਂ ਲੋੜ ਨਸ਼ੀਲੀ ਦਵਾਈ ਜ਼ਿਆਦਾ ਵਰਤੋਂ ਜਾਨ ਲੈ ਵੀ ਸਕਦੀ ਹੈ। ਗੈਰ-ਕਾਨੂੰਨੀ ਜਾਂ 50% ਇਸਤੇਮਾਲ ਕਰਨ ਵਾਲੇ ਆਪਣੇ ਦੋਸਤਾਂ-ਰਿਸ਼ਤੇਦਾਰਾਂ ਤੋਂ ਲੈ ਕੇ ਓਪੀਓਡਜ਼ ਦੀ ਦੁਰਵਰਤੋਂ ਕਰਦੇ ਹਨ।
- ਓਪੀਓਡਜ਼ ਨੂੰ ਕਿਸੇ ਨਾਲ ਸਾਂਝਾ ਕਰਨਾ ਗੈਰ-ਕਾਨੂੰਨੀ ਹੈ, ਇਸ ਤੋਂ ਹਮੇਸ਼ਾ ਬਚੋ।
- ਪ੍ਰੇਸਕ੍ਰਾਈਬਡ ਦਵਾਈਆਂ ਡਰਾਈਵਿੰਗ ਅਤੇ ਆਪਣੇ ਕੰਮ ਦੌਰਾਨ ਇਸਤੇਮਾਲ ਕਰਨ ਲਈ ਆਪਣੇ ਫੈਮਿਲੀ ਡਾਕਟਰ ਨਾਲ ਬਰਾਬਰ ਸੰਪਰਕ ਬਣਾ ਕੇ ਰੱਖੋ।
- ਨੌਜਵਾਨਾਂ ਨੂੰ ਓਪੀਓਡਜ਼ ਤੋਂ ਬਚਾਉਣ ਤੇ ਆਜ਼ਾਦ ਹੋਣ ਲਈ ਮਾਂ-ਬਾਪ ਨੂੰ ਆਪਣੇ ਬੱਚਿਆਂ ਨਾਲ ਮਜ਼ਬੂਤ ਰਿਸ਼ਤੇ ਬਣਾ ਕੇ ਸਮੱਸਿਆ ਦਾ ਹੱਲ ਲੱਭਣਾ ਚਾਹੀਦਾ ਹੈ। ਓਪੀਓਡਜ਼ ਦੀ ਵਰਤੋਂ ਸੰਬੰਧੀ ਨੁਕਸਾਨ ਨਾਲ ਜੂਝ ਰਹੇ ਲੋਕਾਂ ਅਤੇ ਵੱਧ ਰਹੀਆਂ ਮੌਤਾਂ ਲਈ ਇਲਾਜ ਦਾ ਲੱਭਣਾ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ।
- ਸਮੇਂ ਦੇ ਨਾਲ ਨਸ਼ੇ ਪ੍ਰਤੀ ਸਹਿਣਸ਼ੀਲਤਾ ਦੇ ਵਿਕਾਸ ਲਈ ਦਵਾਈ ਲੈਣ ਵਾਲੇ ਨੂੰ ਪਰਿਵਾਰ, ਦੋਸਤ ਅਤੇ ਕਮਿਊਨੀਟੀ ਅੰਦਰ ਕੰਮ ਕਰ ਰਹੀਆਂ ਸੰਸਥਾਵਾਂ ਦੀ ਮਦਦ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਅੰਦਰ ਸਹਿਣਸ਼ੀਲਤਾ ਪੈਦਾ ਕਰਕੇ ਇਸ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ।
- ਇਲਾਜ਼ ਅਤੇ ਰਿਕਵਰੀ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਓਵਰਡੋਜ਼-ਰਿਵਰਸਿੰਗ ਦਵਾਈਆਂ ਦੀ ਵਰਤੋਂ ਨੂੰ ਉਤਸ਼ਾਹਤ ਅਤੇ ਉਪਲਬਧ ਕਰਾਉਣ ਦੀ ਲੋੜ ਹੈ।
- ਓਪੀਓਡ ਵਰਤੋਂ ਸੰਬੰਧੀ ਹਾਲਤ ਦੇ ਇਲਾਜ ਲਈ ਮੇਥਾਡੋਨ, ਬਪ੍ਰੇਨੋਫਾਈਨ ਅਤੇ ਨਲਟਰੇਕਸੋਨ ਆਦਿ ਦਵਾਈਆਂ ਓਪੀਓਡ ਦੀ ਵੱਧ ਰਹੀ ਸਮੱਸਿਆ ਨੂੰ ਕੰਟਰੋਲ ਕਰਨ ਮਦਦ ਕਰ ਸਕਦੀਆਂ ਹਨ। ਦੁਨੀਆਂ ਭਰ ਵਿਚ ਓਪੀਓਡ ਵਰਤੋਂ ਦੀ ਬਿਮਾਰੀ ਅਤੇ ਓਪੀਓਡ ਓਵਰਡੋਜ਼ ਦੀ ਲੜਾਈ ਜਿੱਤਣ ਲਈ ਹਰ ਆਦਮੀ ਨੂੰ ਅੱਗੇ ਆਉਣ ਦੀ ਲੋੜ ਹੈ।
- **ਨੋਟ : ਓਵਰਡੋਜ਼ ਦੇ ਆਮ ਲੱਛਣ ਜਿਵੇਂ** : ਤੁਰਨ-ਫਿਰਨ ਵਿਚ ਅਤੇ ਹਿਲ-ਡੁਲ ਵਿਚ ਰੁਕਾਵਟ, ਨੀਂਦ ਦਾ ਸਾਈਕਲ ਵਿਗੜ ਜਾਣਾ, ਬੁੱਲ ਅਤੇ ਨਾਖੁਨ ਨੀਲੇ ਹੋ ਜਾਣਾ, ਚੱਕਰ, ਸੁਸਤੀ ਦੇ ਨਾਲ ਘਬਰਾਹਟ, ਸਾਹ ਔਖਾ ਆਉਣ ਦੀ ਹਾਲਤ ਵਿਚ ਰੋਗੀ ਨੂੰ ਬਚਾਉਣ ਲਈ 911 'ਤੇ ਕਾਲ ਕਰਨੀ ਚਾਹੀਦੀ ਹੈ।

# ਮਨਾਉਣ ਦੇ ਨਾਲ-ਨਾਲ ਰਕਸ਼ਾ ਬੰਧਨ ਦਾ ਅਰਥ ਵੀ ਸਮਝਣਾ ਪਵੇਗਾ?






**ਪ੍ਰਿਅੰਕਾ ਸੌਰਭ**
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)


ਭੈਣ-ਭਰਾ ਦਾ ਰਿਸ਼ਤਾ ਦੁਨੀਆਂ ਦੇ ਸਾਰੇ ਰਿਸ਼ਤਿਆਂ ਵਿਚ ਸਭ ਤੋਂ ਉੱਪਰ ਹੈ। ਚਾਹੇ ਜੋ ਵੀ ਹੋਵੇ, ਭੈਣ-ਭਰਾ ਸੰਸਾਰ ਦੇ ਸੱਚੇ ਮਿੱਤਰ ਅਤੇ ਇੱਕ ਦੂਜੇ ਦੇ ਮਾਰਗ ਦਰਸ਼ਕ ਹਨ। ਜਦੋਂ ਭੈਣ ਦਾ ਵਿਆਹ ਹੋ ਕੇ ਸਹੁਰੇ ਘਰ ਚਲੀ ਜਾਂਦੀ ਹੈ ਅਤੇ ਭਰਾ ਨੌਕਰੀ ਲਈ ਘਰ ਛੱਡ ਕੇ ਦੂਜੇ ਸ਼ਹਿਰ ਚਲਾ ਜਾਂਦਾ ਹੈ, ਤਾਂ ਮਹਿਸੂਸ ਹੁੰਦਾ ਹੈ ਕਿ ਭੈਣ-ਭਰਾ ਦਾ ਇਹ ਰਿਸ਼ਤਾ ਕਿੰਨਾ ਅਨਮੋਲ ਹੈ। ਸਰਹੱਦ 'ਤੇ ਖੜ੍ਹੇ ਇਕ ਫੌਜੀ ਭਰਾ ਨੂੰ ਆਪਣੀ ਭੈਣ ਦੀ ਕਿੰਨੀ ਯਾਦ ਆਉਂਦੀ ਹੈ ਅਤੇ ਅਜਿਹੇ ਸਮੇਂ ਭੈਣਾਂ ਦੀ ਕੀ ਹਾਲਤ ਹੁੰਦੀ ਹੈ, ਇਸ ਬਾਰੇ ਕੋਈ ਸ਼ਬਦ ਨਹੀਂ ਹੈ। ਰੰਗ-ਬਿਰੰਗੇ ਧਾਗਿਆਂ ਨਾਲ ਬੰਨ੍ਹਿਆ ਇਹ ਪਵਿੱਤਰ ਬੰਧਨ ਸਦੀਆਂ ਪਹਿਲਾਂ ਤੋਂ ਸਾਡੇ ਸੱਭਿਆਚਾਰ ਨਾਲ ਡੂੰਘਾ ਜੁੜਿਆ ਹੋਇਆ ਹੈ। ਇਹ ਤਿਉਹਾਰ ਉਸ ਅਨਮੋਲ ਪਿਆਰ ਦਾ ਬੰਧਨ ਹੈ, ਜੋ ਵੀਰ ਨੂੰ ਆਪਣੀ ਭੈਣ ਦੀ ਹੀ ਨਹੀਂ, ਸਗੋਂ ਦੁਨੀਆਂ ਦੀ ਹਰ ਕੁੜੀ ਦੀ ਰੱਖਿਆ ਲਈ ਬੰਨ੍ਹਦਾ ਹੈ। ਭੈਣ-ਭਰਾ ਦੇ ਆਪਸੀ ਪਿਆਰ, ਸਨੇਹ ਅਤੇ ਕਰਤੱਵ ਦੇ ਬੰਧਨ ਨਾਲ ਜੁੜਿਆ ਤਿਉਹਾਰ ਭੈਣ-ਭਰਾ ਦੇ ਰਿਸ਼ਤੇ ਵਿਚ ਨਵੀਂ ਊਰਜਾ ਅਤੇ ਮਜ਼ਬੂਤੀ ਭਰਦਾ ਹੈ। ਭੈਣਾਂ ਇਸ ਦਿਨ ਬੜੇ ਉਤਸ਼ਾਹ ਨਾਲ ਆਪਣੇ ਭਰਾ ਦੇ ਗੁੱਟ 'ਤੇ ਰੱਖੜੀ ਬੰਨ੍ਹਣ ਲਈ ਉਤਸੁਕ ਹੁੰਦੀਆਂ ਹਨ। ਇਹ ਤਿਉਹਾਰ ਜਿੱਥੇ ਭੈਣ ਦੇ ਭਰਾ ਪ੍ਰਤੀ ਸਨੇਹ ਨੂੰ ਦਰਸਾਉਂਦਾ ਹੈ, ਉੱਥੇ ਭਰਾ ਨੂੰ ਉਸ ਦੇ ਫਰਜ਼ਾਂ ਤੋਂ ਜਾਣੂ ਵੀ ਕਰਵਾਉਂਦਾ ਹੈ।

ਰਕਸ਼ਾਬੰਧਨ ਭੈਣ-ਭਰਾ ਦੇ ਰਿਸ਼ਤੇ ਦਾ ਤਿਉਹਾਰ ਹੈ, ਰਕਸ਼ਾ ਦਾ ਅਰਥ ਹੈ ਸੁਰੱਖਿਆ ਅਤੇ ਬੰਧਨ ਦਾ ਅਰਥ ਹੈ ਬੰਨ੍ਹ। ਰਕਸ਼ਾ ਬੰਧਨ ਦੇ ਦਿਨ ਭੈਣਾਂ ਆਪਣੇ ਭਰਾਵਾਂ ਦੀ ਤਰੱਕੀ ਲਈ ਰੱਬ ਅੱਗੇ ਅਰਦਾਸ ਕਰਦੀਆਂ ਹਨ। ਰੱਖੜੀ ਆਮ ਤੌਰ 'ਤੇ ਭੈਣਾਂ ਦੁਆਰਾ ਭਰਾ ਨੂੰ ਬੰਨ੍ਹੀ ਜਾਂਦੀ ਹੈ ਪਰ ਇਹ ਪਰਿਵਾਰ ਦੀਆਂ ਛੋਟੀਆਂ ਕੁੜੀਆਂ ਦੁਆਰਾ ਬ੍ਰਾਹਮਣਾਂ, ਗੁਰੂਆਂ ਅਤੇ ਸਤਿਕਾਰਤ ਰਿਸ਼ਤੇਦਾਰਾਂ (ਜਿਵੇਂ ਕਿ ਧੀ ਦੁਆਰਾ ਪਿਤਾ) ਨਾਲ ਵੀ ਬੰਨ੍ਹੀ ਜਾਂਦੀ ਹੈ। ਦਰਅਸਲ, ਇਹ ਤਿਉਹਾਰ ਰੱਖੜੀ ਨਾਲ ਜੁੜਿਆ ਹੋਇਆ ਹੈ, ਜੋ ਕਿਸੇ ਦੀ ਰੱਖਿਆ ਲਈ ਵਚਨਬੱਧ ਹੈ। ਜੇਕਰ ਇਸ ਸ਼ੁਭ ਦਿਹਾੜੇ 'ਤੇ ਦੁਨੀਆਂ ਦੀ ਹਰ ਇੱਕ ਬੱਚੀ ਨੂੰ ਆਪਣੀ ਭੈਣ ਦੇ ਨਾਲ-ਨਾਲ ਬਚਾਉਣ ਦਾ ਵਾਅਦਾ ਕੀਤਾ ਜਾਵੇ, ਤਾਂ ਇਸ ਤਿਉਹਾਰ ਦਾ ਮਕਸਦ ਸਹੀ ਅਰਥਾਂ 'ਚ ਪੂਰਾ ਹੋਵੇਗਾ। ਇਸ ਸ਼ੁਭ ਤਿਉਹਾਰ ਦਾ ਆਪਣਾ ਨਿਵੇਕਲਾ ਸੁਨਹਿਰੀ ਇਤਿਹਾਸ ਹੈ ਪਰ ਬਦਲਦੇ ਸਮੇਂ ਦੇ ਨਾਲ ਹੋਰਨਾਂ ਰਿਸ਼ਤਿਆਂ ਵਾਂਗ ਇਸ ਵਿਚ ਵੀ ਕਈ ਬਦਲਾਅ ਆਏ ਹਨ। ਜਿਵੇਂ ਕਿ ਆਧੁਨਿਕਤਾ ਸਾਡੀਆਂ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ 'ਤੇ ਹਾਵੀ ਹੋ ਰਹੀ ਹੈ। ਸੱਭਿਆਚਾਰ ਵਿਚ ਗਿਰਾਵਟ ਦੇ ਨਤੀਜੇ ਵਜੋਂ, ਦਿਖਾਵੇ ਨੇ ਰਿਸ਼ਤਿਆਂ ਵਿਚ ਮਜ਼ਬੂਤੀ ਅਤੇ ਪਿਆਰ ਦੀ ਜਗ੍ਹਾ ਲੈ ਲਈ ਹੈ। ਅੱਜ ਦੇ ਬਦਲਦੇ ਸਮੇਂ ਵਿਚ ਇਸ ਤਿਉਹਾਰ ਦੇ ਨਾਲ-ਨਾਲ ਆਧੁਨਿਕਤਾ ਵੀ ਹਾਵੀ ਹੋਣ ਲੱਗੀ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਇਹ ਪਰੰਪਰਾ ਚੱਲੀ ਆ ਰਹੀ ਹੈ, ਪਰ ਕਿਤੇ ਨਾ ਕਿਤੇ ਅਸੀਂ ਆਪਣੀਆਂ ਕਦਰਾਂ-ਕੀਮਤਾਂ ਨੂੰ ਗੁਆ ਰਹੇ ਹਾਂ।

ਰੰਗ-ਬਿਰੰਗੇ ਧਾਗਿਆਂ ਵਿਚ ਆਪਣੇਪਣ ਦੀ ਭਾਵਨਾ ਅਤੇ ਪਿਆਰ ਦਾ ਨਿੱਘ ਘਟਣਾ ਸ਼ੁਰੂ ਹੋ ਗਿਆ ਹੈ। ਕਿਸੇ ਸਮੇਂ ਰਾਖੀ ਨੂੰ ਲੈ ਕੇ ਜਿਸ ਤਰ੍ਹਾਂ ਦਾ ਸਿਧਾਂਤ ਅਤੇ ਸੰਵੇਦਨਸ਼ੀਲਤਾ ਸੀ, ਸ਼ਾਇਦ ਹੁਣ ਰੁਪਏ ਦੇ ਨਾਂ 'ਤੇ ਉਨ੍ਹਾਂ ਵਿਚ ਦੀਮਕ ਦਿਖਾਈ ਦੇਣ ਲੱਗ ਪਈ ਹੈ, ਨਤੀਜੇ ਵਜੋਂ ਉਹ ਰਿਸ਼ਤਿਆਂ ਵਿਚ ਪਿਆਰ ਦੀ ਥਾਂ ਪੈਸੇ ਲੈਣ ਲੱਗ ਪਏ ਹਨ। ਅਜਿਹੀ ਸਥਿਤੀ ਵਿਚ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਅੱਜ ਫ਼ਰਜ਼ਾਂ ਨਾਲ ਬੰਨ੍ਹੀ ਰੱਖੜੀ ਦਾ ਸਤਿਕਾਰ ਕਰਨ ਦੀ ਬਹੁਤ ਲੋੜ ਹੈ। ਕਿਉਂਕਿ ਰੱਖੜੀ ਦਾ ਇਹ ਅਨਮੋਲ ਰਿਸ਼ਤਾ ਸਿਰਫ਼ ਕੱਚੇ ਧਾਗਿਆਂ ਦੀ ਪ੍ਰੰਪਰਾ ਨਹੀਂ ਹੈ। ਲੈਣ-ਦੇਣ ਦੀ ਪ੍ਰੰਪਰਾ ਵਿਚ ਪਿਆਰ ਦੀ ਕੋਈ ਕੀਮਤ ਨਹੀਂ ਹੈ। ਸਗੋਂ ਜਿੱਥੇ ਵਟਾਂਦਰੇ ਦੀ ਪ੍ਰੰਪਰਾ ਹੋਵੇ, ਪਿਆਰ ਟਿਕ ਨਹੀਂ ਸਕਦਾ, ਉੱਥੇ ਅਟੁੱਟ ਰਿਸ਼ਤੇ ਕਿਵੇਂ ਬਣ ਸਕਦੇ ਹਨ। ਇਤਿਹਾਸ ਵਿਚ ਕ੍ਰਿਸ਼ਨ ਅਤੇ ਦ੍ਰੋਪਦੀ ਦੀ ਕਹਾਣੀ ਮਸ਼ਹੂਰ ਹੈ, ਜਿਸ ਵਿਚ ਯੁੱਧ ਦੌਰਾਨ ਸ਼੍ਰੀ ਕ੍ਰਿਸ਼ਨ ਦੀ ਉਂਗਲੀ ਜ਼ਖਮੀ ਹੋ ਗਈ ਸੀ, ਤਾਂ ਦ੍ਰੋਪਦੀ ਨੇ ਆਪਣੀ ਸਾੜੀ ਦਾ ਇੱਕ ਟੁਕੜਾ ਸ਼੍ਰੀ ਕ੍ਰਿਸ਼ਨ ਦੀ ਜ਼ਖਮੀ ਉਂਗਲੀ ਨਾਲ ਬੰਨ੍ਹ ਦਿੱਤਾ ਸੀ ਅਤੇ ਇਸ ਉਪਕਾਰ ਦੇ ਬਦਲੇ ਸ਼੍ਰੀ ਕ੍ਰਿਸ਼ਨ ਨੇ ਕਿਸੇ ਵੀ ਸੰਕਟ ਵਿਚ ਦ੍ਰੋਪਦੀ ਦੀ ਮਦਦ ਕਰਨ ਦਾ ਵਾਅਦਾ ਕੀਤਾ ਸੀ। ਰੱਖੜੀ ਬੰਧਨ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਪਹਿਲਾਂ ਜਦੋਂ ਵੀ ਖ਼ਤਰੇ ਵਿਚ ਫਸੀ ਭੈਣ ਦਾ ਪਰਛਾਵਾਂ ਆਪਣੇ ਭਰਾ ਨੂੰ ਬੁਲਾਇਆ ਕਰਦਾ ਸੀ, ਤਾਂ ਦੁਨੀਆਂ ਦੀ ਹਰ ਤਾਕਤ ਨਾਲ ਲੜਨ ਤੋਂ ਬਾਅਦ ਵੀ ਭਰਾ ਉਸ ਦੀ ਰਾਖੀ ਲਈ ਕਾਹਲੇ ਹੋ ਜਾਂਦੇ ਸਨ ਅਤੇ ਰੱਖੜੀ ਦਾ ਸਤਿਕਾਰ ਕਰਦੇ ਸਨ।

ਕਿਹਾ ਜਾਂਦਾ ਹੈ ਕਿ ਮੇਵਾੜ ਦੀ ਰਾਣੀ ਕਰਮਾਵਤੀ ਨੂੰ ਬਹਾਦਰ ਸ਼ਾਹ ਦੇ ਮੇਵਾੜ 'ਤੇ ਹਮਲੇ ਦੀ ਅਗਾਊਂ ਸੂਚਨਾ ਮਿਲੀ ਸੀ। ਰਾਣੀ ਲੜਨ ਵਿਚ ਅਸਮਰੱਥ ਸੀ, ਇਸ ਲਈ ਉਸਨੇ ਮੁਗਲ ਬਾਦਸ਼ਾਹ ਹੁਮਾਯੂੰ ਕੋਲ ਰਾਖੀ ਭੇਜੀ ਅਤੇ ਸੁਰੱਖਿਆ ਲਈ ਬੇਨਤੀ ਕੀਤੀ। ਮੁਸਲਮਾਨ ਹੋਣ ਦੇ ਬਾਵਜੂਦ, ਹੁਮਾਯੂੰ ਨੇ ਰਾਖੀ ਦਾ ਸਨਮਾਨ ਰੱਖਿਆ ਅਤੇ ਮੇਵਾੜ ਪਹੁੰਚ ਕੇ ਮੇਵਾੜ ਦੀ ਤਰਫੋਂ ਬਹਾਦਰ ਸ਼ਾਹ ਨਾਲ ਲੜਿਆ ਅਤੇ ਕਰਮਾਵਤੀ ਅਤੇ ਇਸਦੇ ਰਾਜ ਦੀ ਰੱਖਿਆ ਕੀਤੀ। ਜਦੋਂ ਕ੍ਰਿਸ਼ਨ ਨੇ ਸ਼ਿਸ਼ੂਪਾਲ ਨੂੰ ਸੁਦਰਸ਼ਨ ਚੱਕਰ ਨਾਲ ਮਾਰਿਆ, ਤਾਂ ਉਸ ਦੀ ਉਂਗਲ ਨੂੰ ਸੱਟ ਲੱਗ ਗਈ। ਉਸ ਸਮੇਂ ਦਰੋਪਦੀ ਨੇ ਆਪਣੀ ਸਾੜੀ ਪਾੜ ਦਿੱਤੀ ਅਤੇ ਆਪਣੀ ਉਂਗਲੀ 'ਤੇ ਪੱਟੀ ਬੰਨ੍ਹ ਦਿੱਤੀ। ਇਹ ਸ਼ਰਵਣ ਮਹੀਨੇ ਦੀ ਪੂਰਨਮਾਸ਼ੀ ਦਾ ਦਿਨ ਸੀ। ਕ੍ਰਿਸ਼ਨਾ ਨੇ ਬਾਅਦ ਵਿਚ ਪਾੜਨ ਵੇਲੇ ਆਪਣੀ ਸਾੜੀ ਨੂੰ ਲੰਬਾ ਕਰਕੇ ਇਸ ਅਹਿਸਾਨ ਦਾ ਭੁਗਤਾਨ ਕੀਤਾ। ਕਿਹਾ ਜਾਂਦਾ ਹੈ ਕਿ ਰਕਸ਼ਾ ਬੰਧਨ ਦੇ ਤਿਉਹਾਰ ਤੋਂ ਹੀ ਆਪਸੀ ਸੁਰੱਖਿਆ ਅਤੇ ਸਹਿਯੋਗ ਦੀ ਭਾਵਨਾ ਸ਼ੁਰੂ ਹੋਈ ਸੀ। ਅੱਜ ਇੱਕ ਵਾਰ ਫਿਰ ਭੈਣ ਭਰਾਤਰੀ ਭਾਵਨਾ ਦੀਆਂ ਸੀਮਾਵਾਂ ਨੂੰ ਵੰਗਾਰ ਰਹੀ ਹੈ ਕਿਉਂਕਿ ਉਸਦੀ ਉਮਰ ਦਾ ਹਰ ਪੜਾਅ ਅਸੁਰੱਖਿਅਤ ਹੈ, ਉਸਦੀ ਇੱਜ਼ਤ ਅਤੇ ਇੱਜ਼ਤ ਵਾਰ-ਵਾਰ ਖੋਹੀ ਜਾ ਰਹੀ ਹੈ।

ਮੁੰਡਿਆਂ ਨਾਲੋਂ ਵੱਧ ਬੌਧਿਕ ਪ੍ਰਤਿਭਾ ਹੋਣ ਦੇ ਬਾਵਜੂਦ, ਉਹ ਉੱਚ ਸਿੱਖਿਆ ਤੋਂ ਇਨਕਾਰੀ ਹੈ, ਕਿਉਂਕਿ ਆਖ਼ਰਕਾਰ ਉਸਨੂੰ ਘਰ ਦੀ ਦੇਖਭਾਲ ਕਰਨੀ ਪੈਂਦੀ ਹੈ। ਉਸ ਨੂੰ ਨਵੀਂ ਸੱਭਿਅਤਾ ਅਤੇ ਨਵੀਂ ਸੰਸਕ੍ਰਿਤੀ ਤੋਂ ਅਣਜਾਣ ਰੱਖਿਆ ਜਾਂਦਾ ਹੈ, ਤਾਂ ਜੋ ਉਹ ਭਾਰਤੀ ਆਦਰਸ਼ਾਂ ਅਤੇ ਸਿਧਾਂਤਾਂ ਤੋਂ ਬਗਾਵਤ ਨਾ ਕਰ ਲਵੇ। ਇਨ੍ਹਾਂ ਪ੍ਰਤੀਕੂਲ ਹਾਲਾਤਾਂ ਵਿਚ ਉਸ ਦੀ ਯੋਗਤਾ, ਅਧਿਕਾਰ, ਚਿੰਤਨ ਅਤੇ ਜੀਵਨ ਦਾ ਹਰ ਸੁਪਨਾ ਸਹੁੰ ਚੁੱਕਦਾ ਰਹਿੰਦਾ ਹੈ। ਇਸ ਲਈ ਮੇਰਾ ਮੰਨਣਾ ਹੈ ਕਿ ਰੱਖੜੀ ਦੇ ਇਸ ਸ਼ੁਭ ਤਿਉਹਾਰ 'ਤੇ, ਭਰਾਵਾਂ ਨੂੰ ਨਾ ਸਿਰਫ ਆਪਣੀ ਭੈਣ, ਬਲਕਿ ਪੂਰੇ ਵਿਸ਼ਵ ਔਰਤ ਦੀ ਰੱਖਿਆ ਅਤੇ ਸਤਿਕਾਰ ਕਰਨ ਲਈ ਸਹੁੰ ਚੁੱਕਣ ਦੀ ਮਹੱਤਵਪੂਰਨ ਲੋੜ ਹੈ। ਤਾਂ ਹੀ ਰੱਖੜੀ ਦਾ ਇਹ ਪਵਿੱਤਰ ਤਿਉਹਾਰ ਸਾਰਥਕ ਬਣੇਗਾ ਅਤੇ ਭੈਣ-ਭਰਾ ਦਾ ਪਿਆਰ ਧਰਤੀ 'ਤੇ ਸਦੀਵੀ ਬਣਿਆ ਰਹੇਗਾ। ਇਹ ਤਿਉਹਾਰ ਭਾਰਤੀ ਸਮਾਜ ਵਿਚ ਇੰਨਾ ਵਿਆਪਕ ਅਤੇ ਡੂੰਘਾ ਹੈ ਕਿ ਇਸਦੀ ਸਮਾਜਿਕ ਮਹੱਤਤਾ ਹੈ, ਧਰਮ, ਮਿਥਿਹਾਸ, ਇਤਿਹਾਸ, ਸਾਹਿਤ ਅਤੇ ਫਿਲਮਾਂ ਵੀ ਇਸ ਤੋਂ ਅਛੂਤੇ ਨਹੀਂ ਹਨ। ਰਕਸ਼ਾ ਬੰਧਨ ਦਾ ਤਿਉਹਾਰ ਸਮਾਜਿਕ ਅਤੇ ਪਰਿਵਾਰਕ ਏਕਤਾ ਜਾਂ ਏਕਤਾ ਦਾ ਇੱਕ ਸੱਭਿਆਚਾਰਕ ਮਾਪਦੰਡ ਰਿਹਾ ਹੈ।

ਪਰ ਹੁਣ ਚਾਂਦੀ ਅਤੇ ਸੋਨੇ ਦੀਆਂ ਰੱਖੜੀਆਂ ਨੇ ਪਿਆਰ ਦੇ ਰਸ ਵਿਚ ਡੁੱਬੇ ਰੰਗ-ਬਿਰੰਗੇ ਧਾਗਿਆਂ ਦੀ ਥਾਂ ਲੈ ਲਈ ਹੈ, ਇਸ ਲਈ ਇਹ ਸਮਾਜਿਕ ਵਿਹਾਰ ਵਿਚ ਫਰਜ਼ ਸਮਝਣ ਦੀ ਬਜਾਏ, ਰਿਵਾਜ਼ ਨੂੰ ਪੂਰਾ ਕਰਨ ਲਈ ਆ ਗਈ ਹੈ। ਦਿਖਾਵੇ ਨੇ ਪਿਆਰ ਅਤੇ ਸਦਭਾਵਨਾ ਦੀ ਥਾਂ ਲੈ ਲਈ ਹੈ। ਇਸੇ ਲਈ ਰਕਸ਼ਾ ਬੰਧਨ ਵਾਲੇ ਦਿਨ ਸਵੇਰੇ ਉੱਠਦੇ ਹੀ ਹਰ ਕਿਸੇ ਦਾ ਸਟੇਟਸ ਰਕਸ਼ਾ ਬੰਧਨ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨਾਲ ਭਰਿਆ ਹੁੰਦਾ ਹੈ, ਹੁਣ ਭੈਣਾਂ ਦੀ ਬਜਾਏ ਈ-ਕਾਮਰਸ ਸਾਈਟਾਂ ਆਨਲਾਈਨ ਆਰਡਰ ਲੈ ਕੇ ਦਿੱਤੇ ਪਤੇ 'ਤੇ ਰੱਖੜੀ ਪਹੁੰਚਾਉਂਦੀਆਂ ਹਨ। ਜੇਕਰ ਅਸੀਂ ਇਨ੍ਹਾਂ ਰਿਸ਼ਤਿਆਂ ਨੂੰ ਸੋਸ਼ਲ ਮੀਡੀਆ 'ਤੇ ਦਿਖਾਉਣ ਦੀ ਬਜਾਏ ਅਸਲ ਜ਼ਿੰਦਗੀ 'ਚ ਪਿਆਰ ਦੇ ਪਾਣੀ ਨਾਲ ਸਿੰਜ ਦੇਈਏ, ਤਾਂ ਪਰਿਵਾਰ 'ਚ ਹਮੇਸ਼ਾ ਮਜ਼ਬੂਤੀ ਬਣੀ ਰਹੇਗੀ। ਰੱਖੜੀ ਦੇ ਤਿਉਹਾਰ ਦਾ ਮਤਲਬ ਸਿਰਫ਼ ਭੈਣ ਨੂੰ ਦੂਸਰਿਆਂ ਤੋਂ ਬਚਾਉਣਾ ਹੀ ਨਹੀਂ, ਸਗੋਂ ਉਸ ਦੇ ਹੱਕਾਂ ਅਤੇ ਸੁਪਨਿਆਂ ਦੀ ਰਾਖੀ ਕਰਨਾ ਵੀ ਵੀਰ ਦਾ ਫਰਜ਼ ਹੈ, ਪਰ ਕੀ ਸਹੀ ਅਰਥਾਂ ਵਿਚ ਭੈਣ ਦੀ ਰਾਖੀ ਕੀਤੀ ਜਾ ਸਕਦੀ ਹੈ। ਅੱਜ ਦੇ ਸਮੇਂ ਵਿਚ ਰੱਖੜੀ ਦੇ ਫ਼ਰਜ਼ਾਂ ਦੀ ਰਾਖੀ ਕਰਨਾ ਅਤਿਅੰਤ ਜ਼ਰੂਰੀ ਹੋ ਗਿਆ ਹੈ।

ਰੱਖੜੀ ਦੇ ਦਿਹਾੜੇ 'ਤੇ ਮਨੁੱਖ ਨੂੰ ਸਿਰਫ਼ ਆਪਣੀ ਭੈਣ ਦੀ ਰਾਖੀ ਕਰਨ ਦਾ ਪ੍ਰਣ ਨਹੀਂ ਲੈਣਾ ਚਾਹੀਦਾ, ਸਗੋਂ ਸਮੁੱਚੀ ਔਰਤ ਜਗਤ ਦੇ ਮਾਣ-ਸਨਮਾਨ ਅਤੇ ਅਧਿਕਾਰਾਂ ਦੀ ਰਾਖੀ ਦਾ ਪ੍ਰਣ ਲੈਣਾ ਚਾਹੀਦਾ ਹੈ, ਤਾਂ ਜੋ ਰੱਖੜੀ ਦੇ ਫ਼ਰਜ਼ਾਂ ਨੂੰ ਸਹੀ ਅਰਥਾਂ ਵਿਚ ਨਿਭਾਇਆ ਜਾ ਸਕੇ। ਰਕਸ਼ਾ ਬੰਧਨ ਦੇ ਮੌਕੇ 'ਤੇ ਸਾਨੂੰ ਦੇਸ਼ ਅਤੇ ਧਰਮ ਦੀ ਰੱਖਿਆ ਦਾ ਪ੍ਰਣ ਵੀ ਲੈਣਾ ਚਾਹੀਦਾ ਹੈ।

# ਰੋਵਰ ਵੱਲੋਂ ਚੰਦਰਮਾ ਤੋਂ ਭੇਜਿਆ ਜਾ ਰਿਹਾ ਡਾਟਾ ਭਵਿੱਖ ਲਈ ਲਾਹੇਵੰਦ ਸਾਬਿਤ ਹੋ ਸਕਦੈ






**ਸੰਜੀਵ ਝਾਂਜੀ**
ਜਗਰਾਉਂ।
ਸੰਪਰਕ : 80049-10000
(Punjab Mail USA)


ਚੰਦਰਮਾ 'ਤੇ ਗਏ ਚੰਦਰਯਾਨ-3 ਦੇ ਲੈਂਡਰ ਅਤੇ ਰੋਵਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਸਰੋ ਦੇ ਵਿਗਿਆਨੀਆਂ ਨੂੰ ਡਾਟਾ ਭੇਜਣਾ ਸ਼ੁਰੂ ਕਰ ਦਿੱਤਾ ਹੈ। ਵਿਗਿਆਨੀ ਇਸ ਦੀ ਪੜਚੋਲ ਕਰ ਰਹੇ ਹਨ ਅਤੇ ਜਾਣਕਾਰੀਆਂ ਹਾਸਲ ਕਰ ਰਹੇ ਹਨ। ਚੰਦਰਯਾਨ-3 ਦੇ ਆਰਬਿਟਰ ਨੇ ਰੋਵਰ ਅਤੇ ਲੈਂਡਰ ਤੋਂ ਡਾਟਾ ਲੈ ਕੇ ਇਸਰੋ ਨੂੰ ਤਾਪਮਾਨ ਅਤੇ ਇਸ ਵਿਚਲੀਆਂ ਤਬਦੀਲੀਆਂ ਸੰਬੰਧੀ ਭੇਜਿਆ ਹੈ, ਜਿਹੜਾ ਕਿ ਪਹਿਲਾ ਮੰਨੇ ਜਾਂਦੇ ਅਨੁਮਾਨਾਂ ਤੋਂ ਕਾਫੀ ਵੱਖਰਾ ਹੈ।

ਚੰਦਰਮਾ ਧਰਤੀ ਦਾ ਇੱਕੋ ਇੱਕ ਕੁਦਰਤੀ ਉਪਗ੍ਰਹਿ ਹੈ। ਇਹ ਸੂਰਜ ਮੰਡਲ ਵਿਚ ਪੰਜਵਾਂ ਸਭ ਤੋਂ ਵੱਡਾ ਕੁਦਰਤੀ ਉਪਗ੍ਰਹਿ ਹੈ। ਮੰਨਿਆ ਜਾਂਦਾ ਹੈ ਕਿ ਇਹ ਧਰਤੀ ਨਾਲ ਇੱਕ ਵੱਡੇ ਟਕਰਾਅ ਦੀ ਘਟਨਾ ਦੁਆਰਾ ਬਣਿਆ ਸੀ। ਲਗਭਗ ਸਾਢੇ ਚਾਰ ਅਰਬ ਸਾਲ ਪਹਿਲਾ ਇਕ ਥੀਆ ਨਾਂ ਦਾ ਗ੍ਰਹਿ ਧਰਤੀ ਨਾਲ ਟਕਰਾ ਗਿਆ ਸੀ। ਇਹ ਗ੍ਰਹਿ ਸ਼ੁਰੂਆਤੀ ਸਮੇਂ ਦੇ ਸੂਰਜੀ ਸਿਸਟਮ ਵਿਚਲਾ ਇੱਕ ਪੁਰਾਣਾ ਗ੍ਰਹਿ ਸੀ, ਜੋ ਮੰਗਲ ਗ੍ਰਹਿ ਦੇ ਸਾਇਜ਼ ਦੇ ਲਗਭਗ ਬਰਾਬਰ ਜਿਹਾ ਹੀ ਸੀ। ਇਹ ਵੀ ਹੋ ਸਕਦਾ ਹੈ ਕਿ ਇਹ ਬਾਹਰੀ ਸੂਰਜੀ ਸਿਸਟਮ ਵਿਚ ਬਣਿਆ ਹੋਵੇ। ਇਸ ਭਿਆਨਕ ਟੱਕਰ ਦੇ ਨਤੀਜੇ ਵਜੋਂ ਕਾਫੀ ਕੁਝ ਪੁਲਾੜ ਵਿਚ ਇੱਕ ਛੱਲੇ ਦੇ ਰੂਪ ਵਿਚ ਖਿਲਾਰ ਗਿਆ ਅਤੇ ਇਹ ਮਲਬਾ ਹੌਲੀ-ਹੌਲੀ ਖਿੱਚ ਬਲ ਕਰਨ ਇੱਕ ਪੁਲਾੜੀ ਪਿੰਡ ਵਜੋਂ ਇਕੱਠਾ ਹੋਣਾ ਸ਼ੁਰੂ ਹੋ ਗਿਆ। ਅਖੀਰ ਇਸ ਨੇ ਚੰਦਰਮਾ ਦਾ ਰੂਪ ਅਖਤਿਆਰ ਕਰ ਲਿਆ। ਧਰਤੀ ਦੇ ਖਿੱਚ ਬਲ ਵਿਚ ਬੰਨਿਆ ਜਾਣ ਕਾਰਨ ਇਹ ਧਰਤੀ ਦੇ ਆਲੇ-ਦੁਆਲੇ ਚੱਕਰ ਲਗਾਉਣ ਲੱਗਾ ਤੇ ਇਸ ਤਰ੍ਹਾਂ ਇਹ ਧਰਤੀ ਦਾ ਉਪਗ੍ਰਹਿ ਬਣ ਗਿਆ।

ਇਹ ਆਪਣੇ ਆਪ ਨਹੀਂ ਚਮਕਦਾ ਪਰ ਸੂਰਜ ਦੀ ਰੌਸ਼ਨੀ ਨਾਲ ਪ੍ਰਕਾਸ਼ਮਾਨ ਹੁੰਦਾ ਹੈ। ਧਰਤੀ ਤੋਂ ਚੰਦਰਮਾ ਦੀ ਦੂਰੀ 384000 ਕਿਲੋਮੀਟਰ ਹੈ। ਇਹ ਦੂਰੀ ਧਰਤੀ ਦੇ ਵਿਆਸ ਨਾਲੋਂ 30 ਗੁਣਾ ਹੈ। ਚੰਦਰਮਾ ਦੀ ਗੁਰੂਤਾਖਿੱਚ ਧਰਤੀ ਦੇ ਮੁਕਾਬਲੇ 1/6 ਹੈ। ਇਹ ਧਰਤੀ ਦਾ ਚੱਕਰ 27 ਦਿਨ ਅਤੇ 6 ਘੰਟਿਆਂ ਵਿਚ ਪੂਰਾ ਕਰਦਾ ਹੈ ਅਤੇ 27.3 ਦਿਨਾਂ ਵਿਚ ਆਪਣੀ ਧੁਰੀ ਦੁਆਲੇ ਇੱਕ ਚੱਕਰ ਪੂਰਾ ਕਰਦਾ ਹੈ। ਇਹੀ ਕਾਰਨ ਹੈ ਕਿ ਚੰਦਰਮਾ ਦਾ ਸਿਰਫ਼ ਇੱਕ ਪਾਸਾ ਹਮੇਸ਼ਾ ਧਰਤੀ ਵੱਲ ਹੁੰਦਾ ਹੈ। ਅਸੀਂ ਧਰਤੀ ਤੋਂ ਚੰਦਰਮਾ ਦਾ ਸਿਰਫ 59% ਹਿੱਸਾ ਹੀ ਦੇਖ ਸਕਦੇ ਹਾਂ।

ਪੁਲਾੜ ਵਿਚ ਹਾਲੇ ਤੱਕ ਮਨੁੱਖ ਸਿਰਫ ਚੰਦਰਮਾ 'ਤੇ ਹੀ ਕਦਮ ਰੱਖ ਸਕਿਆ ਹੈ। ਸੋਵੀਅਤ ਸੰਘ ਦਾ ਲੂਨਾ-1 ਅਜਿਹਾ ਪਹਿਲਾ ਪੁਲਾੜ ਯਾਨ ਸੀ ਜੋ ਚੰਦਰਮਾ ਦੇ ਨੇੜਿਓਂ ਲੰਘਿਆ ਸੀ। ਪਰ ਲੂਨਾ-2 ਪਹਿਲਾ ਵਾਹਨ ਸੀ ਜੋ ਚੰਦਰਮਾ ਦੀ ਧਰਤੀ 'ਤੇ ਉਤਰਿਆ ਸੀ। ਨਾਸਾ ਨੇ ਅਪੋਲੋ ਪ੍ਰੋਗਰਾਮ ਤਹਿਤ ਹੀ ਮਨੁਖੀ ਮਿਸ਼ਨ ਭੇਜਣ ਦਾ ਕਾਰਨਾਮਾ ਹਾਸਲ ਕੀਤਾ ਹੈ। 1969 ਤੋਂ 1972 ਦੇ ਵਿਚਕਾਰ, ਛੇ ਮਨੁੱਖੀ ਵਾਹਨਾਂ ਨੇ ਚੰਦਰਮਾ ਦੀ ਧਰਤੀ 'ਤੇ ਕਦਮ ਰੱਖਿਆ, ਜਿਨ੍ਹਾਂ ਵਿੱਚੋਂ ਅਪੋਲੋ-11 ਨੇ ਪਹਿਲਾ ਕਦਮ ਰੱਖਿਆ।

ਚੰਦਰਮਾ ਦੇ ਭੂ-ਮੱਧ ਰੇਖਾ 'ਤੇ ਅਮੂਮਨ ਦਿਨ ਦੇ ਸਮੇਂ ਚੰਦ 'ਤੇ ਤਾਪਮਾਨ 250% ਫਾਰੇਨਹਾਈਟ (120% ਸੈਲਸੀਅਸ ਜਾਂ 400 ਕੇਲਵਿਨ) ਤੱਕ ਪਹੁੰਚ ਜਾਂਦਾ ਹੈ ਅਤੇ ਰਾਤ ਨੂੰ ਮਨਫੀ 208 ਡਿਗਰੀ ਫਾਰਨਹਾਈਟ (-130% ਸੈਲਸੀਅਸ, 140 ਕੇਲਵਿਨ) ਤੱਕ ਡਿੱਗ ਜਾਂਦਾ ਹੈ। ਨਾਸਾ ਦੇ ਅਨੁਸਾਰ ਚੰਦਰਮਾ ਦੇ ਧਰੁਵਾਂ ਦੇ ਨੇੜੇ ਕੁਝ ਥਾਵਾਂ 'ਤੇ ਤਾਪਮਾਨ ਹੋਰ ਵੀ ਹੇਠਾਂ ਮਨਫੀ 424% ਫਾਰੇਨਹਾਈਟ (-253% ਸੈਲਸੀਅਸ ਜਾਂ 20 ਕੇਲਵਿਨ) ਤੱਕ ਆ ਸਕਦਾ ਹੈ। ਇਸ ਦਾ ਮੁੱਖ ਕਾਰਨ ਇਹ ਹੋ ਸਕਦਾ ਹੈ ਕਿ ਚੰਦਰਮਾ ਵਿਚ ਗਰਮੀ ਨੂੰ ਰੋਕਣ ਲਈ ਕੋਈ ਚੰਦਰ ਵਾਯੂਮੰਡਲ ਨਹੀਂ ਹੈ।

ਸਫਲ ਲੈਂਡਿੰਗ ਅਤੇ ਰੋਵਰ ਵੱਲੋਂ ਚੰਦਰਮਾ ਦਾ ਛੋਟਾ ਜਿਹਾ ਗੇੜਾ ਲਗਾਉਣ ਉਪਰੰਤ ਚੰਦਰਯਾਨ 3 ਨੇ ਦੱਖਣੀ ਧਰੁਵ ਤੋਂ ਚੰਦਰਮਾ ਦੀ ਸਤ੍ਹਾ ਦੇ ਤਾਪਮਾਨ 'ਤੇ ਆਪਣੀ ਪਹਿਲੀ ਖੋਜ ਭੇਜੀ ਹੈ। ਇਸਰੋ ਦੁਆਰਾ ਪੇਸ਼ ਕੀਤੇ ਗਏ ਗ੍ਰਾਫ ਵਿਚ ਚੰਦਰਮਾ ਦੀ ਸਤ੍ਹਾ ਦੇ ਤਾਪਮਾਨ ਨੂੰ ਵਿਕਰਮ ਪੇਲੋਡ ਦੁਆਰਾ ਵੱਖ-ਵੱਖ ਡੂੰਘਾਈ 'ਤੇ ਜਾਂਚਿਆ ਗਿਆ ਹੈ। ਤਾਪਮਾਨ ਜ਼ਮੀਨ 'ਤੇ ਲਗਭਗ 50 ਡਿਗਰੀ ਸੈਲਸੀਅਸ ਰਹਿੰਦਾ ਹੈ। ਅਤੇ ਇਹ ਸਤ੍ਹਾ ਤੋਂ 20 ਮਿਲੀਮੀਟਰ ਦੀ ਉਚਾਈ 'ਤੇ 60 ਡਿਗਰੀ ਤੋਂ ਵੱਧ ਜਾਂਦਾ ਹੈ। ਰੋਵਰ ਨੇ ਜ਼ਮੀਨ ਪੁੱਟ ਕੇ 80 ਮਿਲੀਮੀਟਰ ਦੀ ਡੂੰਘਾਈ 'ਤੇ ਇਹ 10 ਡਿਗਰੀ ਸੈਲਸੀਅਸ ਨੋਟ ਕੀਤਾ ਹੈ। ਸ਼ੁਰੂਆਤੀ ਗ੍ਰਾਫ਼ ਨੇ ਦਿਖਾਇਆ ਕਿ ਪਾਰਾ ਦਾ ਪੱਧਰ 10 ਡਿਗਰੀ ਸੈਲਸੀਅਸ ਤੋਂ 60 ਡਿਗਰੀ ਸੈਲਸੀਅਸ ਤੱਕ ਬਦਲਦਾ ਹੈ, ਜੋ ਡੂੰਘਾਈ 'ਤੇ ਨਿਰਭਰ ਕਰਦਾ ਹੈ। ਇਹ ਧਰਤੀ ਨਾਲੋਂ ਵੱਖਰਾ ਹੈ, ਕਿਉਂਕਿ ਧਰਤੀ 'ਤੇ, ਜਦੋਂ ਅਸੀਂ ਇਸਦੀ ਸਤ੍ਹਾ ਦੇ ਕੁਝ ਸੈਂਟੀਮੀਟਰ ਹੇਠਾਂ ਜਾਂਦੇ ਹਾਂ, ਤਾਂ ਤਾਪਮਾਨ ਵਿਚ ਸਿਰਫ 2-3 ਡਿਗਰੀ ਦੀ ਤਬਦੀਲੀ ਹੀ ਮੁਸ਼ਕਿਲ ਨਾਲ ਆਉਂਦੀ ਹੈ। ਚੰਦਰਮਾ ਦੇ ਸ਼ਿਵਸ਼ਕਤੀ ਬਿੰਦੂ, ਜਿਥੇ ਚੰਦਰਯਾਨ ਦਾ ਲੈਂਡਰ ਉਤਰਿਆ ਸੀ, ਤੇ ਸਤ੍ਹਾ ਅਤੇ 8 ਸੈਂਟੀਮੀਟਰ ਡੂੰਘਾਈ 'ਤੇ 50 ਡਿਗਰੀ ਫਰਕ ਦਿਖਾਉਂਦਾ ਹੈ। ਹੋਰ ਆਉਣ ਵਾਲੀਆਂ ਪੜਚੋਲਾਂ ਤਾਪਮਾਨ ਵਿਚ ਇਸ ਭਾਰੀ ਅੰਤਰ ਦੇ ਕਾਰਨ ਨੂੰ ਸਮਝਣ ਦੇ ਯੋਗ ਬਣਾ ਸਕਦੀਆਂ ਹਨ। ਚੰਦਰਯਾਨ-3 ਦਾ ਵਿਕਰਮ ਲੈਂਡਰ ਅਤੇ ਪ੍ਰਗਿਆਨ ਰੋਵਰ ਉਥੇ ਮੌਜੂਦ ਪਾਣੀ-ਬਰਫ਼ ਦੇ ਭੰਡਾਰਾਂ ਦਾ ਅਧਿਐਨ ਕਰਨ ਅਤੇ ਚੰਦਰਮਾ ਦੀ ਮਿੱਟੀ ਦੇ ਹਿੱਸਿਆਂ ਦੀ ਪੁਣ-ਛਾਨ ਕਰਨ ਦੀ ਕੋਸ਼ਿਸ਼ ਵੀ ਕਰ ਰਿਹਾ ਹੈ, ਇਸ ਨਾਲ ਸਾਨੂੰ ਇਹ ਸਮਝਣ ਵਿਚ ਮਦਦ ਮਿਲੇਗੀ ਕਿ ਕੀ ਇਸ ਪਾਣੀ ਤੋਂ ਆਕਸੀਜਨ ਅਤੇ ਬਾਲਣ ਕੱਢਿਆ ਜਾ ਸਕਦਾ ਹੈ? ਜੇ ਇਹ ਕੋਸ਼ਿਸ਼ ਕਾਮਯਾਬ ਰਹੀ ਅਤੇ ਚੰਦਰਮਾ ਤੇ ਬਾਲਣ (ਈਂਧਨ) ਦੀ ਪ੍ਰਾਪਤੀ ਹੋ ਸਕਦੀ ਹੋਈ, ਤਾਂ ਆਉਣ ਵਾਲੇ ਪੁਲਾੜੀ ਮਿਸ਼ਨਾਂ ਲਈ ਇਹ ਬਹੁਤ ਲਾਹੇਵੰਦ ਸਾਬਿਤ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ ਚੰਦਰਮਾ ਫਿਰ ਇੱਕ ਬੇਸ ਕੈਂਪ ਵਜੋਂ ਕਾਰਜ ਕਰੇਗਾ ਅਤੇ ਅਗਾਹ ਜਾਣ ਵਾਲੇ ਪੁਲਾੜੀ ਯਾਨ ਇਥੋਂ ਈਂਧਨ ਪ੍ਰਾਪਤ ਕਰ ਸਕਣਗੇ। ਆਓ ਇਸ ਦੀ ਸਫਲਤਾ ਦੀ ਉਮੀਦ ਕਰੀਏ।

## "ਭਾਦੋਂ ਪਏ ਵਿਛੋੜੇ"

ਸਾਉਣ ਮਹੀਨੇ ਕੱਠੀਆਂ ਹੋਈਆਂ
ਭਾਦੋਂ ਵਿਚ ਵਿਛੋੜੇ ਪੈ ਗਏ।
ਸਹੁਰਿਆਂ ਤੋਂ ਜੋ ਪੇਕੇ ਆਈਆਂ
ਕੰਤ ਕਈਆਂ ਦੇ ਆਕੇ ਲੈ ਗਏ।
ਲੱਗ ਕੇ ਗਲ਼ੇ ਸਹੇਲੀਆਂ ਮਿਲੀਆਂ
ਅੱਖੀਆਂ ਵਿਚੋਂ ਅੱਥਰੂ ਬਹਿ ਗਏ।
ਤੀਆਂ 'ਚ ਕੱਠੀਆਂ ਪਾਈਆਂ ਪੀਘਾਂ
ਗਿੱਧੇ ਯਾਦਾਂ ਦੇ ਵਿਚ ਰਹਿ ਗਏ।
ਗਾਏ ਗੀਤ ਬੋਲੀਆਂ ਪਾਈਆਂ
ਕਈਆਂ ਦੇ ਤਾਂ ਗਲ਼ੇ ਹੀ ਬਹਿ ਗਏ।
ਰੱਖੜੀ ਵਾਲੇ ਦਿਨ ਫਿਰ ਭਾਈ
ਭੈਣੇ ਰੱਖੜੀ ਬੰਨ੍ਹਜਾ ਕਹਿ ਗਏ।
ਦੇਸ਼ ਵਿਦੇਸ਼ੋਂ ਆਏ ਪਰਿੰਦੇ
ਆਪੋ ਆਪਣੇ ਰਾਹੇ ਪੈ ਗਏ।
ਭਾਦੋਂ ਮਨ ਦੇ ਭਰਮ ਮਿਟਾਕੇ
"ਗਿੱਲ ਮਲਕੀਤ" ਅਲਵਿਦਾ ਕਹਿ ਗਏ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)



## ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ। (ਕੋਰੜਾ ਛੰਦ)

ਸਾਲ ਪਿੱਛੋਂ ਆਉਂਦਾ, ਇੱਕ ਵਾਰ ਵੀਰਨਾ
ਰੱਖੜੀ ਦਾ ਸੋਹਣਾ, ਹੈ ਤਿਉਹਾਰ ਵੀਰਨਾ
ਪਰ ਤੂੰ ਕਨੇਡਾ, ਗਿਆਂ ਵੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਭੈਣ ਤੇ ਭਰਾ ਦੀ, ਹੈ ਤਮੰਨਾਂ ਰੱਖੜੀ
ਚਿਤ ਕਰੇ ਅੱਜ, ਤੈਨੂੰ ਬੰਨ੍ਹਾਂ ਰੱਖੜੀ
ਘੜੀ ਮੈਂ ਉਡੀਕਾਂ, ਆਜਾ ਨੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਕਿਹੜੀ ਮਜਬੂਰੀ, ਜੋ ਵਿਦੇਸ਼ ਵੱਸਿਆ
ਭੈਣ ਨੂੰ ਕਦੇ ਨਾ, ਅੱਜ ਤੱਕ ਦੱਸਿਆ
ਖੋਲ੍ਹ ਰਾਜ਼ ਕਦੇ, ਤਾਂ ਰਹੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਚਾਂਦੀ ਦੀ ਬਣਾ ਕੇ, ਸਾਂ ਲਿਆਈ ਰੱਖੜੀ
ਸੋਹਣੇ ਤੇਰੇ ਗੁੱਟ 'ਤੇ, ਸਜਾਈ ਰੱਖੜੀ
ਵੇਖ ਫੋਟੋ ਰੋ ਕੇ, ਲੈਂਦੀ ਹੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਇੱਕ ਇੱਕ ਧਾਗੇ 'ਚੋਂ, ਪਿਆਰ ਲੱਭ ਕੇ
ਫਰਜ਼ ਕਿਸੇ 'ਚੋਂ, ਅਧਿਕਾਰ ਲੱਭ ਕੇ
ਕਰਕੇ ਪਛਾਣ, ਘੱਟ ਜੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਡਾਲਰਾਂ ਦੇ ਉੱਤੇ, ਕਾਹਨੂੰ ਜਾਵੇਂ ਡੁੱਲ੍ਹਿਆ
ਕੰਮ ਤੈਨੂੰ ਚੇਤੇ, ਪਰ ਭੈਣ ਭੁੱਲਿਆ
ਹੋਈ ਮਜਬੂਰ, ਹਾਂ ਬੇਵੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

ਅੰਮੜੀ ਦਾ ਜਾਇਆ, ਖੁਸ਼ ਰਹੇ ਮਾਲਕਾ
ਤੱਤੀ 'ਵਾ ਕਦੇ ਵੀ, ਉਹ ਨਾ ਸਹੇ ਮਾਲਕ
ਮੰਗਦੀ ਦੁਆਵਾਂ, ਇਹੋ ਬੱਸ ਵੀਰਿਆ
ਰੱਖੜੀ ਮੈਂ ਬੰਨ੍ਹਾਂ, ਕੀਹਨੂੰ ਦੱਸ ਵੀਰਿਆ।

-ਨਿਰਮਲ ਸਿੰਘ ਰੱਤਾ
84270-07623
(Punjab Mail USA)

## ਸੱਜਣ-ਅਖੌਤੀ ਰਿਸ਼ਤੇਦਾਰ

ਰਿਸ਼ਤਿਆਂ ਦੇ ਮਖੌਟੇ ਪਾ ਕੇ ਖੇਡਾਂ ਖੇਡੇ ਸਾਡੇ ਨਾਲ,
ਇਹ ਨਾ ਸਮਝੀਂ ਸਾਨੂੰ ਕੁਝ ਵੀ ਪਤਾ ਨਹੀਂ।
ਉੱਤੋਂ ਹੋਰ ਤੇ ਅੰਦਰੋਂ ਹੋਰ ਤੂੰ ਸੱਜਣਾ ਵੇ,
ਕਿੱਦਾਂ ਮੰਨੀਏ ਤੇਰੀ ਕੋਈ ਵੀ ਖਤਾ ਨਹੀਂ।
ਸਾਨੂੰ ਵਰਤ ਕੇ ਤੇਰਾ ਹੁਣ ਜੇ ਸਰਦਾ ਏ,
ਸਾਨੂੰ ਵੀ ਬਿਨ ਤੇਰੇ ਫਰਕ ਹੁਣ ਰਤਾ ਨਹੀਂ।
ਸਾਥ ਤੇਰਾ ਹੁਣ ਲੱਗਦਾ ਏ ਇੱਕ ਜੇਲ੍ਹ ਜਿਹਾ,
ਨਾ ਵਰਤਣ ਦਾ ਪਾਇਆ ਭਾਵੇਂ ਮਤਾ ਨਹੀਂ।
ਮੰਨਦੇ ਆਂ ਤੂੰ ਪੈਸੇ ਬਹੁਤ ਕਮਾ ਲਏ ਨੇ,
ਐਪਰ ਇੱਜ਼ਤਾਂ ਦਾ ਕੋਈ ਪਤਾ ਸਤਾ ਨਹੀਂ।
ਘਰ ਤਾਂ ਸੁਣਿਐ ਪਾ ਲਏ ਵੱਡੇ-ਵੱਡੇ ਤੂੰ,
ਪਰ ਫ਼ਾਇਦਾ ਕੀ ਜੇ ਦਿਲ ਵਿਚ ਭੋਰਾ ਜਗ੍ਹਾ ਨਹੀਂ।
'ਚੀਮਾ' ਮੁੱਢ ਕਦੀਮੋਂ ਦਿਲ ਦਾ ਰਾਜਾ ਏ,
ਤੂੰ ਜੋ ਸਮਝੇਂ! ਦਰ ਤੇਰੇ ਦਾ ਮੰਗਤਾ ਨਹੀਂ।

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬ ਨੰ: 98889-40211
(Punjab Mail USA)



## ਚੰਦ ਦਾ ਚਾਅ

ਚਾੜ੍ਹ ਦਿੱਤਾ ਹੈ, ਇਸਰੋ ਨੇ ਵੀ ਚੰਦ ਨਵਾਂ,
ਚੰਦਰਯਾਨ ਜਾ ਪਹੁੰਚਾ, ਚੱਲਦਾ ਰਵਾਂ ਰਵਾਂ।

ਪੈ ਰਿਹਾ ਸੀ ਧਮੱਚੜ, ਕਾਫੀ ਸਾਲਾਂ ਤੋਂ,
ਕਈਆਂ ਸਿਰ ਫੜ ਕੀਤੇ, ਜ਼ਰਬਾਂ, ਘਟਾਓ, ਜਮ੍ਹਾਂ।

ਜੱਕੋ ਤੱਕੀ ਵਿਚ ਕਈ, ਫੋਕੇ ਫਾਇਰ ਵੀ ਹੋਏ,
ਤਰੀਕਾਂ ਹੁੰਦੀਆਂ ਰਹੀਆਂ, ਕਈ ਹੀ ਅਗਾਂਹ ਪਿਛਾਂਹ।

ਘਿਸਰਦਾ ਘਿਸਰਦਾ ਇਸਰੋ, ਆਖ਼ਰ ਜਿੱਤ ਗਿਆ,
ਪੈਰ ਜਮਾਏ ਜਿੱਥੇ ਕੋਈ, ਪਹਿਲਾਂ ਪਹੁੰਚਾ ਨਾ।

ਸ਼ੁਭ ਹਨੂਮਾਨ ਚਾਲੀਸਾ, ਪੜ੍ਹਿਆ ਕਈਆਂ ਨੇ,
ਤਾਹੀਓਂ ਚਾਲੀ ਦਿਨ ਦਾ, ਲੱਗਿਆ ਵਕਤ ਇੰਨਾ।

ਟੱਲ ਖੜਕੇ ਹਰ ਪਾਸੇ, ਮੰਦਰਾਂ, ਧਾਮਾਂ ਦੇ,
ਬੋਲ੍ਹੇ ਕਈ ਕਰ ਦਿੱਤੇ, ਬੁੱਢੇ ਅਤੇ ਜਵਾਂ।

ਬਾਬੇ, ਕਈ ਨਜੂਮੀ, ਥਾਪੀਆਂ ਮਾਰ ਰਹੇ,
ਕਹਿਣ ਸਾਡੇ ਜਾਦੂ ਨੇ, ਕੀਤੇ ਸਭ ਹੈਰਾਂ।

ਕਾਮਯਾਬੀ ਵਿਚ ਹਰ ਕੋਈ, ਝੰਡੀ ਪੱਟ ਬਣਦਾ,
ਹਾਰ ਜਾਣ 'ਤੇ ਸਾਰੇ ਹੁੰਦੇ, ਉਰਾਂਹ ਪਰਾਂਹ।

ਉਂਗਲੀਆਂ ਕਈ ਚਿੱਥ ਗਏ, ਪਾ ਕੇ ਮੂੰਹਾਂ ਵਿਚ,
ਯਕੀਨ ਹੀ ਨਹੀਂ ਆਉਂਦਾ, ਗੋਰਿਆਂ 'ਤੇ ਚੀਨਣਿਆਂ।

ਡੇਢ ਅਰਬ ਭਾਰਤੀ, ਵਜਾਵਣ ਕੱਛਾਂ ਹੁਣ,
ਹਰ ਕੋਈ ਚਾਹੇ ਮੈਂ, ਚੰਦ 'ਤੇ ਜਾ ਪੈਰ ਧਰਾਂ।

ਗਰੀਬੀ ਦੀ ਚੱਕੀ ਪੀਂਹਦਾ, ਹਰੇਕ ਪ੍ਰਾਣੀ ਵੀ,
ਸੁਪਨੇ ਵਿਚ ਹੀ ਪਾਉਣਾ, ਚਾਹੁੰਦਾ ਚੰਦਰਮਾ।

ਧਰਤੀ ਸਾਡੀ ਗਰੀਬੀ, ਦੂਰ ਤਾਂ ਕਰ ਨਾ ਸਕੀ,
ਚੰਦ 'ਤੇ ਜਾ ਕੇ ਕਿਉਂ ਨਾ, ਮੁਸ਼ੱਕਤ ਫੇਰ ਕਰਾਂ।

ਦੰਪਤੀਆਂ ਨੂੰ ਫਿਕਰ ਹੈ, ਕਰਵਾ ਚੌਥ ਦਾ ਹੁਣ,
ਕਿੰਝ ਗੁਜ਼ਰੇਗਾ ਚੰਦ 'ਤੇ, ਵਰਤਾਂ ਦਾ ਸਮਾਂ।

ਚੌਦਾਂ ਦਿਨ ਦਾ ਵਰਤ 'ਤੇ, ਰੱਖਿਆ ਨਹੀਂ ਜਾਣਾ,
ਜੀਵਨ ਵਿਚ ਆਵੇਗਾ, ਔਖਾ ਵਕਤ ਘਣਾ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)



## ਬਦੇਸ਼ੀ ਕਮਿਊਨਿਟੀ ਸੈਂਟਰ

ਕਈ ਦਿਨ ਮਨ 'ਚ ਕਰ ਕੇ ਵਿਚਾਰ,
ਹੋਏ 'ਕੱਠੇ ਮੈਂ ਤੇ ਮੇਰਾ ਜਿਗਰੀ ਯਾਰ।
ਚੱਲ ਉੱਠ ਯਾਰਾ ਆਪਾਂ ਦੋਵੇਂ ਚੱਲੀਏ,
ਸੀਨੀਅਰ ਸੈਂਟਰ ਵਾਲਾ ਰਾਹ ਮੱਲੀਏ।

ਚੁੱਕ ਲਈ ਚਾਬੀ ਜਾ ਬੈਠੇ ਵਿਚ ਕਾਰ,
ਤੁਰ ਪਏ ਫਿਰ ਸੈਂਟਰ ਨੂੰ ਆਖ਼ਰਕਾਰ।
ਮਸਾਂ ਹੀ ਕਿਤੇ ਖੁੱਲ੍ਹਿਆ ਸੀ ਮਹੂਰਤ,
ਪਤਾ ਜਾ ਕੀਤਾ ਉੱਥੇ ਕੀ-ਕੀ ਸਹੂਲਤ।

ਖੜ੍ਹੀ ਕਰਕੇ ਗੱਡੀ ਨੂੰ ਸੜਕ ਕਿਨਾਰੇ,
ਪਹੁੰਚੇ ਹਾਲ 'ਚ ਜਿੱਥੇ ਬੈਠੇ ਸੀ ਸਾਰੇ।
ਬਿਆਨ ਕਰਾਂ ਜੋ ਤੱਕਿਆ ਸੀ ਮੰਜ਼ਰ,
ਕੁਰਸੀ-ਮੇਜ਼ 'ਤੇ ਛੱਕ ਰਹੇ ਸੀ ਲੰਗਰ।

ਲਗਭਗ ਸੱਤਰ-ਅੱਸੀ ਬੰਦੇ ਸੀ ਖਾਂਦੇ,
ਉੱਚੀ ਹੱਸ ਹਾਸੇ ਲੁੱਡੀਆਂ ਸੀ ਪਾਉਂਦੇ।
ਅੰਗਰੇਜ਼ੀ ਸੰਗੀਤ ਧੀਮੀ ਧੁਨ ਵੱਜਦੀ,
ਕਸਰਤ ਕਰੇ ਬੁਢਾਪਾ ਨਸ ਨਸ ਨੱਚਦੀ।

ਸੋਫ਼ਾ ਸੈੱਟ ਮੱਲੇ ਸੀ ਭਿੰਨ-ਭਿੰਨ ਲੋਕਾਂ,
ਗੱਪ-ਸ਼ੱਪ ਨਾਲ਼ੇ ਚੱਲਦੀਆਂ ਸੀ ਜੋਕਾਂ।*
ਜੱਗ ਤੋਂ ਬੇਖ਼ਬਰ ਹੋ ਮੌਜਾਂ ਸੀ ਮਾਣਦੇ,
ਕੁੱਝ ਅਣਜਾਣੇ ਤੇ ਕੁੱਝ ਕੁ ਸੀ ਜਾਣਦੇ।

ਵੇਖੀ ਬੈਠੀ ਖੂੰਜੇ ਵਿਚ ਸੀ ਇੱਕ ਢਾਣੀ,
ਬਾਦਸ਼ਾਹ ਬਰੋਬਰ ਸੀ ਯੱਕਾ ਤੇ ਰਾਣੀ।
ਸੀਪ ਤੇ ਤੰਬੋਲੇ ਵਾਲੀ ਸੀ ਖੇਡ ਰਚਾਈ,
ਲਾਂਦੇ ਹਿਸਾਬ 'ਤੇ ਸੀ ਚੁੱਪ ਜਿਹੀ ਛਾਈ।

ਪੜ੍ਹਦੇ ਸ਼ੌਕੀਨ ਨਾਹੀਂ ਕਿਸੇ ਤੋਂ ਘੱਟ ਸੀ,
ਨੱਕ 'ਤੇ ਐਨਕਾਂ ਉਂਝ ਪਹਿਨੇ ਪੱਟ ਸੀ।**
ਛੱਡ ਪਰਿਵਾਰ ਦੇ ਰੁਝੇਵੇਂ ਲੱਗੇ ਆਹਰ ਸੀ,
ਕੱਲੇ-ਕੱਲੇ ਬਾਹਲ਼ੇ ਕੋਈ-ਕੋਈ ਨਾਰ ਸੀ।

ਹਰ ਮਹੀਨੇ ਇੱਕ ਨਵਾਂ ਟੂਰ ਬਣਾਉਂਦੇ,
ਵਾਂਗ ਜਵਾਈ ਚੰਗੀ ਥਾਂ-ਥਾਂ ਘੁੰਮਾਉਂਦੇ।
ਸੀਨੀਅਰ ਸਿਟੀਜ਼ਨ ਖੁਸ਼-ਖੁਸ਼ ਰੱਖਦੇ,
ਹੱਡ ਭੰਨਾਇਆਂ ਦਾ ਮਾਣ-ਤਾਣ ਰੱਖਦੇ।

ਚੰਗੀ ਹੈ ਸਰਕਾਰ ਬੁਢਾਪਾ ਵਿਚਾਰਦੀ,
ਕੀਤੀ ਹੋਈ ਸੇਵਾ ਦਾ ਮੁੱਲ ਹੈ ਤਾਰਦੀ।
ਸਭ ਕੁੱਝ ਮੁਫ਼ਤ ਹੈ ਧੇਲਾ ਨ੍ਹੀਂ ਲੱਗਦਾ,
ਦੇਖਕੇ ਨੂਰਪੁਰੀ ਦਿਲ ਜਾਂਦਾ ਠੱਗਦਾ।

-ਸੇਵਾ ਸਿੰਘ "ਨੂਰਪੁਰੀ"
(Punjab Mail USA)

*ਜੋਕਾਂ- ਠੱਠਾ, ਮਖੌਲ
**ਪੱਟ- ਕੀਮਤੀ ਕੱਪੜੇ



## ਇਸ਼ਕਾ ਸਲਾਮ ਤੈਨੂੰ...

ਜੇ ਸਿਰ ਕਿਸੇ ਚੜ੍ਹ ਜਾਏ ਪਰਬਤ ਵੀ ਚੀਰ ਦੇਵੇ,
ਸਾੜ ਕੋਈ ਥਲਾਂ ਵਿਚ ਆਪਣਾ ਸਰੀਰ ਦੇਵੇ।
ਸ਼ਹਿਜ਼ਾਦਿਆਂ ਦੇ ਪਾਸੋਂ ਮੱਝਾਂ ਚਰਾ ਦਏ ਤੂੰ,
ਕੰਨਾਂ 'ਚ ਪਾ ਕੇ ਮੁੰਦਰਾਂ ਦਰ-ਦਰ ਮੰਗਾ ਦਏ ਤੂੰ।
ਦੇਂਦੀ ਹੈ ਦੁਨੀਆਂ ਰੱਬ ਤੋਂ ਦੂਜਾ ਮੁਕਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਦਿੱਤੀ ਕਿਸੇ ਆਹੂਤੀ ਕੱਚੇ ਘੜੇ 'ਤੇ ਤਰਕੇ,
ਯਾਰਾਂ ਤਾਈਂ ਖਲਾਇਆ ਪੱਟਾਂ ਦਾ ਮਾਸ ਧਰ ਕੇ।
ਦੇਖੇ ਨਾ ਕੋਈ ਦਿਨ ਨੂੰ ਦੇਖੇ ਨਾ ਰਾਤ ਕੋਈ,
ਦੇਖੇ ਨਾ ਤੂੰ ਉਮਰ ਨੂੰ ਪਰਖੇ ਨਾ ਜਾਤ ਕੋਈ।
ਚੜ੍ਹ ਕੇ ਕਿਸੇ ਨੇ ਸੂਲੀ ਦਿੱਤਾ ਅੰਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਘਰ-ਬਾਰ ਧਰਮ ਰਿਸ਼ਤੇ ਸਭ ਕੁਝ ਭੁਲਾ ਦਏਂ ਤੂੰ,
ਸ਼ੋਹਰਤ ਸਿਹਤ ਤੇ ਦੌਲਤ ਸਭ ਕੁਝ ਗਵਾ ਦਏ ਤੂੰ।
ਤੂੰ ਹੀ ਤੂੰ ਹੀ ਤੂੰ ਹੀ ਤੂੰ ਅਪਣੀ ਨਾ ਸਾਰ ਕੋਈ,
ਨਹੀਂ ਡਰ ਉਲ੍ਹਾਮਿਆਂ ਦਾ ਦੇਵੇ ਹਜ਼ਾਰ ਕੋਈ।
ਆਪਣੇ ਲਹੂ ਦਾ ਆਸ਼ਕ ਦੇਂਦੇ ਨੇ ਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਤੇਰੀ ਗਲੀ 'ਚ ਆਉਣਾ ਸਿਰ ਨੂੰ ਤਲੀ 'ਤੇ ਧਰਨਾ,
ਖੁਦ 'ਚੋਂ ਖੁਦੀ ਗਵਾ ਕੇ ਪੈਂਦਾ ਹੈ ਜੀਂਦੇ ਮਰਨਾ।
ਪਾਗਲ ਕਹੇ ਜ਼ਮਾਨਾ ਹੱਸ-ਹੱਸ ਕੇ ਟਾਲ ਦੇਣਾ,
ਖੁਦ ਹੌਕਿਆਂ ਦੀ ਅੱਗ ਵਿਚ ਸਧਰਾਂ ਨੂੰ ਬਾਲ ਦੇਣਾ।
ਦੁਨੀਆਂ ਦੀ ਹਰ ਨਿਆਮਤ ਸਭ ਕੁਝ ਹਰਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।
ਇਕ ਧਾਰ ਆਪਣੇ ਤੋਂ ਦੁਨੀਆਂ ਨੂੰ ਹੇਚ ਜਾਣੇ,
ਛੱਡ ਕੇ ਤੇ ਬਾਦਸ਼ਾਹੀਆਂ ਦਰ-ਦਰ ਦੀ ਖਾਕ ਛਾਣੇ।
ਬੁੱਲ੍ਹੇ ਦੇ ਵਾਂਗ ਨੱਚ-ਨੱਚ ਤੈਨੂੰ ਕੋਈ ਮਨਾਏ,
ਦੁਨੀਆਂ ਤੋਂ ਹੋ ਬਰਕਤ ਤੇਰੇ ਹੀ ਗੀਤ ਗਾਏ।
ਆਖਣ ਸਿਆਣੇ 'ਦਰਦੀ' ਸਭ ਬੇਲਗਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।

-ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526
(Punjab Mail USA)




## 'ਯਾਦ ਰੱਖਣ ਯੋਗ ਗੱਲਾਂ'

### ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਕੁਦਰਤ ਦਾ ਨਿਯਮ ਹੈ ਕਿ ਪੱਤਝੜ ਤੋਂ ਬਾਅਦ ਬਹਾਰ ਆਉਣੀ ਹੀ ਹੁੰਦੀ ਹੈ, ਲਿਹਾਜ਼ਾ ਛੋਟੀ-ਮੋਟੀ ਮੁਸੀਬਤ ਵਿਚ ਘਬਰਾਇਆ ਨਾ ਕਰੋ।
- ਦੁਨੀਆਂ ਦਾ ਸਭ ਤੋਂ ਵੱਡਾ ਧੋਖਾ ਖੁਦ ਨੂੰ (ਆਪਣੇ ਆਪ) ਨੂੰ ਧੋਖਾ ਦੇਣਾ ਹੁੰਦਾ ਹੈ।
- ਜਿਸ ਪੁਲਿਸ ਅਫਸਰ ਨੇ ਨਸ਼ਿਆਂ ਨੂੰ ਨੱਥ ਪਾਉਣੀ ਹੁੰਦੀ ਸੀ, ਉਸ ਦਾ ਪਤਾ ਉਦੋਂ ਲੱਗਦਾ ਸੀ, ਜਦੋਂ ਦੋ-ਚਾਰ ਦੇ ਚਲਾਨ ਹੋ ਜਾਂਦੇ ਸਨ, ਜਿਹੜਾ ਆਉਂਦੇ ਹੀ ਦਬਕਾ ਮਾਰੇ ਮੈਂ ਨਸ਼ੇ ਨਹੀਂ ਵਿਕਣ ਦੇਣੇ, ਉਸ ਦਾ ਸਭ ਨੂੰ ਪਤਾ ਹੁੰਦਾ ਸੀ..., ਹੁਣ ਤਾਂ ਚੁੱਪ ਹੀ ਭਲੀ ਹੈ। ਇਹ ਡਿਊਟੀ ਮੰਤਰੀ ਕਰਦੇ ਹਨ।
- ਗਰੀਬ ਦੀ ਹਾਅ ਅਤੇ ਮੂਰਖ ਦੀ ਸਲਾਹ ਲੈਣ ਤੋਂ ਹਮੇਸ਼ਾਂ ਬਚੋ।
- ਦੋਸਤੋ, ਆਪਣੇ ਮਾਤਾ-ਪਿਤਾ ਜੀ ਅਤੇ ਹੋਰ ਜਿਨ੍ਹਾਂ ਨੂੰ ਵੀ ਪਿਆਰ ਕਰਦੇ ਹੋ, ਸਮਾਂ ਦਿਆ ਕਰੋ ਕਿਉਂਕਿ ਸਮਾਂ ਹੀ ਹੈ, ਜੋ ਜਿਉਂਦੇ ਜੀਅ ਦਿੱਤਾ ਜਾ ਸਕਦਾ ਹੈ, ਤਾਜਮਹਿਲ ਸਾਰੀ ਦੁਨੀਆਂ ਨੇ ਵੇਖਿਆ ਹੈ ਪਰ ਮੁਮਤਾਜ ਨੇ ਨਹੀਂ।
- ਡਾਰਾਂ ਵਿਚ ਸਾਧਾਰਨ ਪੰਛੀ ਉੱਡਦੇ ਹਨ, ਇਕੱਲੇ ਉੱਡਣ ਵਾਲਿਆਂ ਦੇ ਖੰਭ ਮਜ਼ਬੂਤ ਹੁੰਦੇ ਹਨ..., ਬਾਜ਼ਾਂ ਦੀਆਂ ਡਾਰਾਂ ਨਹੀਂ ਹੁੰਦੀਆਂ।
- ਖੁਸ਼ੀਆਂ ਭਾਲਣ ਵਾਸਤੇ ਕੰਮ ਕਰੋਗੇ, ਤਾਂ ਖੁਸ਼ੀ ਨਹੀਂ ਮਿਲੇਗੀ.., ਖੁਸ਼ ਹੋ ਕੇ ਕੰਮ ਕਰੋਗੇ, ਤਾਂ ਬਿਅੰਤ ਖੁਸ਼ੀਆਂ ਪਾਓਗੇ।
- ਦੋ ਲੱਖ ਦੇ ਕਰਜ਼ਾਈ ਨੂੰ ਚਿੰਤਾ ਹੁੰਦੀ ਹੈ ਕਿ ਮੈਂ ਕਰਜ਼ਾ ਕਿਵੇਂ ਉਤਾਰਨਾ ਹੈ..., ਦਸ ਕਰੋੜ ਦੇ ਕਰਜਾਈ ਨੂੰ ਕੋਈ ਚਿੰਤਾ ਨਹੀਂ ਹੁੰਦੀ, ਉਸ ਦੀ ਚਿੰਤਾ ਬੈਂਕ ਕਰਦਾ ਹੈ ਕਿ ਇਹ ਪੈਸਾ ਲੈਣਾ ਕਿਵੇਂ ਹੈ?

(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
REALTOR CA DRE licence # 01490567
Gurjatinder S. Randhawa
web: www.RealtorRandhawa.com
916-320-9444
garysingh123@yahoo.com